I N T E R N A T I O N A L
# ਪੰਜਾਬੀ ਟ੍ਰਿਬਿਊਨ
BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca
Vol.32 / No.21
22 May, 2026
੮ ਜੇਠ ਨਾਨਕਸ਼ਾਹੀ ਸੰਮਤ ੫੫੭

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

Sarup Singh Chandi
Ph: 604-572-5050
1st & 2nd Mortgage
Fast and Easy Approval
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey




## ਕੈਨੇਡਾ ਦੇ ਇਤਿਹਾਸ ’ਚ 23 ਮਈ ਦਾ ਅਹਿਮ ਦਿਨ ਜਦੋਂ 1914 ਨੂੰ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਵੈਨਕੂਵਰ ਦੀ ਬੰਦਰਗਾਹ ’ਤੇ ਪਹੁੰਚਿਆ ਸੀ

ਕੈਨੇਡਾ ਦੇ ਇਤਿਹਾਸ ਵਿੱਚ 23 ਮਈ ਦਾ ਦਿਨ ਬੇਹੱਦ ਅਹਿਮ ਦਿਨ ਹੈ ਜਦੋਂ ਸਾਲ 1914 ਨੂੰ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਵੈਨਕੂਵਰ ਦੀ ਬੰਦਰਗਾਹ ‘ਤੇ ਨੂੰ ਪਹੁੰਚਿਆ ਸੀ ਅਤੇ ਇਸ ‘ਚ ਸਵਾਰ 376 ਦੇ ਕਰੀਬ ਮੁਸਾਫ਼ਰਾਂ, ਜਿਨ੍ਹਾਂ ‘ਚ ਸਭ ਤੋਂ ਵੱਧ ਸਿੱਖ ਸਨ, ਨੂੰ ਉਸ ਸਮੇਂ ਦੀ ਨਸਲਵਾਦੀ ਸਰਕਾਰ ਨੇ ਕੈਨੇਡਾ ਦੀ ਧਰਤੀ ‘ਤੇ ਉੱਤਰਨ ਨਹੀਂ ਸੀ ਦਿੱਤਾ ਅਤੇ ਵਾਪਸ ਜਾਣ ਲਈ ਮਜ਼ਬੂਰ ਕੀਤਾ ਸੀ। ਇਸ ਦੁਖਾਂਤ ਲਈ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੁਆਫੀ ਮੰਗੀ ਜਾ ਚੁੱਕੀ ਹੈ। » ਵਿਸ਼ੇਸ਼ ਲੇਖ ਸਫ਼ਾ 10 ’ਤੇ

## ਗੁਰਮੋਹ ਦੇ ਪਰਿਵਾਰ ਵਲੋਂ ਵੈਨਕੂਵਰ ਤੋਂ ਵਿਕਟੋਰੀਆ ਤੱਕ 120 ਕਿਲੋਮੀਟਰ ਦੀ ਪੈਦਲ ਯਾਤਰਾ ਸ਼ੁਰੂ

ਸਰੀ, (ਏਕਜੋਤ ਸਿੰਘ): ਸੂਬਾਈ ਸਰਕਾਰ ਵੱਲੋਂ ਦੁਰਲੱਭ ਬੀਮਾਰੀ ਨਾਲ ਜੂਝ ਰਹੇ ਮਰੀਜ਼ਾਂ ਦੀ ਬਾਂਹ ਨਾ ਫੜਨ ਕਾਰਨ ਪੀੜਤ ਪਰਿਵਾਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸੇ ਸਰਕਾਰੀ ਬੇਰੁਖ਼ੀ ਖਿਲਾਫ ਆਵਾਜ਼ ਬੁਲੰਦ ਕਰਨ ਅਤੇ ਆਮ ਲੋਕਾਂ ਨੂੰ ਇਸ ਗੰਭੀਰ ਮਸਲੇ ਪ੍ਰਤੀ ਜਾਗਰੂਕ ਕਰਨ ਦੇ ਇਰਾਦੇ ਨਾਲ ਇੱਕ ਬੱਚੇ ਦੇ ਮਾਪਿਆਂ ਨੇ ਸੰਘਰਸ਼ ਦਾ ਰਾਹ ਚੁਣਿਆ ਹੈ। ਦੁਰਲੱਭ ਬੀਮਾਰੀ ਤੋਂ ਪੀੜਤ ਗੁਰਮੋਹ ਦੇ ਮਾਪਿਆਂ ਵੱਲੋਂ ਵੈਨਕੂਵਰ ਤੋਂ ਵਿਕਟੋਰੀਆ ਸਥਿਤ » ਬਾਕੀ ਸਫ਼ਾ 31 ’ਤੇ




ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ ਗਦਰੀ ਬਾਬਿਆਂ ਅਤੇ ਅਕਾਲੀ ਬੱਬਰਾਂ ਨੂੰ ਸਮਰਪਿਤ ਸਲਾਨਾ 58ਵਾਂ ਖੇਡ ਮੇਲਾ ਸਫਲਤਾਪੂਰਵਕ ਸੰਪੰਨ। ਪ੍ਰਬੰਧਕਾਂ ਵਲੋਂ ਖਿਡਾਰੀਆਂ ਅਤੇ ਦਰਸ਼ਕਾਂ ਦਾ ਸਹਿਯੋਗ ਲਈ ਅਤੀ ਧੰਨਵਾਦ। ਸ: ਜਗਿੰਦਰ ਸਿੰਘ ਸੁੰਨੜ ਦੀ ਵਿਸ਼ੇਸ਼ ਰਿਪੋਰਟ ਪੜੋ ਸਫ਼ਾ 31 ’ਤੇ ਅਤੇ ਮੇਲੇ ਨਾਲ ਸਬੰਧਤ ਫੋਟੋਆਂ ਵੇਖੋ ਸਫ਼ਾ 17 ’ਤੇ

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
✔ First-time home buyers
✔ Mortgage renewals
✔ Refinancing solutions
✔ Construction mortgage
✔ Purchase or Refinance
Amarpal Singh
Mortgage Advisor
Call : 604.338.7310
CENTUM MORTGAGE

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
AANCHAL GHAI NOTARY PUBLIC
NAVDEEP KAUR GILL NOTARY PUBLIC
Payal Business Centre
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ਼ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888
80th AVE., SURREY

A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ਼ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ? ਤਾਂ ਸਾਨੂੰ Suction Denture ਬਾਰੇ ਜਾਣਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ ’ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ ’ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928
128St. Surrey BC V3W 4E8

# ਵੈਨਕੂਵਰ ਬੋਰਡ ਆਫ਼ ਟਰੇਡ ਵਿੱਚ ਪ੍ਰਧਾਨ ਮੰਤਰੀ ਕਾਰਨੀ ਦਾ ਵੱਡਾ ਬਿਆਨ, ਵਿਸ਼ਵ ਊਰਜਾ ਸੰਕਟ ਵਿੱਚ ਕੈਨੇਡਾ ਨਿਭਾਏਗਾ ਭੂਮਿਕਾ

## ਬੀ.ਸੀ. ਦੇ ਪ੍ਰੀਮੀਅਰ ਦੀ ਫੈਡਰਲ ਸਰਕਾਰ ਨੂੰ ਚੇਤਾਵਨੀ, ਤੇਲ ਟੈਂਕਰਾਂ 'ਤੇ ਲੱਗੀ ਪਾਬੰਦੀ ਹਟਾਉਣਾ ਮਨਜ਼ੂਰ ਨਹੀਂ

ਸਰੀ, (ਏਕਜੋਤ ਸਿੰਘ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਦੇ ਪ੍ਰੀਮੀਅਰ ਡੇਵਿਡ ਈਬੀ ਨਾਲ ਮੁਲਾਕਾਤ ਤੋਂ ਪਹਿਲਾਂ ਵੈਨਕੂਵਰ ਵਿੱਚ ਵਪਾਰੀਆਂ ਦੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਵੇਲੇ ਪੂਰੀ ਦੁਨੀਆ ਇੱਕ ਭਿਆਨਕ 'ਊਰਜਾ ਸੰਕਟ' ਵਿੱਚੋਂ ਲੰਘ ਰਹੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਈਰਾਨ ਅਤੇ ਆਲੇ-ਆਲੇ ਦੇ ਖੇਤਰਾਂ ਵਿੱਚ ਚੱਲ ਰਹੇ ਤਣਾਅ ਕਾਰਨ ਤੇਲ ਅਤੇ ਗੈਸ ਦੀ ਸਪਲਾਈ ਪ੍ਰਭਾਵਿਤ ਹੋਈ ਹੈ, ਜਿਸ ਕਾਰਨ ਈਂਧਨ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਅਜਿਹੀ ਸਥਿਤੀ ਵਿੱਚ ਕੈਨੇਡਾ ਇੱਕ ਸਥਿਰ ਅਤੇ ਭਰੋਸੇਮੰਦ ਭਾਈਵਾਲ ਵਜੋਂ ਵਿਸ਼ਵ ਦੀ ਮਦਦ ਕਰ ਸਕਦਾ ਹੈ ਅਤੇ ਆਪਣੀ ਆਰਥਿਕਤਾ ਨੂੰ ਵੀ ਮਜ਼ਬੂਤ ਕਰ ਸਕਦਾ ਹੈ।



ਪ੍ਰਧਾਨ ਮੰਤਰੀ ਕਾਰਨੀ ਨੇ ਆਪਣੇ ਆਰਥਿਕ ਏਜੰਡੇ ਨੂੰ ਪੇਸ਼ ਕਰਦਿਆਂ ਕਿਹਾ ਕਿ ਫੈਡਰਲ ਸਰਕਾਰ ਨਵੇਂ ਪ੍ਰੋਜੈਕਟਾਂ ਦੀ ਮਨਜ਼ੂਰੀ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਪੱਛਮੀ ਤੱਟ ਤੱਕ ਇੱਕ ਨਵੀਂ ਤੇਲ ਪਾਈਪਲਾਈਨ ਲਿਜਾਣ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਬੀ.ਸੀ. ਸਰਕਾਰ ਨੂੰ ਅਸਿੱਧੇ ਰੂਪ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇੱਥੇ ਪ੍ਰੋਜੈਕਟਾਂ ਦਾ ਲਗਾਤਾਰ ਵਿਰੋਧ ਹੁੰਦਾ ਰਿਹਾ, ਤਾਂ ਓਟਾਵਾ ਦੇਸ਼ ਦੇ ਦੂਜੇ ਸੂਬਿਆਂ ਵਿੱਚ ਨਿਵੇਸ਼ ਕਰਨ ਵੱਲ ਧਿਆਨ ਦੇਵੇਗਾ। ਕਾਰਨੀ ਨੇ ਕਿਹਾ ਕਿ ਪਾਈਪਲਾਈਨ ਨੂੰ ਉਦੋਂ ਹੀ ਅੱਗੇ ਵਧਾਇਆ ਜਾਵੇਗਾ ਜਦੋਂ ਕਾਰਬਨ ਕੈਪਚਰ ਤਕਨੀਕ (Pathways) ਦੀ ਵਰਤੋਂ ਕੀਤੀ ਜਾਵੇਗੀ ਅਤੇ ਸਥਾਨਕ ਮੂਲ ਨਿਵਾਸੀਆਂ ਨੂੰ ਵੀ ਇਸ ਦਾ ਵਿੱਤੀ ਲਾਭ ਮਿਲੇਗਾ।

ਉਧਰ, ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਨੇ ਪ੍ਰਧਾਨ ਮੰਤਰੀ ਕਾਰਨੀ ਅਤੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਵਿਚਕਾਰ ਹੋਏ ਸਮਝੌਤੇ ਦੀ ਸਖ਼ਤ ਆਲੋਚਨਾ ਕੀਤੀ ਹੈ। ਈਬੀ ਨੇ ਕਿਹਾ ਕਿ ਕੇਂਦਰ ਸਰਕਾਰ ਅਲਬਰਟਾ ਦੇ ਵੱਖਵਾਦੀ ਨੇਤਾਵਾਂ ਦੇ ਮਾੜੇ ਵਿਵਹਾਰ ਨੂੰ ਦੇਖ ਕੇ ਉਨ੍ਹਾਂ ਨੂੰ ਤਰਜੀਹ ਦੇ ਰਹੀ ਹੈ, ਜੋ ਬਿਲਕੁਲ ਗਲਤ ਹੈ। ਉਹ ਉੱਤਰੀ ਬੀ.ਸੀ. ਵਿੱਚੋਂ ਤੇਲ ਪਾਈਪਲਾਈਨ ਲੰਘਾਉਣ ਦੇ ਪੂਰੀ ਤਰ੍ਹਾਂ ਖ਼ਿਲਾਫ਼ ਹਨ। ਦੋਵਾਂ ਨੇਤਾਵਾਂ ਦੀ ਅਧਿਕਾਰਤ ਬੈਠਕ ਦੌਰਾਨ ਈਬੀ ਨੇ ਕੈਮਰਿਆਂ ਦੇ ਸਾਹਮਣੇ ਸਪਸ਼ਟ ਕੀਤਾ ਕਿ ਦੇਸ਼ ਦੇ ਵਿਕਾਸ ਦੇ ਨਾਲ-ਨਾਲ ਵਾਤਾਵਰਣ ਦੀ ਸੁਰੱਖਿਆ ਵੀ ਜ਼ਰੂਰੀ ਹੈ ਅਤੇ ਉੱਤਰੀ ਤੱਟ 'ਤੇ ਲੱਗੀ ਤੇਲ ਟੈਂਕਰਾਂ ਦੀ ਪਾਬੰਦੀ ਨੂੰ ਹਟਾਉਣ ਦਾ ਕੋਈ ਵੀ ਪ੍ਰਸਤਾਵ ਸਵੀਕਾਰ ਨਹੀਂ ਕੀਤਾ ਜਾਵੇਗਾ।

ਇਸ ਦੌਰਾਨ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰੇ ਪੋਇਲੀਏਵਰੇ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸਾਂਝੀ ਕਰਕੇ ਲਿਬਰਲ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕੈਨੇਡੀਅਨ ਊਰਜਾ ਨੂੰ ਕੌਮਾਂਤਰੀ ਬਾਜ਼ਾਰ ਤੱਕ ਪਹੁੰਚਾਉਣ ਵਿੱਚ ਬਹੁਤ ਦੇਰੀ ਕਰ ਰਹੀ ਹੈ। ਪੋਇਲੀਏਵਰੇ ਨੇ ਉਦਾਹਰਨ ਦਿੱਤੀ ਕਿ ਜਿਵੇਂ ਯੂਕਰੇਨ ਯੁੱਧ ਤੋਂ ਬਾਅਦ ਜਰਮਨੀ ਨੇ ਰੂਸੀ ਤੇਲ 'ਤੇ ਨਿਰਭਰਤਾ ਖਤਮ ਕਰਨ ਲਈ ਬਹੁਤ ਤੇਜ਼ੀ ਨਾਲ ਨਵੇਂ ਗੈਸ ਪਲਾਂਟ ਬਣਾਏ ਸਨ, ਕੈਨੇਡਾ ਨੂੰ ਵੀ ਉਸੇ ਰਫ਼ਤਾਰ ਨਾਲ ਕਾਰਬਨ ਟੈਕਸ ਖਤਮ ਕਰਕੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਚਾਹੀਦਾ ਹੈ। This report was written by Ekjot Singh as part of the Local Journalism Initiative.

# ਨੌਰਥ ਥੌਂਪਸਨ ਨਦੀ ਵਿੱਚ ਕਾਰ ਡਿੱਗਣ ਕਾਰਨ ਦਰਦਨਾਕ ਹਾਦਸਾ, ਕਾਰ 'ਚ ਦੋ ਲੋਕ ਸਨ ਸਵਾਰ

ਸਰੀ, (ਏਕਜੋਤ ਸਿੰਘ): ਕੈਮਲੂਪਸ ਵਿੱਚ ਬੀਤੇ ਦਿਨੀਂ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿੱਥੇ ਇੱਕ ਕਾਰ ਨੌਰਥ ਥੌਂਪਸਨ ਨਦੀ ਵਿੱਚ ਜਾ ਡਿੱਗੀ। ਇਸ ਹਾਦਸੇ ਵਿੱਚ ਕਾਰ ਚਲਾ ਰਹੀ 24 ਸਾਲਾ ਮਹਿਲਾ ਦੇ ਨਦੀ ਵਿੱਚ ਡੁੱਬਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਇਹ ਘਟਨਾ ਸ਼ਾਮ ਨੂੰ ਲਗਭਗ 6:21 ਵਜੇ ਸੂਬਰਟ ਡਰਾਈਵ ਅਤੇ ਬਰਚ ਐਵੇਨਿਊ ਦੇ ਨੇੜੇ ਵਾਪਰੀ, ਜਿੱਥੇ ਕਾਰ ਬੇਕਾਬੂ ਹੋ ਕੇ ਸਿੱਧੀ ਤੇਜ਼ ਵਹਾਅ ਵਾਲੀ ਨਦੀ ਵਿੱਚ ਚਲੀ ਗਈ। ਹਾਦਸੇ ਦੇ ਤੁਰੰਤ ਬਾਅਦ ਉੱਥੇ ਮੌਜੂਦ 3 ਰਾਹਗੀਰਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਨਦੀ ਵਿੱਚ ਛਾਲ ਮਾਰ ਦਿੱਤੀ। ਉਨ੍ਹਾਂ ਨੇ ਕਾਰ ਵਿੱਚ ਸਵਾਰ ਇੱਕ 21 ਸਾਲਾ ਮਹਿਲਾ ਯਾਤਰੀ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਚਸ਼ਮਦੀਦਾਂ ਅਨੁਸਾਰ ਪਾਣੀ ਦਾ ਪੱਧਰ ਉੱਚਾ ਅਤੇ ਵਹਾਅ ਬਹੁਤ ਤੇਜ਼ ਹੋਣ ਕਾਰਨ 24 ਸਾਲਾ ਡਰਾਈਵਰ ਮਹਿਲਾ ਦੇਖਦੇ ਹੀ ਦੇਖਦੇ ਅੱਖਾਂ ਤੋਂ ਦੂਰ ਹੋ ਗਈ ਅਤੇ ਕਾਰ ਪਾਣੀ ਵਿੱਚ ਪੂਰੀ ਤਰ੍ਹਾਂ ਡੁੱਬ ਗਈ।

ਇਸ ਹਾਦਸੇ ਵਿੱਚ ਬਚਾਈ ਗਈ ਮਹਿਲਾ ਯਾਤਰੀ ਅਤੇ ਉਸ ਦੀ ਮਦਦ ਕਰਨ ਵਾਲੇ ਇੱਕ ਰਾਹਗੀਰ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਜਿਨ੍ਹਾਂ ਨੂੰ ਇਲਾਜ ਲਈ ਰਾਇਲ ਇਨਲੈਂਡ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਕੈਮਲੂਪਸ ਆਰਸੀਐਮਪੀ, ਬੀਸੀ ਐਂਬੂਲੈਂਸ ਸਰਵਿਸ ਅਤੇ ਫਾਇਰ ਐਂਡ ਰੈਸਕਿਊ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ।

ਫਾਇਰ ਬ੍ਰਿਗੇਡ ਦੀ ਟੀਮ ਨੇ ਤੁਰੰਤ ਬਚਾਅ ਕਿਸ਼ਤੀ ਰਾਹੀਂ ਭਾਲ ਸ਼ੁਰੂ ਕੀਤੀ, ਪਰ ਤੇਜ਼ ਵਹਾਅ ਕਾਰਨ ਸਫਲਤਾ ਨਹੀਂ ਮਿਲੀ। ਖਰਾਬ ਰੋਸ਼ਨੀ ਕਾਰਨ ਰਾਤ ਨੂੰ ਰੋਕੀ ਗਈ ਭਾਲ ਅਗਲੇ ਦਿਨ ਦੁਬਾਰਾ ਹਵਾਈ ਸੇਵਾਵਾਂ ਦੀ ਮਦਦ ਨਾਲ ਸ਼ੁਰੂ ਕੀਤੀ ਗਈ ਹੈ।


# ਬਿਲਨ ਫਾਰਮਜ਼ ਲਿਮਟਡ



## ਸਾਨੂੰ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।

- ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬੀ.ਸੀ. ਤੋਂ ਬਾਹਰੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।

ਪਰੂਨਿੰਗ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰਨ

ਭੁਪਿੰਦਰ ਕੌਰ ਸਰਾਂ
ਸੁਪਰਵਾਈਜ਼ਰ
778-837-4410

ਗੁਰਜੀਤ ਬੋਇਆਲ
ਸੁਪਰਵਾਈਜ਼ਰ
604-812-1115

ਭਜਨ ਸਿੰਘ
604-726-3405

ਜਸਵਿੰਦਰ ਬੱਲ
604-230-9506

ਜਰਨੈਲ ਬਿਲਨ
604-250-2703

ਜਗਤਾਰ ਸਿੰਘ ਨਾਗਰਾ
604-724-3813

ਬਲਵੀਰ ਸਿੰਘ ਭੁੱਲਰ
778-871-0066

# ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਕੈਨੇਡਾ ਵਿੱਚ ਮਹਿੰਗਾਈ ਦਰ 2.8 ਫੀਸਦੀ ਤੱਕ ਪਹੁੰਚੀ

### ਮਹਿੰਗਾਈ ਵਿੱਚ ਵਾਧੇ ਦੇ ਬਾਵਜੂਦ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਸਥਿਰ ਰੱਖਣ ਦੇ ਆਸਾਰ

ਸਰੀ, (ਏਕਜੋਤ ਸਿੰਘ): ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ ਕੈਨੇਡਾ ਵਿੱਚ ਖਪਤਕਾਰ ਮਹਿੰਗਾਈ ਦਰ ਅਪ੍ਰੈਲ ਮਹੀਨੇ ਵਿੱਚ ਵਧ ਕੇ 2.8 ਫੀਸਦੀ ਹੋ ਗਈ ਹੈ। ਪਿਛਲੇ ਮਹੀਨੇ ਯਾਨੀ ਮਾਰਚ ਵਿੱਚ ਇਹ ਦਰ 2.4 ਫੀਸਦੀ ਸੀ। ਇਸ ਵਾਧੇ ਦਾ ਮੁੱਖ ਕਾਰਨ ਈਰਾਨ ਵਿੱਚ ਚੱਲ ਰਹੀ ਜੰਗ ਅਤੇ ਇਸ ਦੇ ਨਤੀਜੇ ਵਜੋਂ ਗਲੋਬਲ ਤੇਲ ਬਾਜ਼ਾਰ ਵਿੱਚ ਆਈ ਅਨਿਸ਼ਚਿਤਤਾ ਨੂੰ ਮੰਨਿਆ ਜਾ ਰਿਹਾ ਹੈ। ਖਾਸ ਤੌਰ ਉੱਤੇ ਹੋਰਮੁਜ਼ ਦੀ ਖਾੜੀ ਦੇ ਬੰਦ ਹੋਣ ਕਾਰਨ ਕੱਚੇ ਤੇਲ ਦੀ ਸਪਲਾਈ ਪ੍ਰਭਾਵਿਤ ਹੋਈ ਹੈ, ਜਿਸ ਕਾਰਨ ਕੈਨੇਡਾ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਆਪਣੇ ਸਿਖਰਾਂ ਨੂੰ ਛੂਹ ਰਹੀਆਂ ਹਨ।




ਸਟੈਟਿਸਟਿਕਸ ਕੈਨੇਡਾ ਦੀ ਰਿਪੋਰਟ ਦੱਸਦੀ ਹੈ ਕਿ ਪਿਛਲੇ ਮਹੀਨੇ ਈਂਧਨ ਅਤੇ ਤੇਲ ਦੀਆਂ ਕੀਮਤਾਂ ਵਿੱਚ 28.6 ਫੀਸਦੀ ਦਾ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਵਿੱਤ ਮੰਤਰੀ ਫਰਾਂਸੋਇਸ-ਫਿਲਿਪ ਸ਼ੈਂਪੇਨ ਨੇ ਇਸ ਸਥਿਤੀ ਉੱਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਉਹ ਸਮਝਦੇ ਹਨ ਕਿ ਗਲੋਬਲ ਚੁਣੌਤੀਆਂ ਦਾ ਸਿੱਧਾ ਅਸਰ ਕੈਨੇਡੀਅਨਾਂ ਦੇ ਰੋਜ਼ਾਨਾ ਜੀਵਨ ਅਤੇ ਉਹਨਾਂ ਦੀ ਖਰੀਦ ਸ਼ਕਤੀ ਉੱਤੇ ਪੈ ਰਿਹਾ ਹੈ। ਉਹਨਾਂ ਕਿਹਾ ਕਿ ਜਦੋਂ ਅਸੀਂ ਖਾੜੀ ਦੇ ਸੰਕਟ ਜਾਂ ਵਿਸ਼ਵ ਅਰਥਚਾਰੇ ਦੀ ਗੱਲ ਕਰਦੇ ਹਾਂ, ਤਾਂ ਆਮ ਲੋਕਾਂ ਲਈ ਇਸ ਦਾ ਮਤਲਬ ਸਿਰਫ ਮਹਿੰਗਾਈ ਅਤੇ ਘਰ ਦਾ ਬਜਟ ਹੈ।

ਇਸ ਮਹਿੰਗਾਈ ਦਰ ਦੇ ਵਧਣ ਨਾਲ ਬੈਂਕ ਆਫ ਕੈਨੇਡਾ ਉੱਤੇ ਵਿਆਜ ਦਰਾਂ ਵਧਾਉਣ ਦਾ ਦਬਾਅ ਵੀ ਵਧ ਸਕਦਾ ਹੈ, ਕਿਉਂਕਿ ਬੈਂਕ ਦਾ ਟੀਚਾ ਮਹਿੰਗਾਈ ਨੂੰ 1 ਤੋਂ 3 ਫੀਸਦੀ ਦੇ ਦਾਇਰੇ ਵਿੱਚ ਰੱਖਣਾ ਹੈ। ਹਾਲਾਂਕਿ, ਕਈ ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਮੌਜੂਦਾ ਸਥਿਤੀ ਵਿੱਚ ਬੈਂਕ ਨੂੰ ਵਿਆਜ ਦਰਾਂ ਵਿੱਚ ਵਾਧਾ ਨਹੀਂ ਕਰਨਾ ਚਾਹੀਦਾ। ਨਰਡ ਵਾਲਿਟ ਕੈਨੇਡਾ ਦੇ ਨਿੱਜੀ ਵਿੱਤ ਮਾਹਰ ਕਲੇਅ ਜਾਰਵਿਸ ਦਾ ਕਹਿਣਾ ਹੈ ਕਿ ਜੇਕਰ ਅਸੀਂ ਗੈਸ ਦੀਆਂ ਕੀਮਤਾਂ ਨੂੰ ਇੱਕ ਪਾਸੇ ਰੱਖ ਕੇ ਦੇਖੀਏ, ਤਾਂ ਮਹਿੰਗਾਈ ਅਜੇ ਵੀ ਉੱਥੇ ਹੀ ਹੈ ਜਿੱਥੇ ਬੈਂਕ ਆਫ ਕੈਨੇਡਾ ਚਾਹੁੰਦਾ ਹੈ।

ਰਿਪੋਰਟ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ ਕੋਰ ਮਹਿੰਗਾਈ ਦੇ ਸਾਰੇ ਮਾਪਦੰਡ, ਜੋ ਕਿ ਭੋਜਨ ਅਤੇ ਊਰਜਾ ਵਰਗੇ ਅਸਥਿਰ ਖੇਤਰਾਂ ਨੂੰ ਬਾਹਰ ਰੱਖਦੇ ਹਨ, ਵਿੱਚ ਅਪ੍ਰੈਲ ਦੌਰਾਨ ਮਾਮੂਲੀ ਗਿਰਾਵਟ ਦੇਖਣ ਨੂੰ ਮਿਲੀ ਹੈ। ਜਦੋਂ ਗੈਸੋਲੀਨ ਨੂੰ ਰਿਪੋਰਟ ਵਿੱਚੋਂ ਹਟਾ ਦਿੱਤਾ ਜਾਂਦਾ ਹੈ, ਤਾਂ ਮਹਿੰਗਾਈ ਦਰ 2.2 ਫੀਸਦੀ ਤੋਂ ਘਟ ਕੇ 2 ਫੀਸਦੀ ਰਹਿ ਜਾਂਦੀ ਹੈ। ਇਸ ਤੋਂ ਇਲਾਵਾ, ਪਿਛਲੇ ਸਾਲ ਫੈਡਰਲ ਕਾਰਬਨ ਟੈਕਸ ਨੂੰ ਖਤਮ ਕਰਨ ਨਾਲ ਜੋ ਬੇਸ-ਈਅਰ ਪ੍ਰਭਾਵ ਪਿਆ ਸੀ, ਉਸ ਕਾਰਨ ਵੀ ਇਸ ਸਾਲ ਕੀਮਤਾਂ ਵਿੱਚ ਅਚਾਨਕ ਵਾਧਾ ਦਿਖਾਈ ਦੇ ਰਿਹਾ ਹੈ।

ਭੋਜਨ ਪਦਾਰਥਾਂ ਦੀ ਗੱਲ ਕਰੀਏ ਤਾਂ ਅਪ੍ਰੈਲ 2026 ਵਿੱਚ ਭੋਜਨ ਦੀਆਂ ਕੀਮਤਾਂ ਵਿੱਚ 3.5 ਫੀਸਦੀ ਦਾ ਵਾਧਾ ਹੋਇਆ ਹੈ, ਜੋ ਕਿ ਮਾਰਚ ਦੇ 4 ਫੀਸਦੀ ਦੇ ਵਾਧੇ ਨਾਲੋਂ ਕੁਝ ਘੱਟ ਹੈ। ਚਿਕਨ, ਤਾਜ਼ੀਆਂ ਸਬਜ਼ੀਆਂ, ਕੌਫੀ ਅਤੇ ਚਾਹ ਵਰਗੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧੇ ਦੀ ਰਫਤਾਰ ਹੌਲੀ ਹੋਈ ਹੈ। ਦੂਜੇ ਪਾਸੇ ਕੱਪੜਿਆਂ ਅਤੇ ਜੁੱਤੀਆਂ ਦੀਆਂ ਕੀਮਤਾਂ ਵਿੱਚ 2 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ, ਜਿਸ ਦਾ ਕਾਰਨ ਈਰਾਨ ਜੰਗ ਦੇ ਨਤੀਜੇ ਵਜੋਂ ਵਧੀਆਂ ਸ਼ਿਪਿੰਗ ਲਾਗਤਾਂ ਨੂੰ ਮੰਨਿਆ ਜਾ ਰਿਹਾ ਹੈ। ਕੁੱਲ ਮਿਲਾ ਕੇ, ਜਿੱਥੇ ਹੈੱਡਲਾਈਨ ਮਹਿੰਗਾਈ ਤਿੰਨ ਫੀਸਦੀ ਦੇ ਨੇੜੇ ਪਹੁੰਚ ਰਹੀ ਹੈ, ਉੱਥੇ ਹੀ ਬੈਂਕ ਆਫ ਕੈਨੇਡਾ ਦੇ ਜੂਨ ਵਿੱਚ ਹੋਣ ਵਾਲੇ ਫੈਸਲੇ ਉੱਤੇ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। This report was written by Ekjot Singh as part of the Local Journalism Initiative.

# ਵੈਨਕੂਵਰ ਵ੍ਹਾਈਟਕੈਪਸ ਫੁੱਟਬਾਲ ਕਲੱਬ ’ਤੇ ਆਰਥਿਕ ਸੰਕਟ

### ਸਟੇਡੀਅਮ ਦੀ ਕਮਾਈ ਸਾਂਝੀ ਕਰਨ ਦੇ ਨਿਯਮਾਂ ਕਾਰਨ ਕਰੋੜਾਂ ਡਾਲਰ ਦਾ ਨੁਕਸਾਨ, ਵਿਕਰੀ ਦੀ ਤਿਆਰੀ

ਸਰੀ, (ਏਕਜੋਤ ਸਿੰਘ): ਕੈਨੇਡਾ ਦੇ ਮਸ਼ਹੂਰ ਮੇਜਰ ਲੀਗ ਸੌਕਰ (MLS) ਕਲੱਬ ‘ਵੈਨਕੂਵਰ ਵ੍ਹਾਈਟਕੈਪਸ’ ਦੇ ਭਵਿੱਖ ਨੂੰ ਲੈ ਕੇ ਖੇਡ ਜਗਤ ਵਿੱਚ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਅਤੇ ਚਿੰਤਾਵਾਂ ਦਾ ਦੌਰ ਚੱਲ ਰਿਹਾ ਹੈ। ਹਾਲਾਂਕਿ ਪ੍ਰਸ਼ੰਸਕਾਂ ਅਤੇ ਸਥਾਨਕ ਕਾਰੋਬਾਰੀਆਂ ਵੱਲੋਂ ਕਲੱਬ ਨੂੰ ਵੈਨਕੂਵਰ ਵਿੱਚ ਹੀ ਰੱਖਣ ਲਈ ‘ਸੇਵ ਦ ਕੈਪਸ’ ਵਰਗੀਆਂ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਪਰ ਆਰਥਿਕ ਅਤੇ ਕਾਨੂੰਨੀ ਅੰਕੜੇ ਇਸ ਫਰੈਂਚਾਈਜ਼ੀ ਦੇ ਖ਼ਿਲਾਫ਼ ਜਾਂਦੇ ਦਿਖਾਈ ਦੇ ਰਹੇ ਹਨ। ਦਸੰਬਰ 2024 ਤੋਂ ਵਿਕਰੀ ਲਈ ਉਪਲਬਧ ਇਸ ਕਲੱਬ ਦੇ ਲਾਸ ਵੇਗਾਸ ਤਬਦੀਲ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਅਮਰੀਕਾ ਜਾਣ ਵਾਲੀ ਇੱਕ ਹੋਰ ਕੈਨੇਡੀਅਨ ਟੀਮ ਬਣ ਜਾਵੇਗੀ।

ਇਸ ਤੋਂ ਪਹਿਲਾਂ ਵੀ ਮਾਂਟਰੀਅਲ ਐਕਸਪੋਜ਼ (ਬੇਸਬਾਲ), ਕਿਊਬੈਕ ਨੋਰਡੀਕਸ ਅਤੇ ਵਿੰਨੀਪੈਗ ਜੈਟਸ (ਹਾਕੀ) ਅਤੇ ਵੈਨਕੂਵਰ ਗ੍ਰਿਜ਼ਲੀਜ਼ (ਬਾਸਕਟਬਾਲ) ਵਰਗੀਆਂ ਕੈਨੇਡੀਅਨ ਟੀਮਾਂ ਵਿੱਤੀ ਘਾਟੇ ਕਾਰਨ ਅਮਰੀਕਾ ਜਾ ਚੁੱਕੀਆਂ ਹਨ। ਕਨਕੋਰਡੀਆ ਯੂਨੀਵਰਸਿਟੀ ਦੇ ਖੇਡ ਅਰਥਸ਼ਾਸਤਰੀ ਮੋਸ਼ੇ ਲੈਂਡਰ ਮੁਤਾਬਕ ਕੈਨੇਡੀਅਨ ਟੀਮਾਂ ਦੇ ਜ਼ਿਆਦਾਤਰ ਖਰਚੇ ਅਮਰੀਕੀ ਡਾਲਰਾਂ ਵਿੱਚ ਹੁੰਦੇ ਹਨ, ਜਿਸ ਕਾਰਨ ਕਰੰਸੀ ਐਕਸਚੇਂਜ ਰੇਟ ਵਿੱਚ ਉਤਾਰ-ਚੜ੍ਹਾਅ ਸਿੱਧਾ ਉਨ੍ਹਾਂ ਦੇ ਮੁਨਾਫ਼ੇ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਤੋਂ ਇਲਾਵਾ ਕੈਨੇਡਾ ਵਿੱਚ ਮੀਡੀਆ ਅਧਿਕਾਰ ਅਤੇ ਵਿਗਿਆਪਨ ਬਾਜ਼ਾਰ ਅਮਰੀਕਾ ਜਿੰਨਾ ਪ੍ਰਤੀਯੋਗੀ ਅਤੇ ਲਾਭਦਾਇਕ ਨਹੀਂ ਹੈ। ਇਹੀ ਕਾਰਨ ਹੈ ਕਿ ਡੂੰਘੀ ਜੇਬ ਵਾਲੇ ਅਮੀਰ ਖਰੀਦਦਾਰ ਕੈਨੇਡੀਅਨ ਫਰੈਂਚਾਈਜ਼ੀ ਖਰੀਦਣ ਵਿੱਚ ਬਹੁਤੀ ਦਿਲਚਸਪੀ ਨਹੀਂ ਦਿਖਾਉਂਦੇ। ਕਲੱਬ ਦੇ ਮਾਲਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਹੁਣ ਤੱਕ 100 ਤੋਂ ਵੱਧ ਗੰਭੀਰ ਖਰੀਦਦਾਰਾਂ ਨਾਲ ਗੱਲਬਾਤ ਕੀਤੀ ਹੈ, ਪਰ ਕੋਈ ਵੀ ਅਜਿਹਾ ਠੋਸ ਪ੍ਰਸਤਾਵ ਸਾਹਮਣੇ ਨਹੀਂ ਆਇਆ ਜੋ ਟੀਮ ਨੂੰ ਵੈਨਕੂਵਰ ਵਿੱਚ ਰੱਖਣ ਦੀ ਗਾਰੰਟੀ ਦੇ ਸਕੇ। ਇਸ ਦਾ ਇੱਕ ਵੱਡਾ ਕਾਰਨ ਬੀ.ਸੀ. ਪਲੇਸ ਸਟੇਡੀਅਮ ਨਾਲ ਹੋਇਆ ਸਮਝੌਤਾ ਵੀ ਹੈ, ਜੋ ਸੂਬਾ ਸਰਕਾਰ ਦੀ ਕਾਰਪੋਰੇਸ਼ਨ ‘ਪੈਵਕੋ’ (PavCo) ਦੇ ਅਧੀਨ ਹੈ। ਵ੍ਹਾਈਟਕੈਪਸ ਨੂੰ ਸਟੇਡੀਅਮ ਦੇ ਨਾਮਕਰਨ ਦੇ ਅਧਿਕਾਰ ਨਹੀਂ ਹਨ ਅਤੇ ਉਨ੍ਹਾਂ ਨੂੰ ਉੱਥੋਂ ਦੀ ਕੁੱਲ ਆਮਦਨ ਦਾ ਸਿਰਫ਼ 12 ਫੀਸਦੀ ਹਿੱਸਾ ਹੀ ਮਿਲਦਾ ਹੈ।

ਕਲੱਬ ਦੇ ਖੇਡ ਨਿਰਦੇਸ਼ਕ ਐਕਸਲ ਸ਼ੁਸਟਰ ਨੇ ਖੁਲਾਸਾ ਕੀਤਾ ਸੀ ਕਿ ਸਟੇਡੀਅਮ ਦੇ ਇਸ ਅਣਉਚਿਤ ਸਮਝੌਤੇ ਕਾਰਨ ਕਲੱਬ ਨੂੰ ਲਗਭਗ 40 ਮਿਲੀਅਨ ਡਾਲਰ ਦੇ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ ਟੀਮ ਇਸ ਸੀਜ਼ਨ ਦੇ ਪ੍ਰਦਰਸ਼ਨ ਵਿੱਚ ਕਾਫੀ ਉੱਪਰ ਚੱਲ ਰਹੀ ਹੈ, ਪਰ ਜਦੋਂ ਗੱਲ ਕੈਸ਼-ਫਲੋਅ (ਨਕਦੀ ਦੇ ਪ੍ਰਵਾਹ) ਦੀ ਆਉਂਦੀ ਹੈ, ਤਾਂ ਉਹ ਪੂਰੀ ਲੀਡਰਸ਼ਿਪ ਵਿੱਚ ਹੇਠੋਂ ਦੂਜੇ ਨੰਬਰ ‘ਤੇ ਹੈ। ਐਮਐਲਐਸ (MLS) ਦੇ ਕਮਿਸ਼ਨਰ ਡੌਨ ਗਾਰਬਰ ਨੇ ਵੀ ਇਸ ਸਥਿਤੀ ਨੂੰ ਚਿੰਤਾਜਨਕ ਦੱਸਿਆ ਹੈ, ਜਿਸ ਕਾਰਨ ਟੀਮ ਦੇ ਤਬਾਦਲੇ ਦੀ ਚਰਚਾ ਤੇਜ਼ ਹੋ ਗਈ ਹੈ। This report was written by Ekjot Singh as part of the Local Journalism Initiative.

# ਵਿਨੀਪੈਗ ਪੁਲਿਸ ਵੱਲੋਂ 37.2 ਮਿਲੀਅਨ ਡਾਲਰ ਦੇ ਨਸ਼ੇ ਬਰਾਮਦ

ਸਰੀ, (ਏਕਜੋਤ ਸਿੰਘ): ਵਿਨੀਪੈਗ ਪੁਲਿਸ ਨੇ ਮੈਨੀਟੋਬਾ ਦੇ ਇਤਿਹਾਸ ਵਿੱਚ ਨਸ਼ਿਆਂ ਖਿਲਾਫ਼ ਇੱਕ ਬਹੁਤ ਅਹਿਮ ਕਾਰਵਾਈ ਕਰਦਿਆਂ 33 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਕਾਰਵਾਈ ਦੌਰਾਨ ਪੁਲਿਸ ਨੇ 37.2 ਮਿਲੀਅਨ ਡਾਲਰ ਦੀ ਕੀਮਤ ਦੀ ਕੋਕੀਨ, ਮੈਥ ਅਤੇ ਫੈਂਟਾਨਾਇਲ ਬਰਾਮਦ ਕੀਤੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੇ ਸਬੰਧ ਕੈਨੇਡਾ ਵਿੱਚ ਸਰਗਰਮ ਸੰਗਠਿਤ ਅਪਰਾਧਿਕ ਗਿਰੋਹਾਂ ਨਾਲ ਹਨ, ਜਿਨ੍ਹਾਂ ਵਿੱਚ ਹੇਲਜ਼ ਏਂਜਲਸ, ਵੁਲਫਪੈਕ ਅਲਾਇੰਸ ਅਤੇ ਮੈਕਸੀਕਨ ਕਾਰਟੇਲ ਵਰਗੇ ਨਾਮ ਸ਼ਾਮਲ ਹਨ। ਇਸ ਗਿਰੋਹ ਖਿਲਾਫ਼ ਨਸ਼ਾ ਤਸਕਰੀ, ਅਪਰਾਧਿਕ ਕਮਾਈ ਅਤੇ ਸਾਜ਼ਿਸ਼ ਰਚਣ ਨਾਲ ਸਬੰਧਤ ਕੁੱਲ 174 ਅਪਰਾਧਿਕ ਦੋਸ਼ ਆਇਦ ਕੀਤੇ ਗਏ ਹਨ। ਜਾਂਚ ਕਰਤਾਵਾਂ ਨੇ ਇਸ ਛਾਪੇਮਾਰੀ ਦੌਰਾਨ 14 ਹਥਿਆਰ ਬਰਾਮਦ ਕੀਤੇ ਹਨ, ਜਿਨ੍ਹਾਂ ਵਿੱਚ 12 ਹੈਂਡਗੰਨਜ਼, 1 ਕਾਰਬਾਈਨ ਅਤੇ 1 ਸ਼ਾਟਗੰਨ ਸ਼ਾਮਲ ਹੈ। ਇਸ ਤੋਂ ਇਲਾਵਾ ਲਗਭਗ 825,000 ਡਾਲਰ ਦੀ ਨਕਦੀ ਅਤੇ 1.35 ਮਿਲੀਅਨ ਗੈਰ-ਕਾਨੂੰਨੀ ਸਿਗਰਟਾਂ ਵੀ ਜ਼ਬਤ ਕੀਤੀਆਂ ਗਈਆਂ ਹਨ। ਪੁਲਿਸ ਦੀ ਰਿਪੋਰਟ ਮੁਤਾਬਕ ਕੁੱਲ ਮਿਲਾ ਕੇ 525 ਕਿਲੋਗ੍ਰਾਮ ਤੋਂ ਵੱਧ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਨਸ਼ੇ ਵਿਨੀਪੈਗ ਵਿੱਚੋਂ ਬਰਾਮਦ ਹੋਏ ਹਨ, ਜਦਕਿ ਕੁਝ ਹਿੱਸਾ ਓਨਟਾਰੀਓ ਦੇ ਵੌਨ ਇਲਾਕੇ ਵਿੱਚੋਂ ਵੀ ਜ਼ਬਤ ਕੀਤਾ ਗਿਆ ਹੈ। ਇਸ ਅੰਤਰ-ਸੂਬਾਈ ਜਾਂਚ ਨੂੰ ਪ੍ਰੋਜੈਕਟ ਪੂਮਾ ਦਾ ਨਾਮ ਦਿੱਤਾ ਗਿਆ ਸੀ, ਜਿਸ ਦੀ ਸ਼ੁਰੂਆਤ ਮਈ 2024 ਵਿੱਚ ਹੋਈ ਸੀ।

## ਬਜ਼ੁਰਗਾਂ ਵਾਸਤੇ ਮੁਫ਼ਤ ਸੇਵਾ

ਸਿੰਘ ਸਭਾ ਗੁਰਦੁਆਰਾ ਸਾਹਿਬ ਵੱਲੋਂ ਮੁਫ਼ਤ ਸੇਵਾ ਚਾਲੂ ਹੈ। ਜਿਸ ਵਿੱਚ ਹੇਠਾਂ ਲਿਖੇ ਫ਼ਾਰਮ ਭਰੇ ਜਾਂਦੇ ਹਨ।

- ਟੈਕਸ ਫ਼ਾਰਮ
- ਪੀ.ਆਰ.ਕਾਰਡ (P.R. Card)
- ਬੁਢਾਪਾ ਪੈਨਸ਼ਨ (O.P.S.)
- ਸਿਟੀਜ਼ਨਸ਼ਿਪ ਫ਼ਾਰਮ
- ਕੰਮ ਦੀ ਪੈਨਸ਼ਨ (C.P.P.)
- ਪਾਸਪੋਰਟ ਫ਼ਾਰਮ / ਬੱਸ ਪਾਸ ਅਤੇ ਹੋਰ

ਸਮਾਂ: ਸ਼ੁੱਕਰਵਾਰ: 10:00 ਤੋਂ 12:00, ਸਥਾਨ: ਗੁਰਦੁਆਰਾ ਲਾਇਬਰੇਰੀ

ਹੋਰ ਜਾਣਕਾਰੀ ਲਈ

ਫ਼ੋਨ: 604-590-3232

# ਵੈਨਕੂਵਰ ਵਿੱਚ ਦੋ ਕਿਰਾਏਦਾਰਾਂ ਨੂੰ ਰੱਖਣ ਲਈ ਸਰਕਾਰ ਵੱਲੋਂ ਲੱਖਾਂ ਡਾਲਰ ਖਰਚਣ ‘ਤੇ ਉੱਠੇ ਸਵਾਲ

### ਵੈਨਕੂਵਰ ਦੇ ਹੋਟਲ ਨੂੰ ਬੰਦ ਕਰਨ ਦੌਰਾਨ ਹੋਏ ਖਰਚੇ ‘ਤੇ ਵਿਵਾਦ, 2 ਮਹੀਨਿਆਂ ਵਿੱਚ ਖਰਚੇ ਲੱਖਾਂ ਡਾਲਰ

ਸਰੀ, (ਏਕਜੋਤ ਸਿੰਘ): ਸੂਬਾ ਸਰਕਾਰ ਵੱਲੋਂ ਵੈਨਕੂਵਰ ਦੇ ਇੱਕ ਐਸਆਰਓ (SRO) ਹੋਟਲ ਵਿੱਚ ਸਿਰਫ਼ ਦੋ ਕਿਰਾਏਦਾਰਾਂ ਨੂੰ ਰੱਖਣ ਲਈ ਦੋ ਮਹੀਨਿਆਂ ਵਿੱਚ 5 ਲੱਖ ਡਾਲਰ ਤੋਂ ਵੱਧ ਦੀ ਰਕਮ ਅਦਾ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸਰਕਾਰ ਨੇ 140 ਕਮਰਿਆਂ ਵਾਲੇ ਕਲੋਨੀਅਲ ਹੋਟਲ ਨੂੰ ਇਮਾਰਤ ਦੇ ਮਾਲਕ ਵੱਲੋਂ ਸਹੀ ਰੱਖ-ਰਖਾਅ ਨਾ ਕੀਤੇ ਜਾਣ ਕਾਰਨ ਬੰਦ ਕਰ ਦਿੱਤਾ ਸੀ, ਜਿਸ ਤੋਂ ਬਾਅਦ ਇਹ ਦੋਵੇਂ ਕਿਰਾਏਦਾਰ ਉੱਥੇ ਰਹਿਣ ਵਾਲੇ ਆਖਰੀ ਲੋਕ ਸਨ।

ਸਰਕਾਰ ਵੱਲੋਂ ਜਾਰੀ ਅੰਕੜਿਆਂ ਮੁਤਾਬਕ, ਇਸ ਹੋਟਲ ਦਾ ਪ੍ਰਬੰਧ ਦੇਖਣ ਵਾਲੀ ਸੰਸਥਾ ‘ਅਤੀਰਾ’ ਨੂੰ 31 ਮਾਰਚ ਨੂੰ ਖਤਮ ਹੋਏ ਵਿੱਤੀ ਸਾਲ ਦੌਰਾਨ ਬੀ.ਸੀ. ਹਾਊਸਿੰਗ ਵੱਲੋਂ 3.9 ਮਿਲੀਅਨ ਡਾਲਰ ਮਿਲੇ ਸਨ। ਇਹ ਖਰਚਾ ਲਗਭਗ 325,000 ਡਾਲਰ ਪ੍ਰਤੀ ਮਹੀਨਾ ਬਣਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਮਾਰਚ ਮਹੀਨੇ ਵਿੱਚ ਜਦੋਂ ਹੋਟਲ ਵਿੱਚ ਸਿਰਫ਼ ਦੋ ਹੀ ਕਿਰਾਏਦਾਰ ਬਚੇ ਸਨ, ਉਦੋਂ ਵੀ ਪੂਰੀ ਰਕਮ ਦਿੱਤੀ ਗਈ। ਇਸ ਤੋਂ ਇਲਾਵਾ, ਅਪ੍ਰੈਲ ਮਹੀਨੇ ਵਿੱਚ ਹੋਟਲ ਦੇ ਕੰਮਕਾਜ ਨੂੰ ਪੂਰੀ ਤਰ੍ਹਾਂ ਸਮੇਟਣ ਅਤੇ ਉਨ੍ਹਾਂ ਦੋਵਾਂ ਨਿਵਾਸੀਆਂ ਦੀ ਦੇਖਭਾਲ ਲਈ ਅਤੀਰਾ ਨੂੰ 222,000 ਡਾਲਰ ਵਾਧੂ ਦਿੱਤੇ ਗਏ। ਇਸ ਤਰ੍ਹਾਂ ਦੋ ਮਹੀਨਿਆਂ ਵਿੱਚ ਸਿਰਫ਼ ਦੋ ਲੋਕਾਂ ਦੀ ਸਾਂਭ-ਸੰਭਾਲ ‘ਤੇ ਕੁੱਲ 547,000 ਡਾਲਰ ਖਰਚ ਕੀਤੇ ਗਏ, ਜਿਸ ਨੂੰ ਲੈ ਕੇ ਹੁਣ ਸਿਆਸੀ ਹਲਕਿਆਂ ਵਿੱਚ ਬਹਿਸ ਛਿੜ ਗਈ ਹੈ। ਬੀ.ਸੀ. ਦੀ ਮਾਨਸਿਕ ਸਿਹਤ, ਨਸ਼ਾਖੋਰੀ ਅਤੇ ਹਾਊਸਿੰਗ ਸਪੋਰਟ ਦੀ ਆਲੋਚਕ ਕਲੇਅਰ ਰੈਟੇ ਨੇ ਇਸ ਖਰਚੇ ਨੂੰ ਬਹੁਤ ਜ਼ਿਆਦਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਬਿਲਕੁਲ ਸਹੀ ਹੈ ਕਿ ਉਨ੍ਹਾਂ ਦੋਵਾਂ ਨਾਗਰਿਕਾਂ ਨੂੰ ਸੁਰੱਖਿਅਤ ਛੱਤ ਮਿਲਣੀ ਚਾਹੀਦੀ ਹੈ, ਪਰ ਸਿਰਫ਼ ਦੋ ਲੋਕਾਂ ਲਈ ਇੰਨੀ ਵੱਡੀ ਰਕਮ ਖਰਚ ਕਰਨਾ ਸਮਝ ਤੋਂ ਬਾਹਰ ਹੈ।

ਮਿਲੀ ਜਾਣਕਾਰੀ ਮੁਤਾਬਕ, ਹੁਣ ਉਨ੍ਹਾਂ ਦੋਵਾਂ ਵਿੱਚੋਂ ਇੱਕ ਕਿਰਾਏਦਾਰ ਦੂਜੀ ਥਾਂ ਤਬਦੀਲ ਹੋ ਗਿਆ ਹੈ, ਜਦੋਂ ਕਿ ਦੂਜਾ ਕਿਰਾਏਦਾਰ, ਜੋ ਇਮਾਰਤ ਦੇ ਅਸਲ ਮਾਲਕ ਦਾ ਪੁਰਾਣਾ ਕਿਰਾਏਦਾਰ ਹੈ, ਉੱਥੋਂ ਜਾਣ ਤੋਂ ਇਨਕਾਰ ਕਰ ਰਿਹਾ ਹੈ। ਇਸ ਪੂਰੇ ਮਾਮਲੇ ‘ਤੇ ਪੱਖ ਜਾਣਨ ਲਈ ਜਦੋਂ ਅਤੀਰਾ ਸੰਸਥਾ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਤਾਂ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਸਰਕਾਰ ਦਾ ਕਹਿਣਾ ਹੈ ਕਿ ਹੋਟਲ ਦੀ ਮਾੜੀ ਹਾਲਤ ਕਾਰਨ ਇਸ ਨੂੰ ਬੰਦ ਕਰਨਾ ਜ਼ਰੂਰੀ ਸੀ। This report was written by Ekjot Singh as part of the Local Journalism Initiative.




Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals
✔ Refinancing solutions | ✔ Construction mortgage | ✔ Purchase or Refinance



AMARPAL SINGH
Mortgage Advisor
Call : 604.338.7310
CENTUM MORTGAGE

# ਕੈਨੇਡਾ ਦੀ ਵੈਨਕੂਵਰ ਸਿਟੀ ਕੌਂਸਲ ਨੇ 23 ਮਈ ਨੂੰ 'ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ' ਐਲਾਨਿਆ

## ਵੈਨਕੂਵਰ ਦੇ ਸਮੁੰਦਰੀ ਤੱਟ ਦੇ ਇਤਿਹਾਸਿਕ ਸਥਾਨ 'ਤੇ 23 ਮਈ ਨੂੰ ਹੋਵੇਗਾ ਸਮਾਗਮ





ਸਰੀ : ਕੈਨੇਡਾ ਦੇ ਪੁਰਾਤਨ ਇਤਿਹਾਸ ਵਿੱਚ ਪ੍ਰਵਾਸੀ ਪੰਜਾਬੀਆਂ ਨਾਲ ਹੋਈਆਂ ਨਸਲਵਾਦੀ ਵਧੀਕੀਆਂ ਦੇ ਮੱਦੇ ਨਜ਼ਰ ਸਿਟੀ ਆਫ ਵੈਨਕੂਵਰ ਵੱਲੋਂ 'ਗੁਰੂ ਨਾਨਕ ਜਹਾਜ਼ ਨੂੰ ਸਮਰਪਿਤ ਐਲਾਨਨਾਮਾ' ਜਾਰੀ ਕੀਤਾ ਗਿਆ। ਜ਼ਿਕਰਯੋਗ ਹੈ ਕਿ 23 ਮਈ 1914 ਨੂੰ ਗੁਰੂ ਨਾਨਕ ਜਹਾਜ਼ ਵੈਨਕੂਵਰ ਦੇ ਸਮੁੰਦਰੀ ਤੱਟ 'ਤੇ ਪਹੁੰਚਿਆ ਸੀ ਅਤੇ ਦੋ ਮਹੀਨੇ ਨਸਲੀ ਜਬਰ ਮਗਰੋਂ, ਜਹਾਜ਼ ਨੂੰ ਨਸਲਵਾਦੀ ਸਰਕਾਰ ਵੱਲੋਂ ਕੈਨੇਡਾ ਦੀ ਧਰਤੀ ਤੋਂ ਅਣਮਨੁੱਖੀ ਤਸ਼ੱਦਦ ਕਰਦਿਆਂ ਵਾਪਸ ਮੋੜ ਦਿੱਤਾ ਗਿਆ ਸੀ। ਗੁਰੂ ਨਾਨਕ ਜਹਾਜ਼ ਦੀ 112ਵੀਂ ਯਾਦਗਾਰੀ ਵਰ੍ਹੇ-ਗੰਢ 'ਤੇ ਸਿਟੀ ਆਫ ਵੈਨਕੂਵਰ ਨੇ 23 ਜੁਲਾਈ ਦੇ ਦਿਹਾੜੇ ਨੂੰ 'ਗੁਰੂ ਨਾਨਕ ਜਹਾਜ਼ ਰਿਮੈਬਰੈਂਸ ਡੇਅ' (ਯਾਦਗਾਰੀ ਦਿਹਾੜਾ') ਘੋਸ਼ਤ ਕੀਤਾ ਹੈ। ਮੇਅਰ ਕੈਨ ਸਿੰਮ ਵੱਲੋਂ ਇਹ ਪ੍ਰੋਕਲੇਮੇਸ਼ਨ ਕੌਂਸਲ ਦੀ ਮੀਟਿੰਗ ਵਿੱਚ ਰੱਖਿਆ ਗਿਆ, ਜਿਸ ਨੂੰ ਕੌਂਸਲਰਾਂ ਰਿਬੇਕਾ ਬਲਾਈ, ਲੀਸਾ ਡੋਮੀਨਾਟੋ, ਪੀਟ ਫ੍ਰਾਈ, ਸਾਰਾ ਕਰਬੀ-ਯੰਗ, ਮਾਈਕ ਕਲਾਸਨ, ਲੂਸੀ ਮਲੋਨੀ, ਪੀਟਰ ਮਾਈਜ਼ਨਰ, ਬ੍ਰਾਇਨ ਮੌਂਟੇਗਿਊ, ਸ਼ੌਨ ਔਰ, ਲੇਨੀ ਝੋਉ ਤੇ ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਤੋਂ ਜਸਪ੍ਰੀਤ ਸਿੰਘ ਵਿਰਦੀ ਨੇ ਪੜਿਆ। ਮੇਅਰ ਕੈਨ ਸਿੰਮ ਨੇ ਕਿਹਾ ਕਿ ਗੁਰੂ ਨਾਨਕ ਜਹਾਜ਼ ਦਾ ਐਲਾਨਨਾਮਾ ਵਿਸ਼ੇਸ਼ ਹੈ, ਜਿਸ ਕਰਕੇ ਕੌਂਸਲ ਦੀ ਕਾਰਵਾਈ ਦੌਰਾਨ ਮੁਕੰਮਲ ਪੜਿਆ ਗਿਆ ਹੈ।

ਇਸ ਮੌਕੇ 'ਤੇ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਡਾ ਗੁਰਵਿੰਦਰ ਸਿੰਘ ਧਾਲੀਵਾਲ ਨੇ "ਗੁਰੂ ਨਾਨਕ ਜਹਾਜ਼ : ਸਮਕਾਲੀ ਬਿਰਤਾਂਤ" ਕਿਤਾਬ ਮੇਅਰ ਅਤੇ ਕੌਂਸਲ ਨੂੰ ਭੇਟ ਕੀਤੀ ਅਤੇ ਗੁਰੂ ਨਾਨਕ ਜਹਾਜ਼ ਨਾਂ ਬਹਾਲ ਕਰਨ ਦੇ ਉਪਰਾਲੇ ਲਈ ਧੰਨਵਾਦ ਕੀਤਾ। ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੇ ਪਰਿਵਾਰਾਂ 'ਚੋਂ ਰਾਜ ਸਿੰਘ ਤੂਰ ਨੇ ਵੈਨਕੂਵਰ ਸਿਟੀ ਵੱਲੋਂ ਐਲਾਨਨਾਮੇ ਅਤੇ ਮੈਮੋਰੀਅਲ ਦੇ ਨਵ ਨਿਰਮਤ 'ਗੁਰੂ ਨਾਨਕ ਜਹਾਜ਼' ਸਾਈਨੇਜ ਲਈ ਸ਼ੁਕਰੀਆ ਅਦਾ ਕੀਤਾ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਰਾਜ ਸਿੰਘ ਭੰਡਾਲ ਨੇ ਭਾਵਪੂਰਤ ਸ਼ਬਦਾਂ ਵਿੱਚ ਕਿਹਾ ਕਿ ਵੈਨਕੂਵਰ ਸ਼ਹਿਰ ਵੱਲੋਂ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਦਾ ਉਪਰਾਲਾ ਮੀਲ ਪੱਥਰ ਹੈ, ਜੋ ਕਿ ਕੈਨੇਡਾ ਦੀ ਫੈਡਰਲ ਮਾਫ਼ੀ ਲਈ ਮਾਰਕ ਦਰਸ਼ਕ ਸਾਬਤ ਹੋਵੇਗਾ।

ਇਸ ਮੌਕੇ 'ਤੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ, ਵੈਨਕੂਵਰ ਦੇ ਪ੍ਰਬੰਧਕ ਕਸ਼ਮੀਰ ਸਿੰਘ ਧਾਲੀਵਾਲ, ਸੁਰਜੀਤ ਸਿੰਘ ਭੱਟੀ, ਸਨਮੁਖ ਸਿੰਘ ਉਪਲ, ਸਿੱਖ ਹੈਰੀਟੇਜ ਵੈਨਕੂਵਰ ਦੇ ਤਾਜ ਸਿੰਘ, ਜੁਗਰਾਜ ਸਿੰਘ ਅਤੇ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਤੋਂ ਤਜਿੰਦਰਪਾਲ ਸਿੰਘ ਸਮੇਤ ਵੈਨਕੂਵਰ ਸਿਟੀ ਤੋਂ ਸਹਿਯੋਗੀ ਸ਼ਖਸੀਅਤਾਂ ਆਰੀ ਭੁੱਲਰ, ਪਾਰਕਸ ਬੋਰਡ ਤੋਂ ਅਣਥੱਕ ਸਾਥ ਦੇਣ ਵਾਲੇ ਜਸਪ੍ਰੀਤ ਸਿੰਘ ਵਿਰਦੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਅਹਿਮ ਗੱਲ ਇਹ ਹੈ ਕਿ ਜਿਸ ਜਗ੍ਹਾ ਤੋਂ ਨਸਲੀ ਜਬਰ ਨਾਲ 112 ਸਾਲ ਪਹਿਲਾਂ ਗੁਰੂ ਨਾਨਕ ਜਹਾਜ਼ ਮੋੜਿਆ ਗਿਆ ਸੀ, 23 ਮਈ, ਦਿਨ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਉਸੇ ਜਗ੍ਹਾ, ਹਰਬਰ ਗਰੀਨ ਪਾਰਕ ਸਮੁੰਦਰੀ ਤੱਟ 'ਤੇ, ਗੁਰੂ ਨਾਨਕ ਜਹਾਜ਼ ਮੈਮੋਰੀਅਲ ਵਿਖੇ, ਬੀਸੀ ਖਾਲਸਾ ਦਰਬਾਰ, ਵੈਨਕੂਵਰ, ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਤੇ ਵੈਨਕੂਵਰ ਸਿਟੀ ਦੇ ਸਹਿਯੋਗ ਨਾਲ, ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵਲੋਂ ਦੁਪਹਿਰ ਦੋ ਵਜੇ ਤੋਂ ਪੰਜ ਵਜੇ ਤੱਕ, ਹਰ ਵਰ੍ਹੇ ਵਾਂਗ ਸਮਾਗਮ ਕਰਵਾਇਆ ਜਾ ਰਿਹਾ ਹੈ।

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...

Accepting Canadian Dental Care Plan From Govt.
Consult Dr. Sra for a health SMILE
COMPLIMENTARY NIGHT GUARD (Value $500)
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry — Family & Community Dentistry
604-391-1010 | maplesmiles.ca
8364 Young Road, Unit 101, Chilliwack


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

YOUR NEIGHBOURHOOD LAYER
RISHI LAW CORPORATION

NARINDER RISHI
Barrister, Solicitor & Notary Public
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Services offered in Punjabi, Hindi & English
Vancouver 6625, Fraser Street 604-322-5515
Email : nkrishi@yahoo.com
Two Locations to serve you
Surrey 604-505-6454 (By appointments only)

# ਓਨਟਾਰੀਓ ਵਿੱਚ ਅਫਰੀਕਾ ਤੋਂ ਪਰਤੇ ਮਰੀਜ਼ ਵਿੱਚ ਮਿਲੇ ਇਬੋਲਾ ਦੇ ਲੱਛਣ, ਹਸਪਤਾਲ ਵਿੱਚ ਜਾਂਚ ਜਾਰੀ

ਸਰੀ, (ਏਕਜੋਤ ਸਿੰਘ): ਓਨਟਾਰੀਓ ਦੇ ਸਿਹਤ ਅਧਿਕਾਰੀਆਂ ਨੇ ਦੱਸਿਆ ਹੈ ਕਿ ਹਾਲ ਹੀ ਵਿੱਚ ਪੂਰਬੀ ਅਫਰੀਕਾ ਦੀ ਯਾਤਰਾ ਤੋਂ ਪਰਤੇ ਇੱਕ ਮਰੀਜ਼ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਸ ਦੇ ਇਬੋਲਾ ਵਰਗੀਆਂ ਖ਼ਤਰਨਾਕ ਛੂਤ ਦੀਆਂ ਬਿਮਾਰੀਆਂ ਦੇ ਟੈਸਟ ਕੀਤੇ ਜਾ ਰਹੇ ਹਨ। ਓਨਟਾਰੀਓ ਦੇ ਸਿਹਤ ਮੰਤਰਾਲੇ ਦੇ ਵੱਲੋਂ ਜਾਰੀ ਬਿਆਨ ਮੁਤਾਬਕ ਇਹ ਕਦਮ ਪੂਰੀ ਸਾਵਧਾਨੀ ਵਜੋਂ ਅਤੇ ਤੈਅਸ਼ੁਦਾ ਮੈਡੀਕਲ ਨਿਯਮਾਂ ਦੇ ਤਹਿਤ ਚੁੱਕਿਆ ਗਿਆ ਹੈ ਤਾਂ ਜੋ ਕਿਸੇ ਵੀ ਸੰਭਾਵੀ ਖ਼ਤਰੇ ਨੂੰ ਸਮਾਂ ਰਹਿੰਦੇ ਰੋਕਿਆ ਜਾ ਸਕੇ।

ਸਿਹਤ ਵਿਭਾਗ ਨੇ ਆਮ ਲੋਕਾਂ ਨੂੰ ਭਰੋਸਾ ਦਿੰਦਿਆਂ ਸਪਸ਼ਟ ਕੀਤਾ ਹੈ ਕਿ ਹਸਪਤਾਲ ਵਿੱਚ ਇਨਫੈਕਸ਼ਨ ਨੂੰ ਫੈਲਣ ਤੋਂ ਰੋਕਣ ਲਈ ਸਾਰੇ ਜ਼ਰੂਰੀ ਪ੍ਰਬੰਧ ਅਤੇ ਨਿਯਮ ਸਖ਼ਤੀ ਨਾਲ ਲਾਗੂ ਕਰ ਦਿੱਤੇ ਗਏ ਹਨ। ਬਿਆਨ ਵਿੱਚ ਕਿਹਾ ਗਿਆ ਹੈ ਕਿ ਵਰਤਮਾਨ ਸਮੇਂ ਓਨਟਾਰੀਓ ਵਿੱਚ ਇਬੋਲਾ ਦਾ ਕੋਈ ਵੀ ਪੁਸ਼ਟੀ ਹੋਇਆ ਮਾਮਲਾ ਸਾਹਮਣੇ ਨਹੀਂ ਆਇਆ ਹੈ ਅਤੇ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਹੇਠ ਹੈ। ਸਿਹਤ ਅਧਿਕਾਰੀ ਮਰੀਜ਼ ਦੀ ਨਿਗਰਾਨੀ ਕਰ ਰਹੇ ਹਨ ਅਤੇ ਲੈਬਾਰਟਰੀ ਰਿਪੋਰਟਾਂ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ।

ਵਿਸ਼ਵ ਸਿਹਤ ਸੰਗਠਨ (WHO) ਦੇ ਡਾਇਰੈਕਟਰ ਜਨਰਲ ਟੈਡਰੋਸ ਅਦਨਾਨੋਮ ਗੈਬਰੇਈਸਸ ਨੇ ਬੁੱਧਵਾਰ ਨੂੰ ਇਸ ਬਿਮਾਰੀ ਦੇ ਫੈਲਾਅ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਕਈ ਅਜਿਹੇ ਕਾਰਕ ਹਨ ਜੋ ਇਸ ਵਾਇਰਸ ਦੇ ਹੋਰ ਫੈਲਣ ਅਤੇ ਮੌਤਾਂ ਦੀ ਗਿਣਤੀ ਵਧਣ ਦਾ ਕਾਰਨ ਬਣ ਸਕਦੇ ਹਨ। ਉਨ੍ਹਾਂ ਦੱਸਿਆ ਕਿ ਅਫਰੀਕੀ ਦੇਸ਼ਾਂ ਵਿੱਚ ਹੁਣ ਤੱਕ ਪੁਸ਼ਟੀ ਕੀਤੇ ਮਾਮਲਿਆਂ ਤੋਂ ਇਲਾਵਾ ਲਗਭਗ 600 ਸ਼ੱਕੀ ਮਾਮਲੇ ਅਤੇ 139 ਸ਼ੱਕੀ ਮੌਤਾਂ ਦਰਜ ਕੀਤੀਆਂ ਜਾ ਚੁੱਕੀਆਂ ਹਨ।

ਵਿਸ਼ਵ ਸਿਹਤ ਸੰਗਠਨ ਮੁਤਾਬਕ ਕਾਂਗੋ ਦੇ ਉੱਤਰੀ ਸੂਬਿਆਂ ਇਤੁਰੀ ਅਤੇ ਨੌਰਥ ਕੀਵੂ ਵਿੱਚ 51 ਮਾਮਲਿਆਂ ਦੀ ਪੁਸ਼ਟੀ ਹੋ ਚੁੱਕੀ ਹੈ, ਪਰ ਅਸਲ ਵਿੱਚ ਇਸ ਮਹਾਂਮਾਰੀ ਦਾ ਦਾਇਰਾ ਇਸ ਤੋਂ ਕਿਤੇ ਵੱਡਾ ਹੈ ਕਿਉਂਕਿ ਵਾਇਰਸ ਦੀ ਪਛਾਣ ਹੋਣ ਤੋਂ ਪਹਿਲਾਂ ਹੀ ਇਹ ਕਾਫੀ ਸਮੇਂ ਤੱਕ ਲੋਕਾਂ ਵਿੱਚ ਫੈਲ ਚੁੱਕਾ ਸੀ।

ਇਸੇ ਸਥਿਤੀ ਨੂੰ ਦੇਖਦੇ ਹੋਏ ਸੰਗਠਨ ਨੇ ਐਤਵਾਰ ਨੂੰ ਕਾਂਗੋ ਅਤੇ ਯੂਗਾਂਡਾ ਵਿੱਚ ਫੈਲੇ ਇਸ ਦੁਰਲੱਭ ਇਬੋਲਾ ਵਾਇਰਸ ਨੂੰ ਕੌਮਾਂਤਰੀ ਪੱਧਰ ਦੀ ਜਨਤਕ ਸਿਹਤ ਐਮਰਜੈਂਸੀ ਐਲਾਨ ਦਿੱਤਾ ਸੀ। ਸਿਹਤ ਮਾਹਰਾਂ ਦਾ ਕਹਿਣਾ ਹੈ ਕਿ ਇਬੋਲਾ ਆਸਾਨੀ ਨਾਲ ਨਹੀਂ ਫੈਲਦਾ ਅਤੇ ਹਸਪਤਾਲ ਦੇ ਸਖ਼ਤ ਨਿਯਮਾਂ ਦੀ ਪਾਲਣਾ ਕਰਕੇ ਇਸ ਦੇ ਤਬਾਦਲੇ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ। This report was written by Ekjot Singh as part of the Local Journalism Initiative.

# ਨੈਨਾਈਮੋ ਵਿੱਚ ਬੇਕਾਬੂ ਕਾਰ ਰੈਸਟੋਰੈਂਟ ਵਿੱਚ ਵੜੀ, ਕਈ ਗਾਹਕ ਜ਼ਖਮੀ



ਸਰੀ, (ਏਕਜੋਤ ਸਿੰਘ): ਨੈਨਾਈਮੋ ਸ਼ਹਿਰ ਵਿੱਚ ਸੋਮਵਾਰ ਸ਼ਾਮ ਨੂੰ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ, ਜਿੱਥੇ ਇੱਕ ਤੇਜ਼ ਰਫ਼ਤਾਰ ਐਸਯੂਵੀ (SUV) ਕਾਰ ਬੇਕਾਬੂ ਹੋ ਕੇ ਸਿੱਧੀ ਇੱਕ ਸੁਸ਼ੀ ਰੈਸਟੋਰੈਂਟ ਦੇ ਅੰਦਰ ਜਾ ਵੜੀ। ਨੈਨਾਈਮੋ ਆਰਸੀਐਮਪੀ (RCMP) ਮੁਤਾਬਕ, ਸ਼ੁਰੂਆਤੀ ਜਾਂਚ ਤੋਂ ਸੰਕੇਤ ਮਿਲੇ ਹਨ ਕਿ ਹਾਦਸੇ ਦੇ ਸਮੇਂ ਕਾਰ ਚਾਲਕ ਸ਼ਾਇਦ ਕਿਸੇ ਨਸ਼ੀਲੇ ਪਦਾਰਥ ਦੇ ਪ੍ਰਭਾਵ ਹੇਠ ਸੀ, ਜਿਸ ਕਾਰਨ ਉਹ ਗੱਡੀ ਤੋਂ ਸੰਤੁਲਨ ਖੋਹ ਬੈਠਾ।

ਇਹ ਹਾਦਸਾ ਸ਼ਾਮ ਦੇ ਲਗਭਗ 7:45 ਵਜੇ ਡਾਊਨਟਾਊਨ ਨੈਨਾਈਮੋ ਵਿੱਚ ਸਥਿਤ 'ਨਾਨਾ ਸੁਸ਼ੀ' (Nana Sushi) ਰੈਸਟੋਰੈਂਟ ਵਿੱਚ ਵਾਪਰਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਕਰਮਚਾਰੀ, ਫਾਇਰ ਬ੍ਰਿਗੇਡ ਅਤੇ ਐਂਬੂਲੈਂਸ ਦੀਆਂ ਗੱਡੀਆਂ ਤੁਰੰਤ ਮੌਕੇ 'ਤੇ ਪਹੁੰਚੀਆਂ। ਜਿਸ ਸਮੇਂ ਕਾਰ ਰੈਸਟੋਰੈਂਟ ਦੀ ਕੰਧ ਤੋੜ ਕੇ ਅੰਦਰ ਵੜੀ, ਉਸ ਵੇਲੇ ਉੱਥੇ ਕਈ ਗਾਹਕ ਮੌਜੂਦ ਸਨ। ਪੁਲਿਸ ਨੇ ਦੱਸਿਆ ਕਿ ਰੈਸਟੋਰੈਂਟ ਦੇ ਅੰਦਰ ਬੈਠੇ ਕਈ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਜਿਨ੍ਹਾਂ ਨੂੰ ਮੌਕੇ 'ਤੇ ਹੀ ਮੁੱਢਲੀ ਸਹਾਇਤਾ ਦਿੱਤੀ ਗਈ।

ਇਸ ਜ਼ੋਰਦਾਰ ਟੱਕਰ ਕਾਰਨ ਰੈਸਟੋਰੈਂਟ ਦੀ ਇਮਾਰਤ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਪੁਲਿਸ ਅਧਿਕਾਰੀਆਂ ਨੇ ਕਾਰ ਚਾਲਕ, ਜਿਸ ਦੀ ਉਮਰ 40 ਤੋਂ 50 ਸਾਲ ਦੇ ਦਰਮਿਆਨ ਦੱਸੀ ਜਾ ਰਹੀ ਹੈ, ਨੂੰ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਦੇ ਦੋਸ਼ ਹੇਠ ਮੌਕੇ ਤੋਂ ਹੀ ਹਿਰਾਸਤ ਵਿੱਚ ਲੈ ਲਿਆ ਹੈ। ਹਾਲਾਂਕਿ, ਫਿਲਹਾਲ ਉਸ ਖ਼ਿਲਾਫ਼ ਕੋਈ ਰਸਮੀ ਦੋਸ਼ ਆਇਦ ਨਹੀਂ ਕੀਤੇ ਗਏ ਹਨ। ਕਾਰ ਚਾਲਕ ਵੀ ਇਸ ਹਾਦਸੇ ਵਿੱਚ ਜ਼ਖਮੀ ਹੋਇਆ ਹੈ, ਜਿਸ ਦਾ ਇਲਾਜ ਕਰਵਾਇਆ ਜਾ ਰਿਹਾ ਹੈ। ਪੁਲਿਸ ਹਾਦਸੇ ਦੇ ਅਸਲ ਕਾਰਨਾਂ ਦੀ ਜਾਂਚ ਕਰ ਰਹੀ ਹੈ। This report was written by Ekjot Singh as part of the Local Journalism Initiative.



# ਅਲਬਰਟਾ ਵਿੱਚ ਵੱਖਰੇ ਰਾਜ ਦੀ ਮੰਗ ਨੂੰ ਲੈ ਕੇ ਸਿਆਸਤ ਗਰਮਾਈ

### ਅਲਬਰਟਾ ਦੇ ਰੈਫਰੈਂਡਮ 'ਤੇ ਅਦਾਲਤੀ ਰੋਕ, ਨਵੇਂ ਸਵਾਲਾਂ ਨਾਲ ਵੋਟ ਕਰਵਾਉਣ ਦੀ ਤਿਆਰੀ

ਸਰੀ (ਏਕਜੋਤ ਸਿੰਘ): ਅਲਬਰਟਾ ਸੂਬੇ ਵਿੱਚ ਆਉਣ ਵਾਲੀ ਪਤਝੜ (ਫ਼ਾਲ) ਸੀਜ਼ਨ ਵਿੱਚ ਪ੍ਰਸਤਾਵਿਤ ਰੈਫਰੈਂਡਮ ਨੂੰ ਲੈ ਕੇ ਸਿਆਸੀ ਬਿਆਨਬਾਜ਼ੀ ਬਹੁਤ ਤੇਜ਼ ਹੋ ਗਈ ਹੈ। ਅਲਬਰਟਾ ਪ੍ਰੋਸਪੈਰਿਟੀ ਪ੍ਰੋਜੈਕਟ ਦੇ ਵਕੀਲ ਜੈਫਰੀ ਰਥ ਨੇ ਸੂਬੇ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੂੰ ਸਿੱਧੀ ਚੇਤਾਵਨੀ ਦਿੱਤੀ ਹੈ ਕਿ ਉਨ੍ਹਾਂ ਨੂੰ ਜਲਦ ਫੈਸਲਾ ਲੈਣਾ ਪਵੇਗਾ ਕਿ ਉਹ ਕੈਨੇਡਾ ਪੱਖੀ ਨੇਤਾਵਾਂ ਦਾ ਸਾਥ ਦੇਣਗੇ ਜਾਂ ਫਿਰ ਆਪਣੇ ਉਸ ਵੋਟ ਬੈਂਕ ਦਾ, ਜੋ ਅਲਬਰਟਾ ਨੂੰ ਕੈਨੇਡਾ ਤੋਂ ਵੱਖ ਕਰਨਾ ਚਾਹੁੰਦਾ ਹੈ। ਰਥ ਨੇ ਕਿਹਾ ਕਿ ਜੇਕਰ ਪ੍ਰੀਮੀਅਰ ਨੇ ਆਪਣੇ ਸਮਰਥਕਾਂ ਨਾਲ ਧੋਖਾ ਕੀਤਾ, ਤਾਂ ਉਨ੍ਹਾਂ ਨੂੰ ਵੱਡੇ ਸਿਆਸੀ ਨਤੀਜੇ ਭੁਗਤਣੇ ਪੈ ਸਕਦੇ ਹਨ।




ਇਸ ਗਰਮਾ-ਗਰਮੀ ਦਾ ਮੁੱਖ ਕਾਰਨ 300,000 ਤੋਂ ਵੱਧ ਨਾਗਰਿਕਾਂ ਦੇ ਦਸਤਖ਼ਤਾਂ ਵਾਲੀ ਉਹ ਪਟੀਸ਼ਨ ਹੈ, ਜਿਸ ਵਿੱਚ ਅਲਬਰਟਾ ਨੂੰ ਕੈਨੇਡਾ ਤੋਂ ਵੱਖ ਕਰਕੇ ਇੱਕ ਸੁਤੰਤਰ ਰਾਜ ਬਣਾਉਣ ਲਈ ਰੈਫਰੈਂਡਮ ਕਰਵਾਉਣ ਦੀ ਮੰਗ ਕੀਤੀ ਗਈ ਸੀ। ਹਾਲਾਂਕਿ, ਅਦਾਲਤ ਨੇ ਇਸ ਪਟੀਸ਼ਨ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਇਸ ਪ੍ਰਕਿਰਿਆ ਵਿੱਚ ਫਸਟ ਨੇਸ਼ਨਜ਼ (ਮੂਲ ਨਿਵਾਸੀਆਂ) ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਸੀ। ਅਦਾਲਤ ਦੇ ਇਸ ਫੈਸਲੇ ਤੋਂ ਬਾਅਦ, ਹੁਣ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਡੈਨੀਅਲ ਸਮਿਥ ਆਪਣੇ ਵੱਖਵਾਦੀ ਸਮਰਥਕਾਂ ਨੂੰ ਸ਼ਾਂਤ ਕਰਨ ਲਈ ਇੱਕ ਵੱਖਰਾ ਰੈਫਰੈਂਡਮ ਕਰਵਾ ਸਕਦੇ ਹਨ। ਇਸ ਵਾਰ ਰੈਫਰੈਂਡਮ ਦਾ ਸਵਾਲ ਸਾਬਕਾ ਡਿਪਟੀ ਪ੍ਰੀਮੀਅਰ ਥਾਮਸ ਲੁਕਾਸਜ਼ੁਕ ਦੀ 'ਫੋਰਐਵਰ ਕੈਨੇਡੀਅਨ' ਮੁਹਿੰਮ 'ਤੇ ਅਧਾਰਤ ਹੋ ਸਕਦਾ ਹੈ, ਜਿਸ ਵਿੱਚ ਪੁੱਛਿਆ ਗਿਆ ਹੈ ਕਿ "ਕੀ ਤੁਸੀਂ ਸਹਿਮਤ ਹੋ ਕਿ ਅਲਬਰਟਾ ਨੂੰ ਕੈਨੇਡਾ ਦਾ ਹਿੱਸਾ ਬਣੇ ਰਹਿਣਾ ਚਾਹੀਦਾ ਹੈ?" ਮਾਊਂਟ ਰਾਇਲ ਦੇ ਰਾਜਨੀਤਿਕ ਵਿਗਿਆਨੀ ਡੁਏਨ ਬ੍ਰੈਟ ਅਨੁਸਾਰ, ਇਹ ਸਵਾਲ ਅਲਬਰਟਾ ਨੂੰ ਕੈਨੇਡਾ ਵਿੱਚ ਰੱਖਣ ਦੇ ਪੱਖ ਵਿੱਚ ਹੈ, ਇਸ ਲਈ ਵੱਖਵਾਦੀ ਨੇਤਾ ਇਸ ਤੋਂ ਖੁਸ਼ ਨਹੀਂ ਹਨ। ਉਮੀਦ ਜਤਾਈ ਜਾ ਰਹੀ ਹੈ ਕਿ ਪ੍ਰੀਮੀਅਰ ਵੀਰਵਾਰ ਨੂੰ ਟੀਵੀ ਚੈਨਲਾਂ ਰਾਹੀਂ ਸੂਬੇ ਦੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਇਸ ਦਾ ਰਸਮੀ ਐਲਾਨ ਕਰ ਸਕਦੇ ਹਨ।

ਇਸ ਦੌਰਾਨ, ਬੁੱਧਵਾਰ ਨੂੰ ਇਸ ਮਾਮਲੇ 'ਤੇ ਬਣਾਈ ਗਈ ਵਿਧਾਇਕਾਂ ਦੀ ਇੱਕ ਸਾਂਝੀ ਕਮੇਟੀ ਦੀ ਬੈਠਕ ਦੌਰਾਨ ਉਸ ਵੇਲੇ ਅਜੀਬ ਸਥਿਤੀ ਪੈਦਾ ਹੋ ਗਈ, ਜਦੋਂ ਯੂਸੀਪੀ (UCP) ਕਾਕਸ ਨੇ ਬੈਠਕ ਖਤਮ ਹੋਣ ਅਤੇ ਵੋਟਿੰਗ ਹੋਣ ਤੋਂ ਪਹਿਲਾਂ ਹੀ ਇੱਕ ਪ੍ਰੈਸ ਨੋਟ ਜਾਰੀ ਕਰਕੇ ਮਤਾ ਪਾਸ ਹੋਣ ਦਾ ਦਾਅਵਾ ਕਰ ਦਿੱਤਾ। ਇਸ ਕਾਰਨ ਮੀਟਿੰਗ ਵਿੱਚ ਕਾਫੀ ਹੰਗਾਮਾ ਹੋਇਆ। ਵੱਖਵਾਦੀਆਂ ਦੇ ਵਕੀਲ ਰਥ ਦਾ ਕਹਿਣਾ ਹੈ ਕਿ ਜੇਕਰ ਸਮਿਥ ਨੇ ਬੈਲਟ ਪੇਪਰ 'ਤੇ ਕੈਨੇਡਾ ਦੇ ਪੱਖ ਵਾਲਾ ਸਵਾਲ ਰੱਖਿਆ, ਤਾਂ ਇਹ ਉਨ੍ਹਾਂ ਵੱਖਵਾਦੀਆਂ ਨਾਲ ਵਿਸ਼ਵਾਸਘਾਤ ਹੋਵੇਗਾ ਜਿਨ੍ਹਾਂ ਨੇ ਯੂਸੀਪੀ ਲੀਡਰਸ਼ਿਪ ਦੀ ਚੋਣ ਵੇਲੇ ਸਮਿਥ ਨੂੰ ਵੋਟ ਦਿੱਤੀ ਸੀ। This report was written by Ekjot Singh as part of the Local Journalism Initiative.

# ਮੇਪਲ ਰਿੱਜ ਵਿੱਚ ਖਿੜਕੀ ਤੋਂ ਹੇਠਾਂ ਡਿੱਗਣ ਕਾਰਨ 4 ਸਾਲਾ ਬੱਚਾ ਗੰਭੀਰ ਜ਼ਖਮੀ

ਸਰੀ (ਏਕਜੋਤ ਸਿੰਘ): ਮੇਪਲ ਰਿੱਜ ਦੇ 11700 ਬਲਾਕ 236 ਸਟਰੀਟ ਵਿੱਚ ਇੱਕ 4 ਸਾਲ ਦਾ ਬੱਚਾ ਟਾਊਨਹਾਊਸ ਦੀ ਦੂਜੀ ਮੰਜ਼ਿਲ ਦੀ ਖਿੜਕੀ ਤੋਂ ਅਚਾਨਕ ਹੇਠਾਂ ਡਿੱਗ ਗਿਆ। ਇਸ ਦਰਦਨਾਕ ਘਟਨਾ ਤੋਂ ਤੁਰੰਤ ਬਾਅਦ ਬੱਚੇ ਨੂੰ ਇਲਾਜ ਲਈ ਏਅਰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ। ਬੀ.ਸੀ. ਐਮਰਜੈਂਸੀ ਸਿਹਤ ਸੇਵਾਵਾਂ ਨੂੰ ਦੁਪਹਿਰ 2:22 ਵਜੇ ਮਦਦ ਲਈ ਕਾਲ ਪ੍ਰਾਪਤ ਹੋਈ ਸੀ। ਬੀ.ਸੀ.ਈ.ਐਚ.ਐਸ. ਦੇ ਪੈਰਾਮੈਡਿਕ ਜਨਤਕ ਸੂਚਨਾ ਅਧਿਕਾਰੀ ਬ੍ਰਾਇਨ ਟਵਾਈਟਸ ਨੇ ਦੱਸਿਆ ਕਿ ਪ੍ਰਾਇਮਰੀ ਕੇਅਰ ਪੈਰਾਮੈਡਿਕਸ ਵਾਲੀ ਐਂਬੂਲੈਂਸ, ਐਡਵਾਂਸਡ ਕੇਅਰ ਪੈਰਾਮੈਡਿਕਸ, ਇੱਕ ਪੈਰਾਮੈਡਿਕ ਸੁਪਰਵਾਈਜ਼ਰ ਅਤੇ ਕ੍ਰਿਟੀਕਲ ਕੇਅਰ ਟੀਮ ਵਾਲੀ ਏਅਰ ਐਂਬੂਲੈਂਸ ਤੁਰੰਤ ਮੌਕੇ 'ਤੇ ਪਹੁੰਚੀ।

ਟੀਮ ਵੱਲੋਂ ਮਰੀਜ਼ ਨੂੰ ਮੌਕੇ 'ਤੇ ਮੁੱਢਲਾ ਐਮਰਜੈਂਸੀ ਡਾਕਟਰੀ ਇਲਾਜ ਮੁਹੱਈਆ ਕਰਵਾਇਆ ਗਿਆ ਅਤੇ ਫਿਰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ। ਮੇਪਲ ਰਿੱਜ ਫਾਇਰ ਐਂਡ ਰੈਸਕਿਊ ਦੇ ਮੁਖੀ ਡੇਵ ਸੈਮਸਨ ਨੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੀ ਟੀਮ ਨੇ ਅਲੈਗਜ਼ੈਂਡਰ ਰੌਬਿਨਸਨ ਐਲੀਮੈਂਟਰੀ ਸਕੂਲ ਵਿਖੇ ਹੈਲੀਕਾਪਟਰ ਉਤਾਰਨ ਦਾ ਪ੍ਰਬੰਧ ਕੀਤਾ ਸੀ। ਬੱਚਾ ਉਸ ਸਮੇਂ ਹੋਸ਼ ਵਿੱਚ ਸੀ ਅਤੇ ਰੋ ਰਿਹਾ ਸੀ ਜਿਸ ਤੋਂ ਬਾਅਦ ਉਸਨੂੰ ਬੱਚਿਆਂ ਦੇ ਹਸਪਤਾਲ ਲਿਜਾਇਆ ਗਿਆ। ਮੇਪਲ ਰਿੱਜ ਆਰਸੀਐਮਪੀ ਦੇ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਬੱਚੇ ਦੇ ਪਰਿਵਾਰਕ ਮੈਂਬਰਾਂ ਅਤੇ ਹੋਰ ਲੋਕਾਂ ਨਾਲ ਗੱਲਬਾਤ ਕੀਤੀ। ਪੁਲਿਸ ਦੀ ਮੁੱਢਲੀ ਜਾਂਚ ਅਨੁਸਾਰ ਇਹ ਇੱਕ ਮੰਦਭਾਗਾ ਹਾਦਸਾ ਜਾਪਦਾ ਹੈ ਅਤੇ ਇਸ ਵਿੱਚ ਕਿਸੇ ਵੀ ਅਪਰਾਧਿਕ ਸਾਜ਼ਿਸ਼ ਦੇ ਸੰਕੇਤ ਨਹੀਂ ਮਿਲੇ ਹਨ। ਪੁਲਿਸ ਦੀ ਜਾਂਚ ਲਗਾਤਾਰ ਜਾਰੀ ਹੈ। This report was written by Ekjot Singh as part of the Local Journalism Initiative.

# ਰੋਟਰੀ ਸਟੇਡੀਅਮ ਵਿੱਚ ਸਲਾਨਾ ਮੇਲਾ 'ਵਿਰਸੇ ਦੀ ਸ਼ੌਕੀਨ 2026' ਦਾ 23 ਮਈ ਨੂੰ

ਵੈਨਕੂਵਰ (ਏਕਜੋਤ ਸਿੰਘ): ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਪ੍ਰਫੁੱਲਤ ਕਰਨ ਦੇ ਮਕਸਦ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਲਾਨਾ ਮੇਲਾ 'ਵਿਰਸੇ ਦੀ ਸ਼ੌਕੀਨ 2026' ਕਰਵਾਇਆ ਜਾ ਰਿਹਾ ਹੈ।

ਪ੍ਰਬੰਧਕਾਂ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਇਹ ਮੇਲਾ ਰੌਟਰੀ ਸਟੇਡੀਅਮ ਵਿੱਚ ਆਯੋਜਿਤ ਕੀਤਾ ਜਾਵੇਗਾ।

ਇਸ ਖਾਸ ਸਮਾਗਮ ਵਿੱਚ ਦਰਸ਼ਕਾਂ ਦੇ ਮਨੋਰੰਜਨ ਲਈ ਪੰਜਾਬ ਦੇ ਨਾਮਵਰ ਅਤੇ ਹਰਮਨ ਪਿਆਰੇ ਗਾਇਕ ਪਹੁੰਚ ਰਹੇ ਹਨ। ਪ੍ਰਬੰਧਕਾਂ ਵੱਲੋਂ ਸਮੂਹ ਪੰਜਾਬੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਆਪਣੇ ਪਰਿਵਾਰਾਂ ਸਮੇਤ ਇਸ ਮੇਲੇ ਵਿੱਚ ਸ਼ਿਰਕਤ ਕਰਨ।

ਮੇਲੇ ਵਿੱਚ ਪਹੁੰਚ ਕੇ ਜਿੱਥੇ ਲੋਕ ਰੌਣਕਾਂ ਦਾ ਆਨੰਦ ਮਾਣ ਸਕਦੇ ਹਨ ਉੱਥੇ ਹੀ ਪੰਜਾਬੀ ਵਿਰਸੇ ਨੂੰ ਸੁਰਜੀਤ ਰੱਖਣ ਲਈ ਆਪਣਾ ਅਹਿਮ ਯੋਗਦਾਨ ਵੀ ਪਾ ਸਕਦੇ ਹਨ।

# 32 ਐਵੇਨਿਊ ਦੇ ਟਾਊਨਹਾਊਸ ਕੰਪਲੈਕਸ ਵਿੱਚ ਕਾਰ ਨੂੰ ਲੱਗੀ ਅੱਗ, ਵਾਲ-ਵਾਲ ਬਚਿਆ ਮਾਲਕ

ਸਰੀ, (ਏਕਜੋਤ ਸਿੰਘ): ਐਲਡਰਗਰੋਵ ਦੇ 272 ਸਟਰੀਟ ਨੇੜੇ 32 ਐਵੇਨਿਊ ਸਥਿਤ ਇੱਕ ਟਾਊਨਹਾਊਸ ਕੰਪਲੈਕਸ ਦੀ ਪਾਰਕਿੰਗ ਵਿੱਚ ਇੱਕ ਕਾਰ ਨੂੰ ਅਚਾਨਕ ਭਿਆਨਕ ਅੱਗ ਲੱਗ ਗਈ। ਇਸ ਹਾਦਸੇ ਵਿੱਚ ਕਾਰ ਦੇ ਨਾਲ ਖੜ੍ਹੀਆਂ 2 ਹੋਰ ਗੱਡੀਆਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਸ਼ੁਰੂਆਤੀ ਜਾਂਚ ਵਿੱਚ ਇਹ ਘਟਨਾ ਕਿਸੇ ਅਪਰਾਧਿਕ ਗਤੀਵਿਧੀ ਨਾਲ ਜੁੜੀ ਹੋਈ ਨਹੀਂ ਜਾਪਦੀ। ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਕੰਪਲੈਕਸ ਦੇ ਨਿਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਇੱਕ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣੀ ਅਤੇ ਫਿਰ ਕਾਰ ਨੂੰ ਸੜਦਿਆਂ ਦੇਖਿਆ। ਇੱਕ ਨਿਵਾਸੀ ਨੇ ਕਿਹਾ ਕਿ ਉਹ ਆਮ ਤੌਰ 'ਤੇ ਗੂੜ੍ਹੀ ਨੀਂਦ ਸੌਂਦਾ ਹੈ ਪਰ ਇੱਕ ਜ਼ੋਰਦਾਰ ਧਮਾਕੇ ਨੇ ਉਸਨੂੰ ਜਗਾ ਦਿੱਤਾ। ਇੱਕ ਹੋਰ ਨਿਵਾਸੀ ਨੇ ਦੱਸਿਆ ਕਿ ਉਸਦੇ ਮੁੱਖ ਦਰਵਾਜ਼ੇ 'ਤੇ ਕਿਸੇ ਵੱਲੋਂ ਜ਼ੋਰ ਨਾਲ ਦਸਤਕ ਦੇਣ ਕਾਰਨ ਉਸਦੀ ਜਾਗ ਖੁੱਲ੍ਹੀ। ਜਦੋਂ ਉਹ ਹੇਠਾਂ ਆਇਆ ਤਾਂ ਕਾਰ ਪੂਰੀ ਤਰ੍ਹਾਂ ਅੱਗ ਦੀਆਂ ਲਪਟਾਂ ਨਾਲ ਘਿਰੀ ਹੋਈ ਸੀ ਅਤੇ ਇਹ ਇੱਕ ਵਿਸ਼ਾਲ ਅੱਗ ਦੇ ਗੋਲੇ ਵਾਂਗ ਦਿਖਾਈ ਦੇ ਰਹੀ ਸੀ। ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਬਹੁਤ ਜਲਦੀ ਅੱਗ 'ਤੇ ਕਾਬੂ ਪਾ ਲਿਆ। ਸਥਾਨਕ ਲੋਕਾਂ ਨੇ ਫਾਇਰ ਕਰਮਚਾਰੀਆਂ ਦੀ ਫੁਰਤੀ ਦੀ ਸ਼ਲਾਘਾ ਕੀਤੀ।



ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• Rachhpal Singh Gill
Editor
604-616-2171

Funded by the Government of Canada | Financé par le gouvernement du Canada | Canada

ADVISORY BOARD

• Gurlal Singh
Journalist

• Hardam Singh Maan
Surrey
604-308-6663

• Ekjot Singh
News Reporter

Printed & Published in Canada by : International Punjabi Tribune Inc.

604-616-2171
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

Publisher is not responsible in any mishappening between the customer and Advertiser.

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ।

# ਬੇਰੁਜ਼ਗਾਰੀ ਦੇ ਦੌਰ ਵਿੱਚ ਕੈਨੇਡੀਅਨ ਨੌਜਵਾਨਾਂ ਵਲੋਂ ਨੌਕਰੀ ਦੀ ਭਾਲ ਅਤੇ ਭਰਤੀ ਪ੍ਰਣਾਲੀ ਵਿਚ ਵਧ ਰਿਹਾ ਪਾੜਾ

ਸੰਪਾਦਕੀ

ਅਜੋਕੇ ਸਮੇਂ ਵਿੱਚ ਕੈਨੇਡਾ ਦਾ ਨੌਕਰੀ ਬਾਜ਼ਾਰ ਇੱਕ ਅਜੀਬ ਅਤੇ ਗੁੰਝਲਦਾਰ ਸਥਿਤੀ ਵਿੱਚੋਂ ਲੰਘ ਰਿਹਾ ਹੈ। ਇੱਕ ਪਾਸੇ ਨੌਜਵਾਨ ਵਰਗ ਨੌਕਰੀਆਂ ਦੀ ਤਲਾਸ਼ ਵਿੱਚ ਦਰ ਦਰ ਭਟਕ ਰਿਹਾ ਹੈ ਅਤੇ ਦੂਜੇ ਪਾਸੇ ਕਾਰੋਬਾਰੀ ਅਦਾਰਿਆਂ ਨੂੰ ਕੰਮ ਕਰਨ ਵਾਲੇ ਯੋਗ ਕਾਮਿਆਂ ਦੀ ਭਾਰੀ ਲੋੜ ਹੈ। ਪਰ ਇਹ ਦੋਵੇਂ ਧਿਰਾਂ ਇੱਕ ਦੂਜੇ ਨੂੰ ਲੱਭਣ ਵਿੱਚ ਅਸਮਰੱਥ ਜਾਪਦੀਆਂ ਹਨ। ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸ ਦੁਆਰਾ ਕੀਤੇ ਗਏ ਇੱਕ ਤਾਜ਼ਾ ਸਰਵੇਖਣ ਨੇ ਇਸ ਅਸਲੀਅਤ ਨੂੰ ਉਜਾਗਰ ਕੀਤਾ ਹੈ ਕਿ ਨੌਕਰੀ ਲੱਭਣ ਵਾਲੇ ਅਤੇ ਨੌਕਰੀ ਦੇਣ ਵਾਲੇ ਬਿਲਕੁਲ ਵੱਖਰੇ ਰਸਤਿਆਂ ਉੱਤੇ ਚੱਲ ਰਹੇ ਹਨ। ਜਿੱਥੇ ਨੌਜਵਾਨ ਨੌਕਰੀਆਂ ਲੱਭਣ ਲਈ ਆਧੁਨਿਕ ਤਕਨੀਕਾਂ ਦਾ ਸਹਾਰਾ ਲੈ ਰਹੇ ਹਨ ਉੱਥੇ ਹੀ ਛੋਟੇ ਕਾਰੋਬਾਰੀ ਅਜੇ ਵੀ ਪੁਰਾਣੇ ਅਤੇ ਰਵਾਇਤੀ ਤਰੀਕਿਆਂ ਉੱਤੇ ਨਿਰਭਰ ਕਰਦੇ ਹਨ। ਇਹ ਪਾੜਾ ਕੋਈ ਨਵੀਂ ਗੱਲ ਨਹੀਂ ਹੈ ਪਰ ਮੌਜੂਦਾ ਸਮੇਂ ਵਿੱਚ ਜਦੋਂ ਕੈਨੇਡਾ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ ਬਹੁਤ ਉੱਚੇ ਪੱਧਰ ਉੱਤੇ ਪਹੁੰਚ ਗਈ ਹੈ ਤਾਂ ਇਸ ਮੁੱਦੇ ਉੱਤੇ ਗੰਭੀਰਤਾ ਨਾਲ ਵਿਚਾਰ ਕਰਨਾ ਬੇਹੱਦ ਲਾਜ਼ਮੀ ਹੋ ਜਾਂਦਾ ਹੈ।

ਸਰਵੇਖਣ ਦੇ ਅੰਕੜਿਆਂ ਅਨੁਸਾਰ 73 ਫੀਸਦੀ ਨੌਜਵਾਨ ਨੌਕਰੀਆਂ ਦੀ ਭਾਲ ਲਈ ਆਨਲਾਈਨ ਜੌਬ ਬੋਰਡਾਂ ਦੀ ਵਰਤੋਂ ਕਰਦੇ ਹਨ। ਉਹਨਾਂ ਲਈ ਇੰਟਰਨੈੱਟ ਅਤੇ ਡਿਜੀਟਲ ਪਲੇਟਫਾਰਮ ਹੀ ਨੌਕਰੀ ਲੱਭਣ ਦਾ ਸਭ ਤੋਂ ਆਸਾਨ ਅਤੇ ਪ੍ਰਭਾਵਸ਼ਾਲੀ ਸਾਧਨ ਬਣ ਚੁੱਕੇ ਹਨ। ਇਸ ਦੇ ਉਲਟ 10 ਵਿੱਚੋਂ 6 ਕਾਰੋਬਾਰੀ ਭਾਵ ਲਗਭਗ 62 ਫੀਸਦੀ ਛੋਟੇ ਉਦਯੋਗਪਤੀ ਨਵੇਂ ਕਾਮੇ ਰੱਖਣ ਲਈ ਨਿੱਜੀ ਸੰਪਰਕਾਂ ਅਤੇ ਨੈੱਟਵਰਕਿੰਗ ਨੂੰ ਵਧੇਰੇ ਤਰਜੀਹ ਦਿੰਦੇ ਹਨ। ਆਨਲਾਈਨ ਜੌਬ ਬੋਰਡਾਂ ਉੱਤੇ ਭਰੋਸਾ ਕਰਨ ਵਾਲੇ ਛੋਟੇ ਕਾਰੋਬਾਰੀਆਂ ਦੀ ਗਿਣਤੀ ਮਹਿਜ਼ 44 ਫੀਸਦੀ ਤੱਕ ਸੀਮਤ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਨੌਜਵਾਨ ਜਿੱਥੇ ਆਪਣਾ ਰੈਜ਼ਿਊਮੇ ਭੇਜ ਰਹੇ ਹਨ ਉੱਥੇ ਰੁਜ਼ਗਾਰਦਾਤਾ ਆਪਣੀ ਤਲਾਸ਼ ਹੀ ਨਹੀਂ ਕਰ ਰਹੇ। ਇਹ ਸਥਿਤੀ ਦੋਵਾਂ ਧਿਰਾਂ ਲਈ ਬਹੁਤ ਨਿਰਾਸ਼ਾਜਨਕ ਹੈ ਕਿਉਂਕਿ ਨੌਜਵਾਨਾਂ ਨੂੰ ਲੱਗਦਾ ਹੈ ਕਿ ਬਾਜ਼ਾਰ ਵਿੱਚ ਨੌਕਰੀਆਂ ਨਹੀਂ ਹਨ ਜਦਕਿ ਕਾਰੋਬਾਰੀਆਂ ਨੂੰ ਲੱਗਦਾ ਹੈ ਕਿ ਕੰਮ ਕਰਨ ਵਾਲੇ ਯੋਗ ਅਤੇ ਮਿਹਨਤੀ ਉਮੀਦਵਾਰ ਮੌਜੂਦ ਨਹੀਂ ਹਨ।

ਨੌਜਵਾਨਾਂ ਦਾ ਡਿਜੀਟਲ ਮਾਧਿਅਮਾਂ ਵੱਲ ਝੁਕਾਅ ਬਿਲਕੁਲ ਸੁਭਾਵਿਕ ਹੈ। ਅੱਜ ਦੀ ਪੀੜ੍ਹੀ ਤਕਨੀਕ ਦੇ ਯੁੱਗ ਵਿੱਚ ਜੰਮੀ ਅਤੇ ਪਲੀ ਹੈ। ਉਹ ਹਰ ਕੰਮ ਲਈ ਆਪਣੇ ਸਮਾਰਟਫੋਨ ਅਤੇ ਕੰਪਿਊਟਰ ਉੱਤੇ ਨਿਰਭਰ ਕਰਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਆਨਲਾਈਨ ਪੋਰਟਲਾਂ ਰਾਹੀਂ ਉਹ




ਇੱਕੋ ਸਮੇਂ ਕਈ ਕੰਪਨੀਆਂ ਵਿੱਚ ਅਪਲਾਈ ਕਰ ਸਕਦੇ ਹਨ ਅਤੇ ਇਸ ਨਾਲ ਉਹਨਾਂ ਦਾ ਕੀਮਤੀ ਸਮਾਂ ਬਚਦਾ ਹੈ। ਪਰ ਉਹ ਇਹ ਗੱਲ ਨਜ਼ਰਅੰਦਾਜ਼ ਕਰ ਦਿੰਦੇ ਹਨ ਕਿ ਬਹੁਤ ਸਾਰੀਆਂ ਕੰਪਨੀਆਂ ਖਾਸ ਕਰਕੇ ਛੋਟੇ ਕਾਰੋਬਾਰ ਇੰਨੀ ਭਾਰੀ ਗਿਣਤੀ ਵਿੱਚ ਆਉਣ ਵਾਲੀਆਂ ਆਨਲਾਈਨ ਅਰਜ਼ੀਆਂ ਨੂੰ ਪੜ੍ਹਨ ਅਤੇ ਵਿਚਾਰਨ ਦਾ ਸਮਾਂ ਨਹੀਂ ਕੱਢ ਸਕਦੇ। ਇਸ ਲਈ ਉਹ ਕਿਸੇ ਜਾਣਕਾਰ ਵਿਅਕਤੀ ਦੀ ਸਿਫਾਰਸ਼ ਜਾਂ ਨਿੱਜੀ ਨੈੱਟਵਰਕ ਰਾਹੀਂ ਉਮੀਦਵਾਰਾਂ ਦੀ ਚੋਣ ਕਰਨਾ ਬਿਹਤਰ ਸਮਝਦੇ ਹਨ ਕਿਉਂਕਿ ਇਸ ਨਾਲ ਉਹਨਾਂ ਨੂੰ ਉਮੀਦਵਾਰ ਦੇ ਕਿਰਦਾਰ ਅਤੇ ਕੰਮ ਪ੍ਰਤੀ ਲਗਨ ਦਾ ਮੁੱਢਲਾ ਅੰਦਾਜ਼ਾ ਆਸਾਨੀ ਨਾਲ ਹੋ ਜਾਂਦਾ ਹੈ।

ਇਹ ਅਸੰਤੁਲਨ ਅਜਿਹੇ ਸਮੇਂ ਸਾਹਮਣੇ ਆ ਰਿਹਾ ਹੈ ਜਦੋਂ ਕੈਨੇਡਾ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ ਅਪ੍ਰੈਲ ਮਹੀਨੇ ਵਿੱਚ 15 ਤੋਂ 24 ਸਾਲ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ ਅੱਧਾ ਫੀਸਦੀ ਵਧ ਕੇ 14.3 ਫੀਸਦੀ ਹੋ ਗਈ ਹੈ। ਇਹ ਵਾਧਾ ਆਮ ਬੇਰੁਜ਼ਗਾਰੀ ਦਰ ਦੇ ਮੁਕਾਬਲੇ ਕਿਤੇ ਵਧੇਰੇ ਹੈ। ਸਤੰਬਰ 2025 ਵਿੱਚ ਤਾਂ ਇਹ ਦਰ 14.6 ਫੀਸਦੀ ਤੱਕ ਪਹੁੰਚ ਗਈ ਸੀ ਜੋ ਕਿ ਕੋਵਿਡ ਮਹਾਂਮਾਰੀ ਦੇ ਖਰਾਬ ਸਮੇਂ ਨੂੰ ਛੱਡ ਕੇ ਪਿਛਲੇ 15 ਸਾਲਾਂ ਵਿੱਚ ਸਭ ਤੋਂ ਉੱਚਾ ਪੱਧਰ ਮੰਨਿਆ ਗਿਆ ਹੈ। ਇਹ ਅੰਕੜੇ ਸਪੱਸ਼ਟ ਤੌਰ ਉੱਤੇ ਦਰਸਾਉਂਦੇ ਹਨ ਕਿ ਸਾਡੇ ਆਰਥਿਕ ਢਾਂਚੇ ਅਤੇ ਰੁਜ਼ਗਾਰ ਪ੍ਰਣਾਲੀ ਵਿੱਚ ਕਈ ਖਾਮੀਆਂ ਹਨ ਜਿਨ੍ਹਾਂ ਨੂੰ ਜਲਦ ਤੋਂ ਜਲਦ ਦੂਰ ਕਰਨਾ ਸਮੇਂ ਦੀ ਮੁੱਖ ਮੰਗ ਹੈ। ਨੌਜਵਾਨ ਸਾਡੇ ਦੇਸ਼ ਦਾ ਸੁਨਹਿਰੀ ਭਵਿੱਖ ਹੁੰਦੇ ਹਨ ਅਤੇ ਜੇਕਰ ਉਹ ਹੀ ਬੇਰੁਜ਼ਗਾਰੀ ਦੀ ਮਾਰ ਝੱਲਣਗੇ ਤਾਂ ਦੇਸ਼ ਦੀ ਆਰਥਿਕ ਤਰੱਕੀ ਦੀ ਰਫਤਾਰ ਬਹੁਤ ਧੀਮੀ ਪੈ ਜਾਵੇਗੀ।

ਰੁਜ਼ਗਾਰ ਦੀ ਤਲਾਸ਼ ਅਤੇ ਭਰਤੀ ਦੇ ਤਰੀਕੇ ਵੱਖ ਵੱਖ ਉਦਯੋਗਿਕ ਖੇਤਰਾਂ ਅਨੁਸਾਰ ਵੀ ਬਦਲਦੇ ਰਹਿੰਦੇ ਹਨ। ਪ੍ਰੋਫੈਸ਼ਨਲ ਸੇਵਾਵਾਂ ਵਾਲੇ ਖੇਤਰਾਂ ਜਿਵੇਂ ਕਿ ਅਕਾਊਂਟਿੰਗ ਅਤੇ ਇੰਜੀਨੀਅਰਿੰਗ ਫਰਮਾਂ ਦੀ ਗੱਲ ਕਰੀਏ ਤਾਂ ਲਗਭਗ 47 ਫੀਸਦੀ ਅਦਾਰੇ ਆਨਲਾਈਨ ਜੌਬ ਬੋਰਡਾਂ ਦੇ ਨਾਲ ਨਾਲ ਕੋ ਆਪ ਅਤੇ ਇੰਟਰਨਸ਼ਿਪ ਪ੍ਰੋਗਰਾਮਾਂ ਰਾਹੀਂ ਭਰਤੀ ਕਰਨ ਨੂੰ ਪਹਿਲ ਦਿੰਦੇ ਹਨ। ਇੱਕ ਤਿਹਾਈ ਤੋਂ ਜ਼ਿਆਦਾ ਕਾਰੋਬਾਰ ਸਕੂਲਾਂ ਜਾਂ ਪੋਸਟ ਸੈਕੰਡਰੀ ਕਰੀਅਰ ਸੇਵਾਵਾਂ ਦੀ ਮਦਦ ਵੀ ਲੈਂਦੇ ਹਨ। ਇਹਨਾਂ ਖੇਤਰਾਂ ਵਿੱਚ ਤਕਨੀਕੀ ਮੁਹਾਰਤ ਦੀ ਬਹੁਤ ਜ਼ਰੂਰਤ ਹੁੰਦੀ ਹੈ ਇਸ ਲਈ ਵਿੱਦਿਅਕ ਅਦਾਰਿਆਂ ਨਾਲ ਸਿੱਧਾ ਤਾਲਮੇਲ ਰੱਖਣਾ ਇਹਨਾਂ ਕੰਪਨੀਆਂ ਲਈ ਬਹੁਤ ਫਾਇਦੇਮੰਦ ਸਾਬਤ ਹੁੰਦਾ ਹੈ। ਦੂਜੇ ਪਾਸੇ ਗਾਹਕਾਂ ਨਾਲ ਸਿੱਧਾ ਰਾਬਤਾ ਰੱਖਣ ਵਾਲੇ ਉਦਯੋਗਾਂ ਜਿਵੇਂ ਕਿ ਰਿਟੇਲ ਪਰਾਹੁਣਚਾਰੀ ਅਤੇ ਕਲਾ ਦੇ ਖੇਤਰ ਵਿੱਚ ਰੁਜ਼ਗਾਰਦਾਤਾ ਘੱਟ ਖਰਚੇ ਵਾਲੇ ਤਰੀਕੇ ਅਪਣਾਉਂਦੇ ਹਨ। ਉਹ ਦੁਕਾਨਾਂ ਦੇ ਬਾਹਰ ਲੱਗੇ ਸਾਈਨ ਬੋਰਡਾਂ ਰਾਹੀਂ ਆਉਣ ਵਾਲੇ ਉਮੀਦਵਾਰਾਂ ਜਾਂ ਬਿਨਾਂ ਮੰਗੀਆਂ ਅਰਜ਼ੀਆਂ ਨੂੰ ਵਧੇਰੇ ਤਰਜੀਹ ਦਿੰਦੇ ਹਨ ਤਾਂ ਜੋ ਸਥਾਨਕ ਪੱਧਰ ਉੱਤੇ ਹੀ ਭਰਤੀ ਕੀਤੀ ਜਾ ਸਕੇ।

ਕਾਰੋਬਾਰਾਂ ਦੇ ਆਕਾਰ ਦਾ ਵੀ ਕਰਮਚਾਰੀਆਂ ਦੀ ਭਰਤੀ ਦੇ ਤਰੀਕਿਆਂ ਉੱਤੇ ਸਿੱਧਾ ਅਸਰ ਪੈਂਦਾ ਹੈ। ਸਰਵੇਖਣ ਮੁਤਾਬਕ ਵਿਸ਼ਾਲ ਪੱਧਰ ਦੀਆਂ ਕੰਪਨੀਆਂ ਛੋਟੀਆਂ ਫਰਮਾਂ ਦੇ ਮੁਕਾਬਲੇ ਨਵੇਂ ਕਾਮਿਆਂ ਦੀ ਭਰਤੀ ਲਈ ਕਈ ਤਰ੍ਹਾਂ ਦੇ ਆਧੁਨਿਕ ਤਰੀਕੇ ਅਪਣਾਉਂਦੀਆਂ ਹਨ। ਉਦਾਹਰਣ ਵਜੋਂ 0 ਤੋਂ 4 ਕਰਮਚਾਰੀਆਂ ਵਾਲੇ ਛੋਟੇ ਕਾਰੋਬਾਰਾਂ ਵਿੱਚੋਂ ਇੱਕ ਤਿਹਾਈ ਤੋਂ ਵੀ ਘੱਟ ਮਾਲਕ ਆਨਲਾਈਨ ਜੌਬ ਬੋਰਡਾਂ ਦੀ ਵਰਤੋਂ ਕਰਦੇ ਹਨ। ਇਸ ਦੇ ਉਲਟ 50 ਤੋਂ ਜ਼ਿਆਦਾ ਕਰਮਚਾਰੀਆਂ ਵਾਲੇ ਕਾਰੋਬਾਰਾਂ ਵਿੱਚੋਂ ਦੋ ਤਿਹਾਈ ਤੋਂ ਵਧੇਰੇ ਕੰਪਨੀਆਂ ਆਨਲਾਈਨ ਪਲੇਟਫਾਰਮਾਂ ਦਾ ਸਹਾਰਾ ਲੈਂਦੀਆਂ ਹਨ। ਛੋਟੇ ਕਾਰੋਬਾਰੀਆਂ ਕੋਲ ਵੱਖਰੇ ਤੌਰ ਉੱਤੇ ਮਨੁੱਖੀ ਵਸੀਲੇ ਵਿਭਾਗ ਨਹੀਂ ਹੁੰਦੇ ਅਤੇ ਨਾ ਹੀ ਉਹਨਾਂ ਕੋਲ ਮਹਿੰਗੇ ਇਸ਼ਤਿਹਾਰ ਦੇਣ ਦਾ ਵਿਸ਼ੇਸ਼ ਬਜਟ ਹੁੰਦਾ ਹੈ। ਇਸ ਲਈ ਉਹ ਆਪਣੇ ਆਸ ਪਾਸ ਦੇ ਲੋਕਾਂ ਅਤੇ ਜਾਣਕਾਰਾਂ ਰਾਹੀਂ ਹੀ ਭਰਤੀ ਕਰਨ ਨੂੰ ਸਭ ਤੋਂ ਸਹੀ ਮੰਨਦੇ ਹਨ। ਇਸ ਪਾੜੇ ਨੂੰ ਸਮਝਣਾ ਨੌਜਵਾਨਾਂ ਲਈ ਬਹੁਤ ਜ਼ਰੂਰੀ ਹੈ ਤਾਂ ਜੋ ਉਹ ਆਪਣੀ ਨੌਕਰੀ ਦੀ ਤਲਾਸ਼ ਨੂੰ ਬਿਲਕੁਲ ਸਹੀ ਦਿਸ਼ਾ ਦੇ ਸਕਣ।

ਇਹ ਰੁਝਾਨ ਸੂਬਿਆਂ ਦੇ ਹਿਸਾਬ ਨਾਲ ਵੀ ਕਾਫੀ ਵੱਖਰੇ ਦੇਖਣ ਨੂੰ ਮਿਲਦੇ ਹਨ। ਕਿਊਬਿਕ ਸੂਬੇ ਦੇ ਨੌਜਵਾਨ ਆਨਲਾਈਨ ਜੌਬ ਬੋਰਡਾਂ ਦੀ ਘੱਟ ਵਰਤੋਂ ਕਰਦੇ ਹਨ ਅਤੇ ਉਹ ਬਿਨਾਂ ਮੰਗੀਆਂ ਅਰਜ਼ੀਆਂ ਭੇਜਣ ਵਿੱਚ ਵਧੇਰੇ ਦਿਲਚਸਪੀ ਦਿਖਾਉਂਦੇ ਹਨ। ਦੂਜੇ ਪਾਸੇ ਓਨਟਾਰੀਓ ਦੇ ਨੌਜਵਾਨ ਕੋ ਆਪ ਪ੍ਰੋਗਰਾਮਾਂ ਇੰਟਰਨਸ਼ਿਪਾਂ ਅਤੇ ਅਕਾਦਮਿਕ ਕਰੀਅਰ ਸੇਵਾਵਾਂ ਉੱਤੇ ਜ਼ਿਆਦਾ ਨਿਰਭਰ ਕਰਦੇ ਹਨ। ਸੂਬਾਈ ਪੱਧਰ ਉੱਤੇ ਇਹ ਵਿਭਿੰਨਤਾ ਸਾਫ ਦਰਸਾਉਂਦੀ ਹੈ ਕਿ ਨੌਕਰੀ ਲੱਭਣ ਦਾ ਕੋਈ ਇੱਕ ਸਰਬਵਿਆਪੀ ਅਤੇ ਪੱਕਾ ਤਰੀਕਾ ਨਹੀਂ ਹੈ। ਨੌਜਵਾਨਾਂ ਨੂੰ ਆਪਣੇ ਸੂਬੇ ਅਤੇ ਸਥਾਨਕ ਕਾਰੋਬਾਰੀ ਮਾਹੌਲ ਨੂੰ ਚੰਗੀ ਤਰ੍ਹਾਂ ਸਮਝ ਕੇ ਹੀ ਰੁਜ਼ਗਾਰ ਦੀ ਭਾਲ ਕਰਨੀ ਚਾਹੀਦੀ ਹੈ। ਜੇਕਰ ਕੋਈ ਉਮੀਦਵਾਰ ਸਿਰਫ ਇੱਕੋ ਤਰੀਕੇ ਉੱਤੇ ਨਿਰਭਰ ਰਹੇਗਾ ਤਾਂ ਉਸਦੇ ਨੌਕਰੀ ਪ੍ਰਾਪਤ ਕਰਨ ਦੇ ਮੌਕੇ ਬਹੁਤ ਸੀਮਤ ਹੋ ਜਾਣਗੇ।

ਇੱਕ ਹੋਰ ਮਹੱਤਵਪੂਰਨ ਪਹਿਲੂ ਜੋ ਇਸ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਉਹ ਹੈ ਕਾਰੋਬਾਰੀਆਂ ਦੀਆਂ ਆਪਣੇ ਕਾਮਿਆਂ ਤੋਂ ਉਮੀਦਾਂ। ਜ਼ਿਆਦਾਤਰ ਛੋਟੇ ਕਾਰੋਬਾਰੀ ਸਿਰਫ ਡਿਗਰੀਆਂ ਜਾਂ ਪੁਰਾਣੇ ਤਜਰਬੇ ਤੋਂ ਕਿਤੇ ਵਧੇਰੇ ਉਮੀਦਵਾਰ ਦੇ ਸਾਫਟ ਸਕਿੱਲਜ਼ ਅਤੇ ਉਸਦੇ ਨਿੱਜੀ ਰਵੱਈਏ ਨੂੰ ਤਰਜੀਹ ਦਿੰਦੇ ਹਨ। ਸਰਵੇਖਣ ਵਿੱਚ ਸ਼ਾਮਲ 91 ਫੀਸਦੀ ਰੁਜ਼ਗਾਰਦਾਤਾਵਾਂ ਨੇ ਮੰਨਿਆ ਕਿ ਉਹ ਆਪਣੇ ਕਰਮਚਾਰੀਆਂ ਵਿੱਚ ਸਕਾਰਾਤਮਕ ਰਵੱਈਆ ਅਤੇ ਕੰਮ ਪ੍ਰਤੀ ਉਤਸ਼ਾਹ ਦੇਖਣਾ ਚਾਹੁੰਦੇ ਹਨ। ਇਸ ਤੋਂ ਇਲਾਵਾ 84 ਫੀਸਦੀ ਕਾਰੋਬਾਰੀਆਂ ਨੇ ਕੰਮ ਪ੍ਰਤੀ ਪ੍ਰੇਰਨਾ 76 ਫੀਸਦੀ ਨੇ ਪੇਸ਼ੇਵਰਾਨਾ ਪਹੁੰਚ ਅਤੇ 73 ਫੀਸਦੀ ਨੇ ਚੰਗੇ ਸੰਚਾਰ ਹੁਨਰ ਦੀ ਮੰਗ ਕੀਤੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਸਕੂਲ ਕਾਲਜ ਵਿੱਚ ਸਿਰਫ ਚੰਗੇ ਅੰਕ ਪ੍ਰਾਪਤ ਕਰਨਾ ਜਾਂ ਕਾਗਜ਼ੀ ਯੋਗਤਾਵਾਂ ਰੱਖਣਾ ਹੀ ਨੌਕਰੀ ਪ੍ਰਾਪਤ ਕਰਨ ਦੀ ਅੰਤਿਮ ਗਰੰਟੀ ਨਹੀਂ ਹੈ। ਰੁਜ਼ਗਾਰਦਾਤਾ ਅਜਿਹੇ ਕਾਮੇ ਚਾਹੁੰਦੇ ਹਨ ਜੋ ਟੀਮ ਵਿੱਚ ਮਿਲ ਕੇ ਕੰਮ ਕਰ ਸਕਣ ਜਿਨ੍ਹਾਂ ਦਾ ਸੁਭਾਅ ਮਿਲਣਸਾਰ ਹੋਵੇ ਅਤੇ ਜੋ ਕੰਪਨੀ ਦੀ ਤਰੱਕੀ ਵਿੱਚ ਸੱਚੀ ਦਿਲਚਸਪੀ ਰੱਖਦੇ ਹੋਣ।

ਨੌਕਰੀਆਂ ਦੀ ਭਾਲ ਵਿੱਚ ਮਿਲਣ ਵਾਲੀ ਨਿਰੰਤਰ ਅਸਫਲਤਾ ਨੌਜਵਾਨਾਂ ਦੀ ਮਾਨਸਿਕ ਸਿਹਤ ਉੱਤੇ ਵੀ ਡੂੰਘਾ ਅਸਰ ਪਾਉਂਦੀ ਹੈ। ਜਦੋਂ ਉਹ ਬਾਰ ਬਾਰ ਆਨਲਾਈਨ ਅਪਲਾਈ ਕਰਦੇ ਹਨ ਅਤੇ ਉਹਨਾਂ ਨੂੰ ਲੰਮੇ ਸਮੇਂ ਤੱਕ ਕੋਈ ਜਵਾਬ ਨਹੀਂ ਮਿਲਦਾ ਤਾਂ ਉਹਨਾਂ ਅੰਦਰ ਨਿਰਾਸ਼ਾ ਅਤੇ ਹੀਣ ਭਾਵਨਾ ਪੈਦਾ ਹੋਣ ਲੱਗਦੀ ਹੈ। ਉਹ ਆਪਣੇ ਆਪ ਨੂੰ ਅਸਮਰੱਥ ਅਤੇ ਅਯੋਗ ਸਮਝਣ ਲੱਗ ਪੈਂਦੇ ਹਨ ਭਾਵੇਂ ਕਿ ਅਸਲ ਸਮੱਸਿਆ ਉਹਨਾਂ ਦੀ ਕਾਬਲੀਅਤ ਵਿੱਚ ਨਹੀਂ ਬਲਕਿ ਭਰਤੀ ਦੀ ਇਸ ਅਸੰਤੁਲਿਤ ਪ੍ਰਕਿਰਿਆ ਵਿੱਚ ਹੁੰਦੀ ਹੈ। ਦੂਜੇ ਪਾਸੇ ਕਾਰੋਬਾਰੀ ਵੀ ਇਸ ਸਥਿਤੀ ਤੋਂ ਲਗਾਤਾਰ ਪਰੇਸ਼ਾਨ ਹੋ ਰਹੇ ਹਨ। ਕਾਮਿਆਂ ਦੀ ਭਾਰੀ ਘਾਟ ਕਾਰਨ ਉਹਨਾਂ ਦਾ ਰੋਜ਼ਾਨਾ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ ਅਤੇ ਉਹ ਆਪਣੇ ਗਾਹਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਫਲ ਰਹਿੰਦੇ ਹਨ। ਇਸ ਤਰ੍ਹਾਂ ਇਹ ਪਾੜਾ ਸਿਰਫ ਆਰਥਿਕ ਨੁਕਸਾਨ ਹੀ ਨਹੀਂ ਕਰ ਰਿਹਾ ਬਲਕਿ ਸਾਡੇ ਸਮਾਜਿਕ ਢਾਂਚੇ ਲਈ ਵੀ ਨੁਕਸਾਨਦੇਹ ਸਾਬਤ ਹੋ ਰਿਹਾ ਹੈ।

# ਸਵੇਰ ਦੀ ਸੈਰ ਕਰ ਰਹੇ ਪੰਜਾਬੀ ਬਜ਼ੁਰਗ ਤੇਜਿੰਦਰ ਸਿੰਘ 'ਤੇ ਕਿਲੋਨਾ ਵਿੱਚ ਚਾਕੂ ਨਾਲ ਹਮਲਾ



ਸਰੀ, (ਏਕਜੋਤ ਸਿੰਘ): ਕਿਲੋਨਾ ਸ਼ਹਿਰ ਵਿੱਚ ਭਾਰਤ ਤੋਂ ਆਪਣੇ ਪਰਿਵਾਰ ਨੂੰ ਮਿਲਣ ਆਏ ਇੱਕ 57 ਸਾਲਾ ਬਜ਼ੁਰਗ ਤੇਜਿੰਦਰ ਸਿੰਘ 'ਤੇ ਸਵੇਰ ਦੀ ਸੈਰ ਦੌਰਾਨ ਚਾਕੂ ਨਾਲ ਹਮਲਾ ਕੀਤੇ ਜਾਣ ਦੀ ਮੰਦਭਾਗੀ ਘਟਨਾ ਸਾਹਮਣੇ ਆਈ ਹੈ। ਪੀੜਤ ਪਰਿਵਾਰ ਮੁਤਾਬਕ ਇਹ ਹਮਲਾ ਪੂਰੀ ਤਰ੍ਹਾਂ ਅਚਾਨਕ ਅਤੇ ਬਿਨਾਂ ਕਿਸੇ ਕਾਰਨ ਦੇ ਕੀਤਾ ਗਿਆ ਸੀ, ਜਿਸ ਨੇ ਪੂਰੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਹ ਵਾਰਦਾਤ ਹਾਈਵੇਅ 97 ਅਤੇ ਹਾਈਵੇਅ 33 ਦੇ ਨੇੜੇ ਵਾਪਰੀ।

ਤੇਜਿੰਦਰ ਸਿੰਘ ਦੀ ਬੇਟੀ ਮਨਵੀਰ ਸੰਧੂ ਨੇ ਦੱਸਿਆ ਕਿ ਉਸ ਦੇ ਪਿਤਾ ਸਵੇਰੇ ਸੈਰ ਕਰ ਰਹੇ ਸਨ, ਜਦੋਂ ਸਾਹਮਣੇ ਤੋਂ ਆ ਰਹੇ ਇੱਕ ਨੌਜਵਾਨ ਨੇ ਉਨ੍ਹਾਂ ਨਾਲ ਅੰਗਰੇਜ਼ੀ ਵਿੱਚ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਪਿਤਾ ਨੂੰ ਅੰਗਰੇਜ਼ੀ ਨਾ ਆਉਣ ਕਾਰਨ ਉਨ੍ਹਾਂ ਨੇ ਦੋ ਵਾਰ 'ਸੌਰੀ, ਨੋ ਇੰਗਲਿਸ਼' ਕਿਹਾ। ਇਸ ਤੋਂ ਬਾਅਦ ਉਹ ਨੌਜਵਾਨ ਉੱਥੋਂ ਚਲਾ ਗਿਆ ਅਤੇ ਪਿਤਾ ਨੂੰ ਲੱਗਿਆ ਕਿ ਗੱਲ ਖਤਮ ਹੋ ਗਈ ਹੈ। ਪਰ ਕੁਝ ਹੀ ਪਲਾਂ ਬਾਅਦ, ਉਸ ਨੌਜਵਾਨ ਨੇ ਪਿੱਛੋਂ ਆ ਕੇ ਤੇਜਿੰਦਰ ਸਿੰਘ ਦੀ ਪਿੱਠ 'ਤੇ ਜ਼ੋਰਦਾਰ ਹਮਲਾ ਕਰ ਦਿੱਤਾ। ਸ਼ੁਰੂ ਵਿੱਚ ਉਨ੍ਹਾਂ ਨੂੰ ਲੱਗਿਆ ਕਿ ਸ਼ਾਇਦ ਕਿਸੇ ਨੇ ਮੁੱਕਾ ਮਾਰਿਆ ਹੈ, ਪਰ ਜਦੋਂ ਉਨ੍ਹਾਂ ਨੇ ਹੱਥ ਲਗਾ ਕੇ ਦੇਖਿਆ ਤਾਂ ਉੱਥੇ ਖੂਨ ਵਹਿ ਰਿਹਾ ਸੀ।

ਹਮਲੇ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਪੈਦਲ ਹੀ ਫ਼ਰਾਰ ਹੋ ਗਿਆ। ਤੇਜਿੰਦਰ ਸਿੰਘ ਨੇ ਹਿੰਮਤ ਦਿਖਾਉਂਦਿਆਂ ਨੇੜੇ ਕੰਮ ਕਰ ਰਹੇ ਕੁਝ ਮਜ਼ਦੂਰਾਂ ਦਾ ਧਿਆਨ ਆਪਣੇ ਵੱਲ ਖਿੱਚਿਆ, ਜਿਨ੍ਹਾਂ ਨੇ ਤੁਰੰਤ ਐਮਰਜੈਂਸੀ ਸੇਵਾਵਾਂ ਨੂੰ ਫੋਨ ਕੀਤਾ। ਜ਼ਖਮੀ ਬਜ਼ੁਰਗ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਲਗਭਗ ਇੱਕ ਹਫ਼ਤਾ ਇਲਾਜ ਅਧੀਨ ਰਹਿਣ ਤੋਂ ਬਾਅਦ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਮਨਵੀਰ ਸੰਧੂ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਹ ਪਿਛਲੇ 10 ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਹੀ ਹੈ ਪਰ ਉਸ ਨੇ ਕਦੇ ਵੀ ਆਪਣੇ ਆਪ ਨੂੰ ਇੰਨਾ ਅਸੁਰੱਖਿਅਤ ਮਹਿਸੂਸ ਨਹੀਂ ਕੀਤਾ ਸੀ।

ਕਲੋਨਾ ਆਰਸੀਐਮਪੀ (RCMP) ਨੇ ਦੱਸਿਆ ਕਿ ਮਾਮਲੇ ਦੀ ਜਾਂਚ ਸਰਗਰਮੀ ਨਾਲ ਕੀਤੀ ਜਾ ਰਹੀ ਹੈ, ਪਰ ਹਾਲੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋ ਸਕੀ। ਪੁਲਿਸ ਵੱਲੋਂ ਇਲਾਕੇ ਦੇ ਸੀਸੀਟੀਵੀ (CCTV) ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਹਮਲਾਵਰ ਦੀ ਪਛਾਣ ਕੀਤੀ ਜਾ ਸਕੇ। ਪੁਲਿਸ ਨੇ 12 ਮਈ ਨੂੰ ਸਵੇਰੇ 9 ਤੋਂ 9:45 ਵਜੇ ਦੇ ਦਰਮਿਆਨ ਇਸ ਇਲਾਕੇ ਵਿੱਚੋਂ ਲੰਘਣ ਵਾਲੇ ਵਾਹਨ ਚਾਲਕਾਂ ਨੂੰ ਆਪਣੇ ਡੈਸ਼ਕੈਮ ਫੁਟੇਜ ਸਾਂਝੀ ਕਰਨ ਦੀ ਅਪੀਲ ਕੀਤੀ ਹੈ। ਪਰਿਵਾਰ ਨੇ ਮੁਸ਼ਕਿਲ ਘੜੀ ਵਿੱਚ ਮਦਦ ਕਰਨ ਵਾਲੇ ਲੋਕਾਂ ਦਾ ਧੰਨਵਾਦ ਕੀਤਾ ਹੈ। This report was written by Ekjot Singh as part of the Local Journalism Initiative.

# ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ ਸਰੀ ਵਿਚ ਸਾਹਿਤਕ ਸਮਾਗਮ



ਸਰੀ, (ਹਰਦਮ ਮਾਨ): 'ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ' ਵੱਲੋਂ ਹਰਮਨ ਪਿਆਰੇ ਮਹਾਨ ਕਵੀ ਗੁਰਦਾਸ ਰਾਮ ਆਲਮ ਦੀ ਯਾਦ ਨੂੰ ਸਮਰਪਿਤ 12ਵਾਂ ਸਾਹਿਤਕ ਸਮਾਗਮ ਬੀਤੇ ਦਿਨੀਂ ਸੈਂਟਰਲ ਲਾਇਬ੍ਰੇਰੀ, ਸਰੀ ਵਿਖੇ ਕਰਵਾਇਆ ਗਿਆ। ਇਸ ਸਾਹਿਤਕ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਲੇਖਕਾਂ, ਕਵੀਆਂ ਅਤੇ ਸਾਹਿਤ ਪ੍ਰੇਮੀਆਂ ਨੇ ਹਾਜ਼ਰੀ ਭਰੀ।

ਸਮਾਗਮ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਕਵੀ ਦਰਬਾਰ ਨਾਲ ਹੋਈ, ਜਿਸ ਵਿੱਚ ਨਾਮਵਰ ਮਨਜੀਤ ਮੱਲ੍ਹਾ, ਬਲਰਾਜ ਬਾਸੀ, ਗੁਰਮੀਤ ਸਿੰਘ ਕਾਲਕਟ ਅਤੇ ਸਿਮਰਨ ਕ੍ਰਾਂਤੀ ਨੇ ਲੋਕ ਕਵੀ ਗੁਰਦਾਸ ਰਾਮ ਆਲਮ ਦੀਆਂ ਚੋਣਵੀਆਂ ਅਤੇ ਪ੍ਰਭਾਵਸ਼ਾਲੀ ਕਵਿਤਾਵਾਂ ਨੂੰ ਤਰੰਨਮ ਅਤੇ ਸੁਚੱਜੇ ਢੰਗ ਨਾਲ ਪੇਸ਼ ਕਰਕੇ ਮਾਹੌਲ ਨੂੰ ਸਾਹਿਤਕ ਰੰਗ ਵਿੱਚ ਰੰਗ ਦਿੱਤਾ।

ਸਮਾਗਮ ਦੇ ਦੂਜੇ ਪੜਾਅ ਵਿੱਚ "ਕਿਰਤ ਦੀ ਕਦਰ" ਵਿਸ਼ੇ ਉੱਪਰ ਇੱਕ ਵਿਸ਼ੇਸ਼ ਵਿਚਾਰ ਚਰਚਾ ਕਰਵਾਈ ਗਈ। ਇਸ ਚਰਚਾ ਦਾ ਆਗਾਜ਼ ਪ੍ਰਿੰਸੀਪਲ ਮਲੂਕ ਚੰਦ ਕਲੇਰ ਵੱਲੋਂ "ਕਿਰਤ ਦੀ ਕਦਰ" ਵਿਸ਼ੇ 'ਤੇ ਪੜ੍ਹੇ ਗਏ ਖੋਜ ਪੱਤਰ ਨਾਲ ਹੋਇਆ। ਉਪਰੰਤ ਵਿਸ਼ੇ 'ਤੇ ਗੰਭੀਰ ਚਰਚਾ ਕਰਦਿਆਂ ਡਾ. ਗੁਰਵਿੰਦਰ ਸਿੰਘ (ਪ੍ਰਧਾਨ ਪੰਜਾਬੀ ਪ੍ਰੈੱਸ ਕਲੱਬ ਬੀ.ਸੀ.), ਰਾਜਿੰਦਰ ਸਿੰਘ ਪੰਧੇਰ, ਕੁਲਵੰਤ ਸਿੰਘ ਧਾਲੀਵਾਲ, ਰਮਨੀ ਕਲੇਰ, ਪ੍ਰੋ. ਦਵਿੰਦਰ ਸਿੰਘ ਸੁੰਨੜ, ਕੈ. ਜੀਤ ਮਹਿਰਾ, ਕੁਲਵਿੰਦਰ ਸਿੰਘ ਕੁਲਾਰ ਅਤੇ ਮਨਮੋਹਨ ਸਿੰਘ ਸਮਰਾ ਨੇ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ ਅਤੇ ਕਿਰਤ ਦੀ ਅਹਿਮੀਅਤ 'ਤੇ ਰੌਸ਼ਨੀ ਪਾਈ।

ਸਮਾਗਮ ਵਿਚ ਹੋਰਨਾਂ ਤਸਂ ਇਲਾਵਾ ਰੂਪ ਲਾਲ ਗੜ੍ਹੂ, ਰਾਜ ਪੰਧੇਰ, ਮਨਦੀਪ ਕਲੇਰ, ਹਰਜੀਤ ਕੌਰ ਕਲੇਰ, ਜੈਸਿਕਾ, ਯੁਵਰਾਜ, ਤਰਸੇਮ ਸਿੰਘ, ਕੁਲਵੰਤ ਸਿੰਘ ਸੌਂਧੀ, ਅਵਤਾਰ ਸਿੰਘ ਢਿੱਲੋਂ, ਨਰਿੰਦਰ ਬਾਹੀਆ, ਸਰਬਜੀਤ ਸਿੰਘ ਬਾਸੀ, ਜਸਵੀਰ ਸਿੰਘ ਭਲੂਰੀਆ, ਅਮਨਦੀਪ ਸਿੰਘ, ਤੇਜਬੀਰ ਚੌਹਾਨ, ਦਲਜੀਤ ਸਿੰਘ, ਨਿਰੰਜਨ ਸਿੰਘ ਲਹਿਲ, ਤੇਜਬੀਰ ਟਾਕਸ ਅਤੇ ਪ੍ਰੋ. ਸੁਸ਼ੀਲ ਸ਼ਾਮਿਲ ਸਨ। ਮੰਚ ਦਾ ਸਫਲ ਸੰਚਾਲਨ ਸਭਾ ਦੇ ਸੰਸਥਾਪਕ ਪ੍ਰਿੰਸੀਪਲ ਮਲੂਕ ਚੰਦ ਕਲੇਰ ਵੱਲੋਂ ਕੀਤਾ ਗਿਆ, ਜਿਨ੍ਹਾਂ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਵੈਨਕੂਵਰ ਦਾ ਈਸਟ ਬ੍ਰਾਡਵੇਅ ਹਿੱਸਾ ਆਵਾਜਾਈ ਲਈ ਖੁੱਲ੍ਹਿਆ, ਸਥਾਨਕ ਦੁਕਾਨਦਾਰਾਂ ਨੇ ਸੁੱਖ ਦਾ ਸਾਹ ਲਿਆ

ਸਰੀ, (ਏਕਜੋਤ ਸਿੰਘ): ਵੈਨਕੂਵਰ ਦੇ ਈਸਟ ਬ੍ਰਾਡਵੇਅ ਖੇਤਰ ਵਿੱਚ ਚੱਲ ਰਹੇ ਬ੍ਰਾਡਵੇਅ ਸਬਵੇਅ ਪ੍ਰੋਜੈਕਟ ਦੇ ਨਿਰਮਾਣ ਕਾਰਨ ਲੰਬੇ ਸਮੇਂ ਤੋਂ ਬੰਦ ਪਏ ਰਸਤੇ ਨੂੰ ਬੁੱਧਵਾਰ ਤੋਂ ਦੋਵਾਂ ਦਿਸ਼ਾਵਾਂ ਵਿੱਚ ਇੱਕ-ਇੱਕ ਲੇਨ ਲਈ ਦੁਬਾਰਾ ਖੋਲ੍ਹ ਦਿੱਤਾ ਗਿਆ ਹੈ। ਮੇਨ ਸਟ੍ਰੀਟ ਦੇ ਇਸ ਇੰਟਰਸੈਕਸ਼ਨ ਨੂੰ ਮਿੱਥੇ ਸਮੇਂ ਤੋਂ ਇੱਕ ਹਫ਼ਤਾ ਪਹਿਲਾਂ ਖੋਲ੍ਹਿਆ ਗਿਆ ਹੈ, ਜਿਸ ਨਾਲ ਇਲਾਕੇ ਦੇ ਵਾਹਨ ਚਾਲਕਾਂ ਅਤੇ ਸਥਾਨਕ ਕਾਰੋਬਾਰੀਆਂ ਨੂੰ ਵੱਡੀ ਰਾਹਤ ਮਿਲੀ ਹੈ। ਇਹ ਮੁੱਖ ਮਾਰਗ ਜਨਵਰੀ ਦੇ ਅਖੀਰ ਤੋਂ ਮੇਨ ਅਤੇ ਕਿਊਬੈਕ ਸਟ੍ਰੀਟ ਦੇ ਵਿਚਕਾਰ ਪੂਰੀ ਤਰ੍ਹਾਂ ਬੰਦ ਸੀ, ਕਿਉਂਕਿ ਨਿਰਮਾਣ ਟੀਮਾਂ ਭਵਿੱਖ ਦੇ ਮਾਉਂਟ ਪਲੀਜ਼ੈਂਟ ਸਟੇਸ਼ਨ ਦੇ ਨਿਰਮਾਣ ਲਈ ਟ੍ਰੈਫਿਕ ਡੈੱਕ ਨੂੰ ਹਟਾਉਣ ਦੇ ਕੰਮ ਵਿੱਚ ਜੁਟੀਆਂ ਹੋਈਆਂ ਸਨ।

ਸੂਬਾ ਸਰਕਾਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਖਾਸ ਹਿੱਸੇ 'ਤੇ ਕੰਮ ਉਮੀਦ ਨਾਲੋਂ ਤੇਜ਼ੀ ਨਾਲ ਪ੍ਰਗਤੀ ਵੱਲ ਵਧਿਆ ਹੈ, ਜਿਸ ਦੇ ਸਿੱਟੇ ਵਜੋਂ ਬ੍ਰਾਡਵੇਅ ਦੀਆਂ ਸਾਰੀਆਂ 4 ਲੇਨਾਂ ਨੂੰ ਸਤੰਬਰ ਦੀ ਬਜਾਏ ਜੁਲਾਈ ਤੱਕ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਜਾਵੇਗਾ। ਹਾਲਾਂਕਿ, ਇਸ ਲੰਬੇ ਸਮੇਂ ਦੀ ਸੜਕ ਬੰਦੀ ਕਾਰਨ ਇਲਾਕੇ ਦੇ ਕਾਰੋਬਾਰੀ ਬਹੁਤ ਪ੍ਰਭਾਵਿਤ ਹੋਏ ਹਨ।



ਕੱਪੜਿਆਂ ਦੇ ਬ੍ਰਾਂਡ 'ਡੌਬ' (Daub) ਦੀ ਸੰਸਥਾਪਕ ਲੈਕਸੀ ਸੁਕੋਰੇਫ ਨੇ ਦੱਸਿਆ ਕਿ ਪਿਛਲੇ 4 ਮਹੀਨਿਆਂ ਦੌਰਾਨ ਪੈਦਲ ਚੱਲਣ ਵਾਲੇ ਗਾਹਕਾਂ ਦੀ ਗਿਣਤੀ ਬਹੁਤ ਘੱਟ ਗਈ ਸੀ, ਜਿਸ ਨਾਲ ਕਾਰੋਬਾਰ ਦੀ ਆਮਦਨ ਬਹੁਤ ਪ੍ਰਭਾਵਿਤ ਹੋਈ। ਸੜਕ ਬੰਦ ਹੋਣ ਕਾਰਨ ਗੱਡੀਆਂ ਦਾ ਆਉਣਾ-ਜਾਣਾ ਬੰਦ ਸੀ ਅਤੇ ਦੁਕਾਨ ਦੇ ਸਾਹਮਣੇ ਵਾਲਾ ਫੁੱਟਪਾਥ ਵੀ ਅਜੇ ਤੱਕ ਬੰਦ ਹੈ।

ਲੈਕਸੀ ਮੁਤਾਬਕ, ਆਮਦਨ ਵਿੱਚ ਹੋਏ ਨੁਕਸਾਨ ਦੀ ਭਰਪਾਈ ਲਈ ਉਨ੍ਹਾਂ ਨੂੰ ਆਨਲਾਈਨ ਵਿਕਰੀ ਅਤੇ ਹੋਲਸੇਲ ਦੇ ਕੰਮ 'ਤੇ ਨਿਰਭਰ ਰਹਿਣਾ ਪਿਆ, ਜਿਸ ਲਈ ਭਾਰੀ ਇਸ਼ਤਿਹਾਰਬਾਜ਼ੀ ਦਾ ਖਰਚਾ ਕਰਨਾ ਪੈਂਦਾ ਹੈ। ਹਾਲਾਂਕਿ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਗਰਮੀਆਂ ਦੇ ਅੰਤ ਤੱਕ ਇਹ ਰਸਤਾ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਜਾਵੇਗਾ, ਪਰ ਪਹਿਲਾਂ ਵੀ ਕਈ ਵਾਰ ਡੈੱਡਲਾਈਨ ਖੁੰਝ ਜਾਣ ਕਾਰਨ ਕਾਰੋਬਾਰੀ ਅਜੇ ਵੀ ਚਿੰਤਤ ਹਨ। ਗਰਮੀਆਂ ਦੇ ਮੌਸਮ ਵਿੱਚ ਵੈਨਕੂਵਰ ਵਿੱਚ ਸੈਲਾਨੀਆਂ ਦੀ ਆਮਦ ਕਾਰਨ ਬਾਜ਼ਾਰਾਂ ਵਿੱਚ ਰੌਣਕ ਹੁੰਦੀ ਹੈ, ਇਸ ਲਈ ਸੜਕਾਂ ਦਾ ਖੁੱਲ੍ਹਣਾ ਬਹੁਤ ਜ਼ਰੂਰੀ ਹੈ।

ਸਥਾਨਕ ਨਿਵਾਸੀ ਵਿਕਟੋਰੀਆ ਰਾਨੀਆ ਨੇ ਕਿਹਾ ਕਿ ਰੋਜ਼ਾਨਾ ਕੰਮ 'ਤੇ ਜਾਣ ਵਾਲੇ ਲੋਕਾਂ ਲਈ ਟ੍ਰੈਫਿਕ ਦੀ ਸਥਿਤੀ ਬਹੁਤ ਖ਼ਰਾਬ ਸੀ ਅਤੇ ਇਸ ਹਿੱਸੇ ਦੇ ਖੁੱਲ੍ਹਣ ਨਾਲ ਕੁਝ ਸੁਧਾਰ ਹੋਵੇਗਾ। ਪਰ ਵਾਹਨ ਚਾਲਕਾਂ ਦੀਆਂ ਮੁਸ਼ਕਿਲਾਂ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਹੋਈਆਂ, ਕਿਉਂਕਿ ਗਰਮੀਆਂ ਦੇ ਅੰਤ ਵਿੱਚ ਅਲਬਰਟਾ ਅਤੇ ਕੈਂਬੀ ਸਟ੍ਰੀਟ ਦੇ ਵਿਚਕਾਰ ਬ੍ਰਾਡਵੇਅ ਦਾ ਇੱਕ ਹੋਰ ਹਿੱਸਾ ਅਗਲੇ 6 ਮਹੀਨਿਆਂ ਲਈ ਪੂਰੀ ਤਰ੍ਹਾਂ ਬੰਦ ਕੀਤਾ ਜਾਵੇਗਾ। ਸੂਬਾ ਸਰਕਾਰ ਅਨੁਸਾਰ ਇਹ ਬੰਦੀ ਜੁਲਾਈ ਵਿੱਚ ਫੀਫਾ ਵਿਸ਼ਵ ਕੱਪ ਦੇ ਮੈਚ ਖਤਮ ਹੋਣ ਤੋਂ ਬਾਅਦ ਸ਼ੁਰੂ ਹੋਵੇਗੀ ਅਤੇ ਇਹ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਆਖਰੀ ਮੁੱਖ ਸੜਕ ਬੰਦੀ ਹੋਵੇਗੀ।

# ਗੁਰੂ ਨਾਨਕ ਜਹਾਜ਼ : ਨਸਲਵਾਦ 'ਤੇ ਜਿੱਤ

## 23 ਮਈ 2026 : 112ਵੀਂ ਯਾਦਗਾਰੀ ਵਰ੍ਹੇ-ਗੰਢ 'ਤੇ ਵਿਸ਼ੇਸ਼

ਪਹਿਲੀ - ਕਿਸ਼ਤ



ਡਾ. ਗੁਰਵਿੰਦਰ ਸਿੰਘ
604-825-1550

ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸੰਘਰਸ਼ ਨਸਲਵਾਦ ਉਪਰ ਜਿੱਤ ਦਾ ਗੌਰਵਮਈ ਵਿਰਸਾ ਹੈ। ਇਹ ਮਨੁੱਖੀ ਹੱਕਾਂ ਲਈ ਘੋਲ ਦਾ ਸ਼ਾਨਦਾਰ ਇਤਿਹਾਸ ਹੈ। ਗੁਰੂ ਨਾਨਕ ਜਹਾਜ਼' ਦਾ ਸਫ਼ਰ ਬਸਤੀਵਾਦ ਅਤੇ ਨਸਲਵਾਦ ਦਾ, ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਨਾਲ ਮੁਕਾਬਲਾ ਕਰਨ ਵਾਲੇ ਮੁਸਾਫਿਰਾਂ ਦੀ, ਨਿੱਡਰ ਅਤੇ ਸੁਤੰਤਰ ਹਸਤੀ ਦਾ ਗੌਰਵਮਈ ਅਧਿਆਇ ਹੈ। 23 ਮਈ ਨੂੰ ਗੁਰੂ ਨਾਨਕ ਜਹਾਜ਼ ਦੇ, ਵੈਨਕੂਵਰ ਦੀ ਸਮੁੰਦਰੀ ਧਰਤੀ 'ਤੇ ਪੁੱਜਣ ਦੇ ਇਤਿਹਾਸਿਕ ਵਰਤਾਰੇ ਨੂੰ 112 ਸਾਲ ਹੋ। ਰਹੇ ਹਨ। ਮਹਾਨ ਲਿਖਾਰੀ ਜਾਰਜ ਓਰਵੈਲ ਦਾ ਕਹਿਣਾ ਹੈ ਕਿ ਲੋਕਾਂ ਨੂੰ ਤਬਾਹ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ ਕਿ ਲੋਕਾਂ ਦੀ ਆਪਣੇ ਇਤਿਹਾਸ ਬਾਰੇ ਸਮਝ ਨੂੰ ਨਕਾਰਨਾ ਅਤੇ ਮਿਟਾ ਦੇਣਾ। ਲੋਕਾਂ ਨੂੰ ਤਬਾਹੀ ਤੋਂ ਬਚਾਉਣ ਲਈ ਆਪਣੇ ਇਤਿਹਾਸ ਬਾਰੇ ਸਮਝਾਉਣ ਅਤੇ ਉਸ 'ਤੇ ਫ਼ਖਰ ਮਹਿਸੂਸ ਕਰਨ ਲਈ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਅਤੇ ਪ੍ਰਸੰਗ ਨੂੰ ਸਮਝਣਾ ਲਾਹੇਬੰਦ ਹੋਏਗਾ।

### ਕੈਨੇਡਾ ਸਰਕਾਰ ਦੇ 'ਨਸਲੀ ਵਿਤਕਰੇ ਵਾਲੇ ਕਾਨੂੰਨ ਨੂੰ ਚੁਣੌਤੀ ਲਈ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਦਾ ਗਠਨ :

ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ ਵਿੱਚ ਨਸਲਵਾਦੀ ਸਰਕਾਰ ਸੀ, ਜਿਸ ਨੇ 1907 ਵਿੱਚ ਪਹਿਲਾਂ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਤੇ ਉਸ ਤੋਂ ਬਾਅਦ ਕੈਨੇਡਾ ਆਉਣ ਲਈ ਆਪਣੇ ਮੁਲਕ ਤੋਂ ਸਿੱਧੇ ਸਫ਼ਰ ਦੀ ਸ਼ਰਤ ਲਾ ਦਿੱਤੀ। 'ਸਿੱਧਾ ਸਫ਼ਰ' ਕੈਨੇਡਾ ਦਾਖਲ ਹੋਣ ਤੋਂ ਰੋਕਣ ਵਾਲਾ 'ਕਾਲਾ ਕਾਨੂੰਨ' ਸੀ, ਜਿਸ ਨੂੰ ਪ੍ਰਭਾਵਹੀਣ ਕਰਨ ਲਈ ਕੈਨੇਡਾ ਦੇ ਮੋਢੀ ਸਿੱਖਾਂ ; ਸ਼ਹੀਦ ਭਾਈ ਭਾਗ ਸਿੰਘ ਜੀ ਭਿਖੀਵਿੰਡ, ਪ੍ਰਧਾਨ ਅਤੇ ਸ਼ਹੀਦ ਭਾਈ ਬਲਵੰਤ ਸਿੰਘ ਜੀ ਖੁਰਦਪੁਰ ਮੁੱਖ ਗ੍ਰੰਥੀ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਸਲਾਹ 'ਤੇ ਮਾਝੇ ਦੇ ਨਾਮਵਰ ਸਿੱਖ ਆਗੂ ਅਤੇ ਕਾਰੋਬਾਰੀ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਦੂਰ-ਅੰਦੇਸ਼ੀ ਨਾਲ ਵਿਉਂਤ ਸੋਚੀ। 'ਨਸਲੀ ਵਿਤਕਰੇ ਵਾਲੇ ਕਾਨੂੰਨ ਨਿਰੰਤਰ ਸਿੱਧੇ ਸਫਰ' ਨੂੰ ਚੁਣੌਤੀ ਦੇਣ ਲਈ ਜਨਵਰੀ 1914 ਵਿੱਚ ਬਾਬਾ ਜੀ ਵੱਲੋਂ ਕਲਕੱਤੇ (ਬ੍ਰਿਟਿਸ਼ ਭਾਰਤ) ਜਾ ਕੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਕਾਇਮ ਕੀਤੀ ਗਈ, ਜਿਸ ਅਧੀਨ 'ਗੁਰੂ ਨਾਨਕ ਸਾਹਿਬ' ਦੇ ਨਾਂ 'ਤੇ ਜਹਾਜ਼ ਕਿਰਾਏ 'ਤੇ ਲੈਣ ਦਾ ਫੈਸਲਾ ਕੀਤਾ ਗਿਆ। ਉਨਾਂ ਸਮੁੰਦਰੀ ਬੇੜੇ ਦੀ ਭਾਲ ਕਰਦਿਆਂ ਸਭ ਤੋਂ ਪਹਿਲਾਂ 'ਸਿੰਗਾਪੁਰ ਸਟੀਮਸ਼ਿਪ ਕੰਪਨੀ' ਦੇ ਮੈਨੇਜਰ ਰਾਹੀਂ 'ਲਿਥੋ ਐਂਡ ਕੰਪਨੀ' ਨੂੰ ਸੰਪਰਕ ਕੀਤਾ, ਪਰ ਉਹਨਾਂ ਦਾ ਜਹਾਜ਼ ਪੁਰਾਣਾ ਹੋਣ ਕਾਰਨ ਪੈਸੇਫਿਕ ਸਮੁੰਦਰ ਵਿੱਚ ਉਤਾਰੇ ਜਾਣ ਦੇ ਸਮਰੱਥ ਨਹੀਂ ਸੀ। ਇਉਂ ਹੀ ਕਈ ਹੋਰ ਬੇੜਿਆਂ ਦੀ ਪੜਤਾਲ ਕੀਤੀ ਗਈ। ਆਖ਼ਰਕਾਰ ਜਰਮਨ ਦੇ ਏਜੰਟ ਯੂਨੇ ਰਾਹੀਂ ਜਪਾਨੀ ਕੰਪਨੀ 'ਕਾਮਾਗਾਟਾ' ਨਾਲ ਸੰਪਰਕ ਕੀਤਾ ਅਤੇ ਉਹਨਾਂ ਦਾ ਜਹਾਜ਼ ਲੈਣ ਦਾ ਫੈਸਲਾ ਕੀਤਾ। ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਬੇੜਾ, ਜਾਪਾਨ ਤੋਂ 11 ਹਜ਼ਾਰ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ, 6 ਮਹੀਨਿਆਂ ਲਈ 66 ਹਜ਼ਾਰ ਡਾਲਰ 'ਤੇ ਭਾੜੇ 'ਤੇ ਲਿਆ। ਇਸ ਦਾ ਆਕਾਰ 392.2 ਫੁੱਟ ਸੀ ਅਤੇ 3 ਹਜ਼ਾਰ ਟਨ ਮਾਲ ਢੋਣ ਦੀ ਸਮਰੱਥਾ ਸੀ, ਜਦ ਕਿ ਇੱਕ ਘੰਟੇ ਵਿੱਚ 20 ਕਿਲੋਮੀਟਰ ਦਾ ਸਫਰ ਤੈਅ ਕਰ ਸਕਦਾ ਸੀ। ਮਾਰਚ 1914 ਨੂੰ ਬਾਬਾ ਗੁਰਦਿੱਤ ਸਿੰਘ ਨੇ ਜਪਾਨੀ ਕੰਪਨੀ ਤੋਂ ਇਹ ਜਹਾਜ਼ ਭਾੜੇ 'ਤੇ ਲਿਆ। ਇਹ ਜਹਾਜ਼ ਕੋਲਾ ਢੋਣ ਵਾਲਾ ਸੀ ਤੇ ਇਸ ਨੂੰ ਯਾਤਰੂ ਜਹਾਜ਼ ਦੇ ਰੂਪ ਵਿੱਚ ਬਦਲਣ ਲਈ ਬਾਬਾ ਗੁਰਦਿੱਤ ਸਿੰਘ ਨੇ ਅੰਦਰੋਂ ਕਾਫੀ ਤਬਦੀਲੀ ਕੀਤੀ ਅਤੇ 2500 ਡਾਲਰ ਖਰਚੇ 'ਤੇ ਯਾਤਰੂਆਂ ਲਈ ਸਫਰ ਕਰਨ ਯੋਗ ਬਣਾਇਆ। ਭਾਰੀ ਖਰਚਾ ਕਰਕੇ ਜਹਾਜ਼ ਦੀ ਮੁਰੰਮਤ ਕਰਵਾਉਂਦਿਆਂ, ਪੂਰੀ ਤਿਆਰੀ ਨਾਲ ਜਹਾਜ਼ ਮੁਸਾਫਿਰ ਲਿਜਾਣ ਵਾਲਾ ਬੇੜਾ ਬਣ ਗਿਆ।



### 'ਗੁਰੂ ਨਾਨਕ ਜਹਾਜ਼' ਦੇ ਨਾਮਕਰਨ ਦਾ ਇਤਿਹਾਸ :

ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਮਾਰਚ 1914 ਨੂੰ ਹਾਂਗਕਾਂਗ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਖੰਡ ਪਾਠ ਕਰਵਾਏ ਗਏ ਅਤੇ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਾ ਨਾਮਕਰਨ 'ਗੁਰੂ ਨਾਨਕ ਜਹਾਜ਼' ਕੀਤਾ ਗਿਆ। ਸਫਰ ਦੇ ਅਹਿਮ ਪਹਿਲੂ ਵਿਚਾਰਦਿਆਂ ਜਹਾਜ਼ ਦੀਆਂ ਟਿਕਟਾਂ 'ਗੁਰੂ ਨਾਨਕ ਨੈਵੀਗੇਸ਼ਨ ਕੰਪਨੀ' ਵੱਲੋਂ ਪ੍ਰਕਾਸ਼ਿਤ ਹੋਈਆਂ ਅਤੇ ਟਿਕਟਾਂ ਉੱਪਰ ਜਹਾਜ਼ ਦਾ ਨਾਂ 'ਗੁਰੂ ਨਾਨਕ ਸਟੀਮਰ' ਲਿਖਿਆ ਗਿਆ। ਗੁਰੂ ਨਾਨਕ ਜਹਾਜ਼ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਜਿੱਥੇ ਦੀਵਾਨ ਜੁੜਦੇ, ਢਾਡੀ ਵਾਰਾਂ ਗਾਉਂਦੇ ਅਤੇ ਨਿਸ਼ਾਨ ਸਾਹਿਬ ਝੁਲਾਇਆ ਜਾਂਦਾ। ਗੁਰੂ ਨਾਨਕ ਜਹਾਜ਼ ਦੇ ਸਫ਼ਰ ਦੌਰਾਨ ਪੰਜ ਅਖੰਡ ਪਾਠ ਅਤੇ ਦੋ ਸਹਿਜ ਪਾਠ ਸੰਪੂਰਨ ਕੀਤੇ ਗਏ। ਸਾਂਝੇ ਪੰਜਾਬ (ਅਜੋਕੇ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼) ਦੇ ਸਭ ਯਾਤਰੂ ਜਾਣਦੇ ਸਨ ਕਿ 'ਗੁਰੂ ਨਾਨਕ ਜਹਾਜ਼' ਨਾਂ 'ਤੇ ਹੀ ਸਭ ਨੂੰ 'ਸਾਂਝੀ ਗੋਦ' ਵਿੱਚ ਲਿਆ ਜਾ ਸਕਦਾ ਸੀ। ਇਤਿਹਾਸਿਕ ਤੱਥਾਂ 'ਤੇ ਅਧਾਰਤ ਇਸ ਜਾਣਕਾਰੀ ਤੋਂ ਬਾਅਦ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਇਸ ਸਮੁੰਦਰੀ ਬੇੜੇ ਦਾ ਨਾਂ ਗੁਰੂ ਨਾਨਕ ਜਹਾਜ਼ ਹੈ ਅਤੇ ਇਤਿਹਾਸਕਾਰਾਂ ਲਈ ਗੁਰੂ ਨਾਨਕ ਜਹਾਜ਼ ਸ਼ਬਦ ਹੀ ਵਰਤਣਾ ਉਚਿਤ ਹੈ। ਕਈਆਂ ਵੱਲੋਂ ਅੱਜ ਵੀ ਜਾਣੇ-ਅਣਜਾਣੇ ਵਿੱਚ ਗੁਰੂ ਨਾਨਕ ਜਹਾਜ਼ ਨੂੰ, ਜਾਪਾਨੀ ਨਾਂ ਕਾਮਾਗਾਟਾਮਾਰੂ ਨਾਲ ਹੀ ਬਿਆਨਿਆ ਜਾਂਦਾ ਹੈ, ਜੋ ਕਿ ਸਹੀ ਨਹੀਂ। ਜਹਾਜ਼ ਦੇ ਸਹੀ ਨਾਂ ਪ੍ਰਤੀ ਬੇਸਮਝੀ ਹੋਣ ਕਾਰਨ, ਕੈਨੇਡਾ ਵਿੱਚ ਕਈ ਸੰਸਥਾਵਾਂ ਦੇ ਨੁਮਾਇਦੇ ਕਾਹਲੀ ਨਾਲ ਸੜਕਾਂ, ਪਾਰਕਾਂ ਅਤੇ ਇਮਾਰਤਾਂ ਆਦਿ ਦੇ ਨਾਂ 'ਕਾਮਾਗਾਟਾਮਾਰੂ' ਰਖਵਾਈ ਜਾ ਰਹੇ ਹਨ, ਜੋ ਕਿ ਆਪਣੇ ਆਪ ਵਿੱਚ ਗਲਤ ਪਿਰਤ ਹੈ।ਅਜਿਹੀਆਂ ਸੰਸਥਾਵਾਂ ਦੇ ਆਗੂਆਂ ਲਈ ਇਤਿਹਾਸਿਕ ਖੋਜ ਪ੍ਰਤੀ ਸੂਝ-ਬੂਝ ਰੱਖਣੀ ਜ਼ਰੂਰੀ ਹੈ।

### ਕੌਮਾਂਤਰੀ ਮੰਚ 'ਤੇ ਪੰਜਾਬੀ ਸ਼ਬਦ 'ਜਹਾਜ਼' ਨੂੰ ਮਾਨਤਾ:

ਨਿਰੰਤਰ ਸਿੱਧੇ ਸਫਰ ਦੇ ਕਾਨੂੰਨੀ ਪੱਖ ਨੂੰ ਧਿਆਨ ਵਿੱਚ ਰੱਖਦਿਆਂ, ਜਹਾਜ਼ ਦੇ ਮੁਸਾਫਿਰਾਂ ਨੂੰ ਹਰ ਬੰਦਰਗਾਹ 'ਤੇ, 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਅਧੀਨ, ਗੁਰੂ ਨਾਨਕ ਜਹਾਜ਼ ਦੀਆਂ ਟਿਕਟਾਂ 'ਤੇ ਹੀ ਦਾਖਲ ਕੀਤਾ ਜਾਂਦਾ ਅਤੇ ਤੋਰਿਆ ਜਾਂਦਾ ਸੀ। ਆਪਣੇ ਇਤਿਹਾਸ ਅਤੇ ਵਿਰਾਸਤ 'ਤੇ ਪਹਿਰਾ ਦਿੰਦੇ ਹੋਏ, ਜਾਪਾਨੀ ਸ਼ਬਦ 'ਮਾਰੂ' ਜਾਂ ਅੰਗਰੇਜ਼ੀ ਸ਼ਬਦ 'ਸ਼ਿਪ' ਦੀ ਥਾਂ 'ਤੇ, 'ਜਹਾਜ਼' ਸ਼ਬਦ ਵਰਤਣਾ, ਪੰਜਾਬੀ ਮਾਂ ਬੋਲੀ ਤੇ ਗੁਰਮੁਖੀ ਦਾ ਸਤਿਕਾਰ ਅਤੇ ਪੰਜਾਬੀ ਸੱਭਿਆਚਾਰ ਦਾ ਗਿਆਨ ਵਧਾਉਣ ਤੋਂ ਇਲਾਵਾ ਦੁਨੀਆ ਨੂੰ ਦੱਸਣਾ ਸੀ ਕਿ 'ਪੰਜਾਬੀ ਸ਼ਬਦ ਕੋਸ਼' ਕਿੰਨੀ ਅਹਿਮੀਅਤ ਰੱਖਦਾ ਹੈ। ਇਤਿਹਾਸਿਕ ਦਸਤਾਵੇਜ਼ਾਂ ਮੁਤਾਬਕ ਜਪਾਨੀ ਸਮੁੰਦਰੀ ਬੇੜੇ ਨੂੰ ਕਿਰਾਏ 'ਤੇ ਲੈ ਕੇ, ਉਸ ਦੇ ਪੁਨਰ ਨਾਮਕਰਨ ਦੇ ਆਧਾਰ 'ਤੇ, ਉਸ ਨੂੰ ਗੁਰੂ ਨਾਨਕ ਜਹਾਜ਼ ਹੀ ਕਿਹਾ ਜਾ ਸਕਦਾ ਹੈ, ਨਾ ਕਿ ਕਿਸੇ ਵੀ ਹੋਰ ਨਾਂ ਨਾਲ ਸੰਬੋਧਨ ਕਰਨਾ ਠੀਕ ਹੈ। ਅਜਿਹੇ ਸੁਚੱਜੇ ਵਰਤਾਰੇ ਨੇ ਕੌਮਾਂਤਰੀ ਮੰਚ 'ਤੇ ਪੰਜਾਬੀ ਸ਼ਬਦ 'ਜਹਾਜ਼' ਨੂੰ ਮਕਬੂਲ ਕੀਤਾ ਹੈ।

### 'ਗੁਰੂ ਨਾਨਕ ਜਹਾਜ਼' ਨਾਂ ਤੋਂ ਪਹਿਲਾਂ ਤੇ ਮਗਰੋਂ ਬਦਲਦੇ ਰਹੇ ਨੇ ਸਮੁੰਦਰੀ ਬੇੜੇ ਦੇ ਨਾਂ :

ਬਾਬਾ ਗੁਰਦਿੱਤ ਸਿੰਘ ਵੱਲੋਂ ਭਾੜੇ 'ਤੇ ਲਏ ਗਏ ਜਹਾਜ਼ ਦੇ ਨਾਂ ਸਮੇਂ-ਸਮੇਂ ਬਦਲਦੇ ਰਹੇ ਹਨ। 'ਕਾਮਾਗਾਟਾਮਾਰੂ ਨਾਂ ਦੀ ਕੰਪਨੀ ਵੱਲੋਂ ਖਰੀਦੇ ਜਾਣ ਤੋਂ ਪਹਿਲਾਂ, ਇਸ ਜਹਾਜ਼ ਦੇ ਕਈ ਹੋਰ ਨਾਂ ਸਨ। ਮੂਲ ਰੂਪ ਵਿੱਚ ਇਹ ਜਪਾਨੀ ਸਟੀਮ ਲਾਈਨਰ ਜਹਾਜ਼ ਕੋਲਾ ਢੋਣ ਵਾਲਾ ਸੀ, ਜਿਸ ਨੂੰ 'ਚਾਰਲਸ ਕੋਨੇਲ ਐਂਡ ਕੰਪਨੀ' ਨੇ 13 ਅਗਸਤ 1890 ਨੂੰ ਪਹਿਲੀ ਵਾਰ ਸਮੁੰਦਰ ਵਿੱਚ ਉਤਾਰਿਆ ਸੀ ਅਤੇ ਉਦੋਂ ਇਸ ਦਾ ਨਾਂ ਉਪਰੋਕਤ ਕੰਪਨੀ ਦੇ ਨਾਂ 'ਤੇ ਹੀ ਆਧਾਰਿਤ ਸੀ। ਫਿਰ ਇਸ ਦੀ ਮਾਲਕੀ 'ਸਿਨਿਆਈ ਕਾਈਸਨ ਗੋਸ਼ੀ ਕੈਸੀਆ' ਜਪਾਨੀ ਕੰਪਨੀ ਕੋਲ ਆ ਗਈ ਅਤੇ ਇਸ ਨੂੰ ਇਸ ਕੰਪਨੀ ਦੇ ਨਾਂ ਨਾਲ ਜਾਣਿਆਂ ਜਾਂਦਾ ਰਿਹਾ। ਸੰਨ 1894 ਵਿੱਚ ਦੋ ਜਰਮਨ ਐਸ ਐਸ ਸ਼ਟਿਊਬਨਹੁਕ ਤੇ ਐਸ ਐਸ ਸੀਸੀਲੀਆ ਇਸਦੇ ਮਾਲਕ ਬਣੇ ਤੇ ਇਸਦਾ ਨਾਂ 'ਸੀਸੀਲੀਆ ਜਹਾਜ਼' ਹੋ ਗਿਆ। ਇਸ ਤੋਂ ਬਾਅਦ ਇਹ ਜਹਾਜ਼ ਕਾਫੀ ਸਮਾਂ 'ਹੈਮਬਰਗ ਅਤੇ ਅਮਰੀਕਨ ਲਾਈਨ' ਕੋਲ ਰਿਹਾ ਅਤੇ ਉਹਨਾਂ ਦੇ ਨਾਂ ਨਾਲ ਹੀ ਸੰਬੋਧਨ ਕੀਤਾ ਜਾਂਦਾ ਰਿਹਾ।1913 ਵਿੱਚ ਜਪਾਨ ਦੀ ਕੰਪਨੀ ਨੇ ਇਹ ਸਮੁੰਦਰੀ ਬੇੜਾ ਖਰੀਦ ਲਿਆ ਅਤੇ ਉਸ ਸਮੇਂ ਤੋਂ ਇਸ ਜਹਾਜ਼ ਦਾ ਨਾਂ 'ਕਾਮਾਗਾਟਾ ਮਾਰੂ' ਹੋ ਗਿਆ।ਸੰਨ 1914 ਵਿੱਚ ਬਾਬਾ ਗੁਰਦਿੱਤ ਸਿੰਘ ਵੱਲੋਂ ਭਾੜੇ ਤੇ ਲੈਣ 'ਤੇ ਇਸ ਦਾ ਨਾਂ 'ਗੁਰੂ ਨਾਨਕ ਜਹਾਜ਼' ਰੱਖਿਆ ਗਿਆ। 23 ਜੁਲਾਈ 1914 ਨੂੰ ਕੈਨੇਡਾ ਤੋਂ ਜਬਰੀ ਵਾਪਸ ਮੋੜਨ 'ਤੇ, 29 ਸਤੰਬਰ 1914 ਨੂੰ ਕਲਕੱਤਾ ਵਿਖੇ ਬਜ-ਬਜ ਘਾਟ 'ਤੇ ਪੁੱਜਣ ਮਗਰੋਂ, ਇਹ ਜਹਾਜ਼ 'ਕਾਮਾਗਾਟਾਮਾਰੂ ਕੰਪਨੀ' ਵਾਪਸ ਲੈ ਗਈ। 1924 ਵਿੱਚ ਇਹ ਜਹਾਜ਼ ਹੋਰ ਕੰਪਨੀ ਨੇ ਖਰੀਦ ਲਿਆ ਅਤੇ ਇਸ ਦਾ ਨਾਂ 'ਹੀਏਨ ਮਾਰੂ' ਰੱਖ ਦਿੱਤਾ। ਸੰਨ 1926 ਵਿੱਚ ਹੀਏਨ ਮਾਰੂ ਜਹਾਜ਼ ਨੂੰ ਸਮੁੰਦਰੀ ਸਫਰ ਦੇ ਯੋਗ ਨਾ ਹੋਣ ਦੀ ਹਾਲਤ ਵਿੱਚ ਨਕਾਰਾ ਕਰ ਦਿੱਤਾ ਗਿਆ। ਇਉਂ ਇਸ ਸਮੁੰਦਰੀ ਬੇੜੇ ਦੇ ਨਾਂ ਕਈ ਵਾਰ ਬਦਲੇ, ਪਰ ਇਸ ਗੱਲ ਨਾਲ ਆਪਣਾ ਕੋਈ ਲੈਣਾ-ਦੇਣਾ ਨਹੀਂ ਅਤੇ ਨਾ ਹੀ ਇਹ ਮੁੱਦਾ ਅਹਿਮ ਹੈ ਕਿ ਸਾਡੇ ਬਜ਼ੁਰਗਾਂ ਨੇ ਕਿਸ ਕੰਪਨੀ ਤੋਂ ਇਹ ਜਹਾਜ ਭਾੜੇ ਤੇ ਲਿਆ। ਸਾਡਾ ਅਸਲ ਮਕਸਦ ਤਾਂ ਉਹ ਇਤਿਹਾਸ ਸਾਂਭਣਾ ਹੈ, ਜਿਹੜਾ ਗੁਰੂ ਨਾਨਕ ਸਾਹਿਬ ਦੀ ਸਾਜੀ-ਵਾਜੀ ਖਲਕਤ ਵੱਲੋਂ ਨਸਲਵਾਦ ਖਿਲਾਫ ਜਾਨ ਦੀ ਬਾਜ਼ੀ ਖੇਡ ਕੇ ਸੰਘਰਸ਼ ਰੂਪ ਵਿੱਚ ਕਾਇਮ ਕੀਤਾ ਗਿਆ।

### 'ਗੁਰੂ ਨਾਨਕ ਜਹਾਜ਼' ਦੇ ਕੈਨੇਡਾ ਰਵਾਨਾ ਹੋਣ ਦਾ ਬਿਰਤਾਂਤ

ਦਰਅਸਲ ਸਾਡਾ ਸਬੰਧ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੇ ਉਸ ਬਿਰਤਾਂਤ ਨਾਲ ਹੈ, ਜਿਸ ਰਾਹੀਂ ਕੈਨੇਡਾ ਵਿੱਚ ਮਨੁੱਖੀ ਹੱਕਾਂ ਲਈ ਘੋਲ ਕੀਤਾ ਗਿਆ ਅਤੇ ਡੋਮੀਨੀਅਨ ਕੈਨੇਡਾ ਦੀ ਸਰਕਾਰ ਦੇ ਨਸਲਵਾਦ ਨੂੰ ਚੁਣੌਤੀ ਦਿੱਤੀ ਗਈ। ਬਾਬਾ ਗੁਰਦਿੱਤ ਸਿੰਘ ਨੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ ਵੱਲੋਂ ਜਹਾਜ਼ ਦੇ ਕੈਨੇਡਾ ਰਵਾਨਾ ਹੋਣ ਲਈ ਅਖ਼ਬਾਰਾਂ 'ਚ ਇਸ਼ਤਿਹਾਰ ਦੇ ਦਿੱਤਾ। ਭਾਰੀ ਉਤਸ਼ਾਹ ਨਾਲ ਪੰਜ ਸੌ ਮੁਸਾਫਰ ਕੈਨੇਡਾ ਜਾਣ ਲਈ ਤਿਆਰ ਹੋ ਗਏ। 30 ਮਾਰਚ 1914 ਨੂੰ ਜਹਾਜ਼ ਹਾਂਗਕਾਂਗ ਤੋਂ ਰਵਾਨਾ ਹੋਣਾ ਸੀ, ਪਰ 25 ਮਾਰਚ ਨੂੰ ਬ੍ਰਿਟਿਸ਼ ਹਕੂਮਤ ਦੇ ਇਸ਼ਾਰੇ 'ਤੇ ਬਾਬਾ ਗੁਰਦਿੱਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜਿਸ ਕਾਰਨ ਬਹੁਤ ਸਾਰੇ ਮੁਸਾਫਿਰ ਸਹਿਮ ਦੇ ਮਾਰੇ ਖਿੰਡ-ਪੁੰਡ ਗਏ। ਕੁਝ ਦਿਨਾਂ ਬਾਅਦ ਬਾਬਾ ਜੀ ਦੀ ਰਿਹਾਈ ਮਗਰੋਂ,

» ਬਾਕੀ ਅਗਲੇ ਅੰਕ 'ਚ

# "ਸਾਨੂੰ ਇੰਡਸਟਰੀ ਦੀ ਇਸ ਤਰ੍ਹਾਂ ਦੀ ਚੁੱਪੀ 'ਤੇ ਸ਼ਰਮ ਆਉਂਦੀ ਹੈ।"

## 350 ਤੋਂ ਵੱਧ ਅੰਤਰਾਸ਼ਟਰੀ ਫਿਲਮ ਐਕਟਰਾਂ, ਡਾਇਰੈਕਟਰਾਂ ਅਤੇ ਪ੍ਰੋਡਿਊਸਰਾਂ ਵਲੋਂ ਇੰਡਸਟਰੀ ਦੇ ਨਾਂ ਖੁੱਲ੍ਹਾ ਖੱਤ

(ਅੰਗਰੇਜ਼ੀ ਤੋਂ ਅਨੁਵਾਦ: ਸੁਖਵੰਤ ਹੁੰਦਲ)

(ਫਰਾਂਸ ਵਿੱਚ 12 ਮਈ ਤੋਂ 23 ਮਈ ਤੱਕ ਕਾਨਜ਼ ਫਿਲਮ ਫੈਸਟੀਵਲ ਚੱਲ ਰਿਹਾ ਹੈ। ਇਸ ਫੈਸਟੀਵਲ ਦੇ ਪਹਿਲੇ ਦਿਨ, 12 ਮਈ ਨੂੰ 350 ਤੋਂ ਵੱਧ ਅੰਤਰਰਾਸ਼ਟਰੀ ਫਿਲਮ ਐਕਟਰਾਂ, ਡਾਇਰੈਕਟਰਾਂ ਅਤੇ ਪ੍ਰੋਡਿਊਸਰਾਂ ਨੇ ਫਿਲਮ ਇੰਡਸਟਰੀ ਦੇ ਨਾਂ ਇਕ ਖੁੱਲ੍ਹਾ ਖੱਤ ਲਿਖਿਆ ਹੈ ਜਿਸ ਵਿੱਚ ਇਜ਼ਰਾਈਲੀ ਫੌਜ ਵਲੋਂ ਫਲਸਤੀਨੀ ਫੋਟੋ ਜਰਨਲਿਸਟ ਫਾਤਮਾ ਹਸੂਨਾ ਦੇ ਕਤਲ ਦੀ ਨਿਖੇਧੀ ਕੀਤੀ ਗਈ ਹੈ। ਇਹ ਖੱਤ ਵੈਰਾਈਟੀ ਮੈਗਜ਼ੀਨ ਦੇ ਸਾਈਟ 'ਤੇ 12 ਮਈ ਨੂੰ ਛਪਿਆ ਸੀ। ਇਸ ਖੱਤ ਵਿੱਚ ਲਿਖਿਆ ਹੈ, "ਸਾਨੂੰ ਇੰਡਸਟਰੀ ਦੀ ਇਸ ਤਰ੍ਹਾਂ ਦੀ ਚੁੱਪੀ 'ਤੇ ਸ਼ਰਮ ਆਉਂਦੀ ਹੈ।" ਪੰਜਾਬੀ ਪਾਠਕਾਂ ਲਈ ਇਸ ਖੱਤ ਦਾ ਸੁਖਵੰਤ ਹੁੰਦਲ ਵਲੋਂ ਪੰਜਾਬੀ ਵਿੱਚ ਕੀਤਾ ਅਨੁਵਾਦ ਪੇਸ਼ ਹੈ।)

ਫ਼ਾਤਿਮ ਲਈ

ਫ਼ਾਤਮਾ ਹਸੂਨਾ (ਫ਼ਾਤਿਮ) 25 ਸਾਲਾਂ ਦੀ ਸੀ।

ਉਹ ਇੱਕ ਫਲਸਤੀਨੀ ਫ੍ਰੀਲਾਂਸ ਫੋਟੋ ਪੱਤਰਕਾਰ ਸੀ। ਉਸ ਨੂੰ 16 ਅਪ੍ਰੈਲ 2025 ਨੂੰ ਇਜ਼ਰਾਈਲ ਦੀ ਫੌਜ ਨੇ ਨਿਸ਼ਾਨਾ ਬਣਾਇਆ, ਉਸ ਦਿਨ ਤੋਂ ਇਕ ਦਿਨ ਬਾਅਦ ਜਦੋਂ ਸੈਪੀਦੀ ਫ਼ਾਰਸੀ ਦੀ ਫਿਲਮ "ਪੁੱਟ ਯੌਰ ਸੋਲ ਔਨ ਯੌਰ ਹੈਂਡ ਐਂਡ ਵਾਕ – Put Your Soul on Your Hand and Walk" ਨੂੰ ਕਾਨਜ਼ ਫਿਲਮ ਫੈਸਟੀਵਲ ਦੇ ACID (ਐਸੋਸੀਏਸ਼ਨ ਫਾਰ ਦੀ ਡਿਫਿਊਜ਼ਨ ਆਫ ਇੰਡੀਪੈਂਡਿਟ ਸਿਨੇਮਾ ਭਾਵ ਅਜ਼ਾਦ ਸਿਨੇਮਾ ਦੇ ਪ੍ਰਸਾਰ ਲਈ ਬਣੀ ਐਸੋਸੀਏਸ਼ਨ) ਦੇ ਸੈਕਸ਼ਨ ਲਈ ਚੁਣਿਆ ਗਿਆ ਸੀ। ਫਾਤਿਮ ਇਸ ਫਿਲਮ ਦੀ ਸਟਾਰ ਸੀ।

ਉਸ ਦਾ ਵਿਆਹ ਹੋਣ ਵਾਲਾ ਸੀ।

ਉਸ ਦੇ ਦਸ ਰਿਸ਼ਤੇਦਾਰ, ਜਿਨ੍ਹਾਂ ਵਿੱਚ ਉਸ ਦੀ ਗਰਭਵਤੀ ਭੈਣ ਵੀ ਸ਼ਾਮਲ ਸੀ, ਉਸੇ ਇਜ਼ਰਾਈਲੀ ਹਮਲੇ ਵਿੱਚ ਮਾਰੇ ਗਏ ਸਨ।

7 ਅਕਤੂਬਰ 2023 ਦੇ ਭਿਆਨਕ ਕਤਲੇਆਮਾਂ ਤੋਂ ਬਾਅਦ, ਕਿਸੇ ਵੀ ਵਿਦੇਸ਼ੀ ਪੱਤਰਕਾਰ ਨੂੰ ਗਾਜ਼ਾ ਪੱਟੀ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਜ਼ਰਾਈਲੀ ਫੌਜ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ। 200 ਤੋਂ ਵੱਧ ਪੱਤਰਕਾਰਾਂ ਨੂੰ ਜਾਣ-ਬੁੱਝ ਕੇ ਮਾਰਿਆ ਜਾ ਚੁੱਕਾ ਹੈ। ਲੇਖਕ, ਫ਼ਿਲਮਸਾਜ਼ ਅਤੇ ਕਲਾਕਾਰ ਬੇਰਹਿਮੀ ਨਾਲ ਮਾਰੇ ਜਾ ਰਹੇ ਹਨ।

ਮਾਰਚ ਦੇ ਅਖੀਰ ਵਿੱਚ, ਆਸਕਰ ਜੇਤੂ ਫਿਲਮ "ਨੋ ਅਦਰ ਲੈਂਡ -No Other Land" ਦੇ ਫਲਸਤੀਨੀ ਫ਼ਿਲਮਸਾਜ਼ ਹਮਦਨ ਬਲਾਲ ਉੱਤੇ ਇਜ਼ਰਾਇਲੀ ਅਬਾਦਕਾਰਾਂ (ਇਜ਼ਰਾਇਲੀ ਸੈਟਲਰਜ਼) ਵਲੋਂ ਬੇਰਹਿਮੀ ਨਾਲ ਹਮਲਾ ਕੀਤੇ ਜਾਣ ਬਾਅਦ ਉਸ ਨੂੰ ਫੌਜ ਨੇ ਅਗਵਾ ਕਰ ਲਿਆ ਸੀ ਅਤੇ ਬਾਅਦ ਵਿੱਚ ਉਸ ਨੂੰ ਅੰਤਰਰਾਸ਼ਟਰੀ ਦਬਾਅ ਹੇਠ ਹੀ ਰਿਹਾ ਕੀਤਾ। ਇਸ ਫਿਲਮ ਦਾ ਨਿਰਦੇਸ਼ਨ ਯੁਵਲ ਅਬ੍ਰਾਹਮ, ਬਾਸਲ ਅਦਰਾ ਅਤੇ ਰੇਚਲ ਜ਼ੋਰ ਨੇ ਰਲ ਕੇ ਕੀਤਾ ਸੀ। ਹਮਦਾਨ ਬਲਾਲ ਪ੍ਰਤੀ ਆਸਕਰ ਅਕੈਡਮੀ ਦੇ ਸਮਰਥਨ ਦੀ ਕਮੀ ਨੇ ਇਸ ਦੇ ਆਪਣੇ ਮੈਂਬਰਾਂ ਵਿੱਚ ਰੋਸ ਪੈਦਾ ਕੀਤਾ ਸੀ ਅਤੇ ਉਸ (ਅਕੈਡਮੀ) ਨੂੰ ਆਪਣੇ ਵਲੋਂ ਐਕਸ਼ਨ ਨਾ ਕੀਤੇ ਜਾਣ ਲਈ ਜਨਤਕ ਤੌਰ 'ਤੇ ਮੁਆਫੀ ਮੰਗਣੀ ਪਈ ਸੀ।

ਸਾਨੂੰ ਇਸ ਤਰ੍ਹਾਂ ਦੀ ਚੁੱਪੀ 'ਤੇ ਸ਼ਰਮ ਆਉਂਦੀ ਹੈ।

ਅਜਿਹਾ ਕਿਉਂ ਹੈ ਕਿ ਸਮਾਜਕ ਤੌਰ 'ਤੇ ਵਚਨਬੱਧ ਕਿਰਤਾਂ ਨੂੰ ਪੈਦਾ ਕਰਨ ਵਾਲੀ ਜ਼ਮੀਨ, ਸਿਨੇਮਾ, ਹਕੀਕਤ ਦੀ ਭਿਆਨਕਤਾ ਅਤੇ ਸਾਡੇ ਭੈਣਾਂ-ਭਰਾਵਾਂ ਵੱਲੋਂ ਝੱਲੇ ਜਾ ਰਹੇ ਜ਼ੁਲਮ ਪ੍ਰਤੀ ਇੰਨੀ ਉਦਾਸੀਨ ਹੈ?

ਜਦੋਂ ਗਾਜ਼ਾ ਵਿੱਚ ਨਸਲਕੁਸ਼ੀ ਹੋ ਰਹੀ ਹੈ ਅਤੇ ਇਹ ਹੌਲਨਾਕ ਖਬਰਾਂ ਸਾਡੇ ਭਾਈਚਾਰਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ, ਉਸ ਸਮੇਂ ਕਲਾਕਾਰਾਂ ਅਤੇ ਸੱਭਿਆਚਾਰਕ ਕਾਰਕੁਨਾਂ ਦੇ ਰੂਪ ਵਿੱਚ ਅਸੀਂ ਚੁੱਪ ਨਹੀਂ ਰਹਿ ਸਕਦੇ।

ਜੇ ਇਤਿਹਾਸ ਤੋਂ ਸਬਕ ਨਹੀਂ ਲੈਣੇ, ਜੇ ਵਚਨਬੱਧਤਾ ਵਾਲੀਆਂ ਫਿਲਮਾਂ ਨਹੀਂ ਬਣਾਉਣੀਆਂ, ਜੇ ਅਸੀਂ ਦੱਬੀਆਂ ਹੋਈਆਂ ਅਵਾਜ਼ਾਂ ਲਈ ਹਾਜ਼ਰ ਨਹੀਂ ਹੋਣਾ ਤਾਂ ਸਾਡੇ ਪੇਸ਼ਿਆਂ ਦਾ ਕੀ ਮਤਲਬ ਹੈ?

ਇਹ ਚੁੱਪ ਕਿਉਂ?

ਸੱਜੇ ਪੱਖੀ, ਫਾਸੀਵਾਦੀ, ਬਸਤੀਵਾਦੀ, ਟ੍ਰਾਂਸ-ਵਿਰੋਧੀ ਅਤੇ ਐੱਲ ਜੀ ਬੀ ਟੀ ਕਿਊ ਆਈ ਏ+ (LGBTQIA+) ਵਿਰੋਧੀ, ਲਿੰਗ ਆਧਾਰਤ ਵਿਤਕਰਾ ਕਰਨ ਵਾਲੀਆਂ, ਨਸਲਵਾਦੀ, ਇਸਲਾਮ ਵਿਰੋਧੀ ਅਤੇ ਯੂਹਦੀ ਲੋਕਾਂ ਦਾ ਵਿਰੋਧ ਕਰਨ ਵਾਲੀਆਂ ਲਹਿਰਾਂ ਵਿਚਾਰਾਂ ਦੇ ਖੇਤਰ ਵਿੱਚ ਆਪਣੀ ਲੜਾਈ ਲੜ ਰਹੀਆਂ ਹਨ ਅਤੇ ਪ੍ਰਕਾਸ਼ਨ, ਸਿਨੇਮਾ ਅਤੇ ਯੂਨੀਵਰਸਿਟੀਆਂ 'ਤੇ ਹਮਲੇ ਕਰ ਰਹੀਆਂ ਹਨ। ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਲੜੀਏ।

ਆਉ ਅਤੇ ਆਪਣੀ ਕਲਾ ਨੂੰ ਸਭ ਤੋਂ ਬੁਰੇ ਦਾ ਸਾਥੀ ਬਣਨ ਤੋਂ ਰੋਕੀਏ।

ਆਉ ਉੱਠ ਕੇ ਖੜ੍ਹੇ ਹੋਈਏ।

ਆਉ ਹਕੀਕਤ ਦਾ ਨਾਂ ਲਈਏ।

ਆਉ ਆਪਣੇ ਸੰਵੇਦਨਸ਼ੀਲ ਦਿਲਾਂ ਦੀ ਸ਼ੁੱਧਤਾ ਨਾਲ ਇਸ ਨੂੰ ਇਕੱਠੇ ਹੋ ਕੇ ਦੇਖਣ ਦੀ ਹਿੰਮਤ ਕਰੀਏ, ਤਾਂ ਜੋ ਇਸ ਨੂੰ ਹੋਰ ਚੁੱਪ ਨਾ ਕਰਾਇਆ ਜਾ ਸਕੇ ਅਤੇ ਲੁਕਾਇਆ ਨਾ ਜਾ ਸਕੇ।

ਆਉ ਉਸ ਪ੍ਰਾਪੇਗੰਡੇ ਨੂੰ ਰੱਦ ਕਰੀਏ ਜੋ ਲਗਾਤਾਰ ਸਾਡੀ ਕਲਪਨਾ 'ਤੇ ਕਾਬਜ਼ ਹੋ ਰਿਹਾ ਹੈ ਅਤੇ ਸਾਨੂੰ ਸਾਡੀ ਇਨਸਾਨੀਅਤ ਦੀ ਸਮਝ ਤੋਂ ਸੱਖਣੇ ਕਰ ਰਿਹਾ ਹੈ।

ਫ਼ਾਤਿਮ ਲਈ ਅਤੇ ਉਨ੍ਹਾਂ ਸਾਰਿਆਂ ਲਈ ਜੋ ਉਦਾਸੀਨਤਾ ਵਿੱਚ ਮਰ ਰਹੇ ਹਨ।

ਸਿਨੇਮਾ ਦਾ ਫਰਜ਼ ਬਣਦਾ ਹੈ ਕਿ ਉਹ ਉਨ੍ਹਾਂ ਦੇ ਸੁਨੇਹਿਆਂ ਨੂੰ ਅੱਗੇ ਲਿਜਾਵੇ, ਆਪਣੇ ਸਮਾਜਾਂ ਦਾ ਅਕਸ ਦਿਖਾਵੇ।

ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਆਉ ਕੁੱਝ ਕਰੀਏ।



ਇਸ ਚਿੱਠੀ 'ਤੇ 350 ਤੋਂ ਵੱਧ ਫਿਲਮਸਾਜ਼ਾਂ ਅਤੇ ਕਲਾਕਾਰ ਨੇ ਦਸਖ਼ਤ ਕੀਤੇ ਹਨ। ਉਹਨਾਂ ਦੇ ਨਾਂ ਦੇਖਣ ਲਈ ਤੁਸੀਂ ਅਮਰੀਕਾ ਦੇ ਮੈਗਜ਼ੀਨ ਵੈਰਾਇਟੀ ਦੇ ਵੈੱਬਸਾਈਟ 'ਤੇ ਜਾ ਸਕਦੇ ਹੋ, ਜਿੱਥੇ ਇਹ ਅੰਗਰੇਜ਼ੀ ਵਿੱਚ ਛਪਿਆ ਸੀ।)

ਖਾਲਿਦ ਅਬਦੱਲਾ, ਨੋਈ ਆਬੀਤਾ, ਹਾਨੀ ਅਬੂ-ਅਸਦ, ਰਫ਼ਾਏਲ ਅਗੋਗੁਈ, ਇਯਾਦ ਅਲਾਸਤਤਲ, ਕਾਤੀਆ ਅਲਬਰਤਾਜ਼ੀ, ਵਲਾਦ ਅਲੈਕਸਿਸ, ਤਰਨੇਹ ਅਲੀਦੋਸਤੀ, ਵਾਦ ਅਲ-ਕਤੀਬ, ਯਾਸਮੀਨ ਅਲ ਮਸਰੀ, ਪੇਦਰੋ ਅਲਮੋਦੋਵਾਰ, ਪੇਦਰੋ ਅਲੋਂਸੋ, ਕ੍ਰਿਸਟੇਲ ਅਲੇਵੇਸ ਮੇਰਾ, ਸੇਰਦਾਰ ਅਕਾਰ, ਇੰਡੀਆ ਅਮਰਤੇਫਿਓ, ਗਿਆਨੀ ਅਮੇਲੀਓ, ਮੋ ਅਮਰ, ਕਾਰਮੀਨ ਅਮੋਰੋਸੋ, ਐਲੀਜ਼ਾ ਅਮੋਰੂਸੋ, ਰੋਮੇਨ ਆਂਦਰੇ, ਰੋਬਰਤੋ ਆਂਦੋ, ਜਿਓਫ ਆਰਬੋਰਨ, ਫਰਾਂਚੇਸਕਾ ਆਰਕੀਬੁਗੀ, ਤਿਜ਼ੀਆਨਾ ਅਰਿਸਤਾਰਕੋ, ਸਵਾਨ ਅਰਲੌ, ਓਲੀਵੀਏ ਅਜ਼ਾਮ, ਗੋਕਸੇ ਬਾਹਾਦਿਰ, ਜੀਨ ਬਾਲੀਬਾਰ, ਬਾਲੋਜੀ, ਅਵੀਟਾਲ ਬਾਰਕ, ਕਾਰਲੋਸ ਬਾਰਡੇਮ, ਹਾਵੀਏਰ ਬਾਰਡੇਮ, ਮੇਲਿਸਾ ਬਾਰੇਰਾ, ਬੇਲਮਾ ਬਾਸ਼, ਡੋਮੀਨਿਕ ਬੌਮਾਰ, ਜ਼ਾਵੀਏ ਬੋਵੋ, ਸਈਦ ਬੇਨ ਸਈਦ, ਲੇਇਲਾ ਬੇਖਤੀ, ਲੂਕਾ ਬੇਲੀਨੋ, ਸੂਜ਼ੀ ਬੈਂਬਾ, ਅਦੀਲਾ ਬੇਂਡੀਮੇਰਾਦ, ਕਾਊਥਰ ਬੇਨ ਹਾਨੀਆ, ਦਾਲੀ ਬੇਨਸਲਾਹ, ਫਾਬਰੀਜ਼ੀਓ ਬੈਂਟੀਵੋਗਲੀਓ, ਜੂਲੀ ਬਰਤੂਚੇਲੀ, ਸੀਮੋਨ ਬਿਟੋਨ, ਕੋਨਸਤਾਂਤੀਨ ਬੋਯਾਨੋਵ, ਬਰਤਰਾਂ ਬੋਨੇਲੋ, ਅਗਾਥ ਬੋਨੀਤਜ਼ਰ, ਅਮੇਲੀ ਬੋਨਿਨ, ਬਰੂਨੋ ਬੋਨਜ਼ੋਲਾਕਿਸ, ਲੂਸੀ ਬੋਰਲਤੋ, ਸਾਮੀ ਬੂਆਜੀਲਾ, ਐਲੋਦੀ ਬੂਸ਼ੇ, ਬਾਸਤੀਆਂ ਬੂਯੋਂ, ਗੁਇਓਮ ਬ੍ਰਾਕ, ਰਚੀਦਾ ਬ੍ਰਕਨੀ, ਐਵਲੀਨ ਬ੍ਰੋਸ਼ੂ, ਸਿਲਵੀਆ ਬਰੂਨੇਲੀ, ਜੀਂ-ਸਤੇਫਾਨ ਬ੍ਰੋਂ, ਸੇਲੇਸਟ ਬਰੁਨਕੇਲ, ਜੀਆਨਫਰਾਂਕੋ ਕਾਬੀਦੂ, ਏਸਮੇਰਾਲਦਾ ਕਾਲਾਬਰੀਆ, ਲੌਰ ਕਲਾਮੀ, ਮੀਮੋ ਕਾਲੋਪ੍ਰੇਸਤੀ, ਮੇਹਮੇਤ ਜਾਨ ਮੇਰਤੋਗਲੂ, ਏਰਿਕ ਕਾਂਤੋਨਾ, ਸਤੇਫਾਨੀਆ ਕਾਜ਼ੀਨੀ, ਐਂਟੋਨੀਓ ਮਾਰੀਆ ਕਾਸਤਾਲਦੋ, ਮਾਰਕੋ ਕਾਸਤਾਲਦੀ, ਸੇਰਜੀਓ ਕਾਸਤੇਲੀਟੋ, ਬੇਨਿਆਮੀਨੋ ਕਾਤੇਨਾ, ਏਬਰੂ ਨੂਰੀ ਜੇਲਾਨ, ਨੂਰੀ ਬਿਲਗੇ ਜੇਲਾਨ, ਲੋਲੀਟਾ ਸ਼ਾਮਾ ਆਦਿ।


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਪ੍ਰੈਸ਼ਨਵਾਸ਼ਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)



SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

# ਕੈਨੇਡਾ ਦੇ ਸਿੱਖਾਂ ਦੀ ਸਿਆਸਤ

ਆਖਰੀ ਕਿਸ਼ਤ



ਸੋਹਣ ਸਿੰਘ ਪੂੰਨੀ



ਪਰ ਸਾਡੇ ਖਿਆਲ ਵਿੱਚ ਤਿੰਨ ਕਾਰਨ ਹੋ ਸਕਦੇ ਹਨ। ਪਹਿਲਾ ਕਾਰਨ: ਹੋ ਸਕਦਾ ਹੈ ਕਿ ਕਪੂਰ ਤੇ ਕਰਤਾਰ ਸਿੰਘ ਹੁੰਦਲ ਹੋਰੀਂ ਸੱਚ-ਮੁੱਚ ਭਗਤ ਸਿੰਘ ਹੋਰਾਂ ਨੂੰ ਬਚਾਇਆ ਚਾਹੁੰਦੇ ਹੋਣ। ਕਾਂਗਰਸ ਦੇ ਆਮ ਵਰਕਰ ਤਾਂ ਚੰਗੇ ਸਨ। ਦੂਸਰਾ ਕਾਰਨ: ਡਿਫੈਂਸ ਕਮੇਟੀ ਦੀ ਮੈਂਬਰ ਲਾਲਾ ਲਾਜਪਤ ਰਾਏ ਦੀ ਧੀ ਪਾਰਬਤੀ ਦੇਵੀ ਅਤੇ ਉਨ੍ਹਾਂ ਦੀ ਸਾਥਣ ਲੱਜਿਆ ਦੇਵੀ ਸਨ। ਉਨ੍ਹਾਂ ਵਲੋਂ ਆਈ ਬੇਨਤੀ ਨੂੰ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਨੂੰ ਮੰਨਣਾ ਹੀ ਪੈਣਾ ਸੀ। ਤੀਸਰਾ ਕਾਰਨ: ਕੁਛ ਲੋਕਾਂ ਦਾ ਖਿਆਲ ਹੈ ਕਿ ਕਨੇਡਾ ਦੇ ਬਹੁਤੇ ਸਿੱਖ ਭਗਤ ਸਿੰਘ ਹੋਰਾਂ ਨਾਲ਼ ਹਮਦਰਦੀ ਰੱਖਦੇ ਸਨ। 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ੇ ਇਨ੍ਹਾਂ ਲੋਕਾਂ ਵਿੱਚ ਆਪਣਾ ਅਸਰ-ਰਸੂਖ ਬਣਾਈ ਰੱਖਣ ਲਈ ਇਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਨਹੀਂ ਸੀ ਜਾ ਸਕਦੇ। ਕਾਰਨ ਕੁਛ ਵੀ ਹੋਵੇ ਪਰ ਇਹ ਸਚਾਈ ਹੈ ਕਿ ਭਗਤ ਸਿੰਘ ਹੋਰਾਂ ਨੂੰ ਬਚਾਉਣ ਲਈ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲਿਆਂ ਕਨੇਡਾ 'ਚੋਂ ਹਜ਼ਾਰਾਂ ਡਾਲਰ ਇਕੱਠੇ ਕਰਕੇ ਭੇਜੇ ਸਨ (ਅਕਤੂਬਰ, ਨਵੰਬਰ 1930 ਦੇ 'ਇੰਡੀਆ ਐਂਡ ਕੈਨੇਡਾ' ਦੇ ਅੰਕ ਜਿਨ੍ਹਾਂ ਵਿੱਚ ਕੀਤੀ ਉਗਰਾਹੀ ਦਾ ਵੇਰਵਾ ਹੈ, ਲੇਖਕ ਪਾਸ ਹਨ)।

ਦੂਜਾ ਸੰਸਾਰ ਯੁੱਧ ਹੋਣ ਵੇਲੇ ਬਹੁਤ ਸਾਰੇ ਸਿਖ ਕਨੇਡਾ ਵਿੱਚ ਗੈਰ-ਕਾਨੂੰਨੀ ਢੰਗ ਨਾਲ਼ ਰਹਿ ਰਹੇ ਸਨ। ਇਨ੍ਹਾਂ ਦੇ ਸਿਰ 'ਤੇ ਹਰ ਵੇਲੇ ਡੀਪੋਰਟੇਸ਼ਨ ਦੀ ਤਲਵਾਰ ਲਟਕਦੀ ਰਹਿੰਦੀ ਸੀ। ਵੈਨਕੂਵਰ ਦੇ ਸਿੱਖ ਇਨ੍ਹਾਂ ਨੂੰ 'ਪੱਕੇ' ਕਰਵਾਉਣ ਲਈ ਕਨੇਡੀਅਨ ਸਰਕਾਰ ਦੀਆਂ ਮਿੰਨਤਾਂ ਕਰ ਕਰ ਥੱਕ ਚੁੱਕੇ ਸਨ। ਬਰਨਬੀ ਦੀ ਸਾਈਮਨ ਫਰੇਜ਼ਰ ਯੂਨੀਵਰਸਿਟੀ ਤੋਂ ਰੀਟਾਇਰਡ ਹਿਸਟਰੀ ਦੇ ਪ੍ਰੋਫੈਸਰ ਡਾਕਟਰ ਹਿਊ ਜੌਹਨਸਟਨ ਆਪਣੀ ਕਿਤਾਬ 'ਜਿਊਲ ਆਫ ਦਾ ਕਿਲਾ' ਦੇ ਪੰਨਾ 144 'ਤੇ ਲਿਖਦੇ ਨੇ ਕਿ ਦੂਜਾ ਸੰਸਾਰ ਯੁੱਧ ਸ਼ੁਰੂ ਹੋਣ ਵੇਲੇ ਕਨੇਡੀਅਨ ਸਰਕਾਰ {ਜਿਹੜੀ ਕਿ ਬਰਤਾਨਵੀ ਹਿਤਾਂ ਦੀ ਰਾਖੀ ਕਰਨਾ ਆਪਣਾ ਪਵਿੱਤਰ ਫਰਜ਼ ਸਮਝਦੀ ਸੀ} ਨਹੀਂ ਸੀ ਚਾਹੁੰਦੀ ਕਿ ਸਿੱਖ ਪਹਿਲੇ ਸੰਸਾਰ ਯੁੱਧ ਵਾਂਗ ਬਰਤਾਨੀਆਂ ਲਈ ਕੋਈ ਮੁਸ਼ਕਿਲ ਖੜ੍ਹੀ ਕਰਨ। ਇਸ ਲਈ ਕਨੇਡੀਅਨ ਸਰਕਾਰ ਸਿੱਖਾਂ ਨੂੰ ਖੁਸ਼ ਕਰਨ ਲਈ ਇਨ੍ਹਾਂ ਗੈਰ-ਕਾਨੂੰਨੀ ਇਮੀਗ੍ਰੈਂਟਾਂ ਨੂੰ 'ਪੱਕੇ' ਕਰਨ ਲਈ ਤਿਆਰ ਸੀ। ਇਸ ਮੌਕੇ ਸਰਕਾਰ ਨੇ ਵਕੀਲ ਡੀ. ਪੀ. ਪਾਂਡੀਆ, ਜਿਹੜਾ ਕਿ 'ਥੀਓਸੋਫੀਕਲ ਸੁਸਾਇਟੀ' ਨੇ ਕਨੇਡਾ ਭੇਜਿਆ ਸੀ, ਨੂੰ ਵਰਤਿਆ। ਕਪੂਰ ਅਤੇ ਮੇਓ ਸਿੰਘ ਨੇ ਆਪਣੇ ਕੋਲੋਂ ਬਹੁਤ ਸਾਰੇ ਪੈਸੇ ਖਰਚ ਕੇ ਉਹਨੂੰ ਔਟਵਾ ਭੇਜਿਆ। ਸਰਕਾਰ ਨੇ ਸਿੱਖਾਂ ਨੂੰ ਖੁਸ਼ ਕਰਨ ਲਈ ਪਾਂਡੀਏ ਰਾਹੀਂ ਸੈਂਕੜੇ ਗੈਰ ਕਾਨੂੰਨੀ ਹਿੰਦੁਸਤਾਨੀ ਇਮੀਗਰੈਂਟ 'ਪੱਕੇ' ਕਰ ਦਿੱਤੇ (ਹੋਰ ਪਾਂਡੀਏ ਕੋਲ ਕਿਹੜੀ ਜਾਦੂ ਦੀ ਛੜੀ ਸੀ? ਸਾਧੂ ਸਿੰਘ ਧਾਮੀ ਅਤੇ ਅਨੂਪ ਸਿੰਘ ਢਿੱਲੋਂ 1938 ਵਿੱਚ ਔਟਵਾ ਜਾ ਕੇ ਜ਼ੋਰ ਲਾ ਆਏ ਸੀ ਪਰ ਸਰਕਾਰ ਟੱਸ ਤੋਂ ਮੱਸ ਨਹੀਂ ਸੀ ਹੋਈ)। ਇਸ ਨਾਲ਼ ਸੰਸਾਰੀਆਂ ਦਾ ਵਕਾਰ ਕਮਿਊਨਿਟੀ ਵਿੱਚ ਹੋਰ ਵਧਿਆ।

ਬਹੁਤ ਸਾਰੇ ਇਤਿਹਾਸਕਾਰ ਕਲੇਮ ਕਰਦੇ ਨੇ ਕਿ ਸੰਸਾਰੀਆਂ ਨੇ ਪਾਂਡੀਏ ਰਾਹੀਂ ਹਿੰਦੁਸਤਾਨੀਆ ਨੂੰ ਕਨੇਡਾ ਵਿੱਚ ਵੋਟ ਦਾ ਹੱਕ ਲੈ ਕੇ ਦਿੱਤਾ ਸੀ। ਇਹ ਗੱਲ ਦਰੁਸਤ ਨਹੀਂ। ਦਰਅਸਲ ਜਦੋਂ ਵੋਟ ਦੇ ਹੱਕ ਲਈ ਸੰਘਰਸ਼ ਸਿਖਰਾਂ ਉੱਤੇ ਸੀ ਉਦੋਂ ਪਾਂਡੀਆ ਕਨੇਡਾ ਵਿੱਚ ਹੀ ਨਹੀਂ ਸੀ। ਇਸੇ ਲਈ 1942 ਤੋਂ ਲੈ ਕੇ 1945 ਤੱਕ ਜਿਹੜੇ ਵੀ ਡੈਪੂਟੇਸ਼ਨ ਵਿਕਟੋਰੀਆ ਨੂੰ ਗਏ ਸਨ ਪਾਂਡੀਆ ਇਨ੍ਹਾਂ ਵਿੱਚ ਸ਼ਾਮਲ ਨਹੀਂ ਸੀ (ਸੁਖਵੰਤ ਹੁੰਦਲ ਤੇ ਸਾਧੂ ਬਿੰਨਿੰਗ ਦੀ ਕਿਤਾਬ 'ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਵੇਂ ਲਿਆ')। ਸਚਾਈ ਇਹ ਹੈ ਕਿ ਵੋਟ ਦੇ ਹੱਕ ਲਈ ਸਾਰੇ ਦਾ ਸਾਰਾ ਸੰਘਰਸ਼ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸਕੱਤਰ ਨਗਿੰਦਰ ਸਿੰਘ ਗਿੱਲ (ਚੂਹੜਚੱਕ), ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਅਤੇ ਲੱਕੜ ਮਿੱਲਾਂ ਦੀ ਯੂਨੀਅਨ (ਆਈ. ਡਬਲਯੂ. ਏ.) ਨਾਲ਼ ਸੰਬੰਧਿਤ ਹੈਰਲਡ ਪਰਿਚਟ ਦੀ ਅਗਵਾਈ ਵਿੱਚ ਲੜਿਆ ਗਿਆ ਸੀ। ਪਾਂਡੀਆ 1 ਨਵੰਬਰ 1946 ਵਾਲ਼ੇ ਡੈਪੂਟੇਸ਼ਨ ਵਿੱਚ ਜ਼ਰੂਰ ਸ਼ਾਮਲ ਸੀ। ਪਰ ਉਦੋਂ ਤੱਕ ਖਾਲਸਾ ਦੀਵਾਨ ਵੈਨਕੂਵਰ ਦੇ ਸਕੱਤਰ ਨਗਿੰਦਰ ਸਿੰਘ ਗਿੱਲ ਹੋਰੀਂ ਮੋਰਚਾ ਜਿੱਤ ਲਿਆ ਸੀ।

ਹਿੰਦੁਸਤਾਨੀਆਂ ਨੂੰ ਵੋਟ ਪਾਉਣ ਦਾ ਹੱਕ 2 ਅਪਰੈਲ 1947 ਨੂੰ ਮਿਲ ਗਿਆ ਸੀ। ਸਰਦਾਰ ਨਗਿੰਦਰ ਸਿੰਘ ਗਿੱਲ ਪਹਿਲੇ ਹਿੰਦੁਸਤਾਨੀ ਸਨ ਜਿਨ੍ਹਾਂ ਨੂੰ ਕਨੇਡੀਅਨ ਪਾਸਪੋਰਟ ਮਿਲਿਆ।

ਸੰਸਾਰੀਆਂ ਦੇ ਧੜੇ ਦੇ ਡਾਕਟਰ ਸੁੰਦਰ ਸਿੰਘ ਅਤੇ ਕਰਤਾਰ ਸਿੰਘ ਹੁੰਦਲ ਵਰਗੇ ਲੀਡਰਾਂ ਬਾਰੇ ਲਿਖਣਾ ਸੌਖਾ ਹੈ ਪਰ ਬਾਬੂ ਕਪੂਰ ਸਿੰਘ ਖੜੌਦੀ ਬਾਰੇ ਲਿਖਣਾ ਬੜਾ ਔਖਾ ਹੈ। ਪਤਾ ਨਹੀ ਲਗ ਰਿਹਾ ਉਨ੍ਹਾਂ ਨੂੰ ਕਿਹੜੇ ਪਾਸੇ ਰੱਖੀਏ, ਚੰਗੇ ਜਾਂ ਮਾੜੇ ਪਾਸੇ? ਬਾਬੂ ਕਪੂਰ ਸਿੰਘ ਬਾਰੇ ਲਿਖਦਿਆਂ ਮੈਨੂੰ ਕਿਸੇ ਵਿਦਵਾਨ ਦੀਆਂ ਲਿਖੀਆਂ ਉਹ ਸਤਰਾਂ ਯਾਦ ਆਉਂਦੀਆਂ ਹਨ ਜਿਨ੍ਹਾਂ ਰਾਹੀਂ ਇਤਿਹਾਸਕਾਰ ਨੂੰ ਸਾਵਧਾਨ ਕਰਦਿਆਂ ਉਹ ਕਹਿੰਦਾ ਹੈ, ''ਇਤਿਹਾਸਕਾਰ, ਜਿਨ੍ਹਾਂ ਬਾਰੇ ਤੂੰ ਲਿਖਣ ਲੱਗਾਂ ਉਨ੍ਹਾਂ ਨੇ ਕਬਰਾਂ 'ਚੋਂ ਉੱਠ ਤੇਰਾ ਹੱਥ ਫੜਨ ਨਹੀਂ ਆਉਣਾ। ਤੂੰ ਆਪ ਹੀ ਧਿਆਨ ਰੱਖੀਂ।''

ਸੰਸਾਰੀਆਂ ਦੇ ਧੜੇ ਦੇ ਲੀਡਰਾਂ 'ਚੋਂ ਹੋਣ ਕਰਕੇ ਬਾਬੂ ਕਪੂਰ ਸਿੰਘ ਦਾ ਨਾਂ ਡਾਕਟਰ ਸੁੰਦਰ ਸਿੰਘ ਅਤੇ ਕਰਤਾਰ ਸਿੰਘ ਹੁੰਦਲ ਨਾਲ਼ ਜੁੜਨਾ ਹੀ ਜੁੜਨਾ ਸੀ। ਉਨ੍ਹਾਂ ਦੇ ਬਹੁਤੇ ਕੰਮ ਵੀ ਸੰਸਾਰੀਆਂ ਵਾਲ਼ੇ ਹੀ ਸਨ। ਪਰ ਉਨ੍ਹਾਂ ਬਹੁਤ ਸਾਰੇ ਚੰਗੇ ਕੰਮ ਵੀ ਕੀਤੇ ਸਨ।

ਬਾਬੂ ਕਪੂਰ ਸਿੰਘ ਨੂੰ ਅਮਰੀਕਾ ਲੈ ਕੇ ਆਉਣ ਵਾਲ਼ਾ ਭਾਈ ਪਿਆਰਾ ਸਿੰਘ ਲੰਗੇਰੀ ਸੀ। ਅਮਰੀਕਾ ਵਿੱਚ ਹੁੰਦਿਆਂ ਦੋਨੋਂ ਗੂਹੜੇ ਦੋਸਤ ਬਣ ਗਏ ਸਨ। ਦੋਸਤ ਹੀ ਨਹੀਂ ਸਗੋਂ ਉਹ ਧਰਮ-ਭਰਾ ਬਣੇ ਹੋਏ ਸਨ। ਪਿਆਰਾ ਸਿੰਘ ਲੰਗੇਰੀ ਸੰਸਾਰੀਆਂ ਦੇ ਧੜੇ ਦਾ ਬੰਦਾ ਸੀ। ਉਹ ਟੋਰੰਟੋ ਵੱਲ ਸੰਸਾਰੀਆਂ ਦੇ ਨਾਲ਼ ਹੀ ਗਿਆ ਸੀ। ਟੋਰੰਟੋ ਦੇ ਚੜ੍ਹਦੇ ਪਾਸੇ ਪਿਕਰਿੰਗ ਨੇੜੇ ਰੋਜ਼ਬੈਂਕ ਵਿੱਚ ਮਿਸਟਰ ਮੂਰ ਦੇ ਫਾਰਮ ਤੇ ਕੰਮ ਵੀ ਉਹ ਕਪੂਰ ਹੋਰਾਂ ਦੇ ਨਾਲ਼ ਹੀ ਕਰਦਾ ਸੀ। ਸੰਸਾਰ ਯੁੱਧ ਛਿੜਨ 'ਤੇ ਜਦੋਂ ਗਦਰ ਪਾਰਟੀ ਨੇ ਹਿੰਦੁਸਤਾਨੀਆਂ ਨੂੰ ਦੇਸ਼ ਜਾ ਕੇ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਕਰਨ ਦਾ ਸੱਦਾ ਦਿੱਤਾ ਤਾਂ ਭਾਈ ਪਿਆਰਾ ਸਿੰਘ ਕਪੂਰ ਹੋਰਾਂ ਨੂੰ ਟੋਰੰਟੋ 'ਚ ਛੱਡ, ਸਾਨਫਰਾਂਸਿਸਕੋ ਜਾ ਕੇ ਜਹਾਜ਼ੇ ਚੜ੍ਹ ਗਿਆ ਸੀ। ਕਪੂਰ ਉਸ ਨਾਲ਼ ਨਰਾਜ਼ ਨਹੀਂ ਸੀ ਹੋਇਆ। ਸਗੋਂ ਸਾਰੀ ਉਮਰ ਦੋਸਤ ਰਿਹਾ ਸੀ ਉਸਦਾ।

ਭਾਈ ਪਿਆਰਾ ਸਿੰਘ ਲਗੇਰੀ ਨੇ 17 ਜਨਵਰੀ 1959 ਨੂੰ ਪੰਜਾਬੀ ਦੇ ਦਰਵੇਸ਼ ਲਿਖਾਰੀ ਹੀਰਾ ਸਿੰਘ ਦਰਦ ਕੋਲ ਆਪਣੀ ਜ਼ਿੰਦਗੀ ਬਾਰੇ ਬਿਆਨ ਲਿਖਵਾਇਆ ਸੀ। ਆਪਣੇ ਇਸ ਬਿਆਨ ਵਿੱਚ ਪਿਆਰਾ ਸਿੰਘ ਲੰਗੇਰੀ ਦਸਦੇ ਨੇ ਕਿ ਅਮਰੀਕਾ ਵਿੱਚ ਹੁੰਦਿਆਂ ਕਪੂਰ ਸਿੰਘ ਦੇਸੋਂ ਆਏ ਨਵੇਂ ਇਮੀਗ੍ਰੈਂਟਾਂ ਦੀ ਮਦਦ ਕਰਿਆ ਕਰਦੇ ਸਨ।

ਪ੍ਰੋਫੈਸਰ ਮਲਵਿੰਦਰਜੀਤ ਸਿੰਘ ਵੱਲੋਂ ਸੰਪਾਦਿਤ, 'ਆਤਮ ਕਥਾ ਸੰਤ ਵਸਾਖਾ ਸਿੰਘ' ਵਿੱਚ ਭਾਈ ਵਸਾਖਾ ਸਿੰਘ ਲਿਖਦੇ ਨੇ ਕਿ ਅਮਰੀਕਾ ਵਿੱਚ ਹੁੰਦਿਆਂ ਬਾਬੂ ਕਪੂਰ ਸਿੰਘ ਧਾਰਮਿਕ ਕੰਮਾਂ ਵਿੱਚ ਉਨ੍ਹਾਂ ਦੀ ਮਾਇਕ ਸਹਾਇਤਾ ਕਰਿਆ ਕਰਦੇ ਸਨ। ਪਰ ਉਹ ਮੁਲਕੀ ਕੰਮਾਂ ਵਿੱਚ ਹਿੱਸਾ ਨਹੀਂ ਸੀ ਲੈਂਦੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਾਬੂ ਕਪੂਰ ਸਿੰਘ ਗਰਮ ਖਿਆਲਾਂ ਦੇ ਗਦਰੀ ਨਹੀਂ ਸਨ ਪਰ ਫੇਰ ਵੀ ਉਹ ਆਪਣੇ ਤਰੀਕੇ ਨਾਲ਼ ਹਿੰਦੁਸਤਾਨ ਦੀ ਆਜ਼ਾਦੀ ਲਈ ਅਤੇ ਕਨੇਡਾ ਵਿੱਚ ਆਪਣੇ ਲੋਕਾਂ ਦੇ ਭਲੇ ਲਈ ਕੰਮ ਕਰਦੇ ਰਹੇ ਸਨ। ਜਦੋਂ 1919 ਵਿੱਚ ਪਰਿੰਸ ਆਫ ਵੇਲਜ਼ ਵੈਨਕੂਵਰ ਆਇਆ ਸੀ ਤਾਂ ਬਾਬੂ ਕਪੂਰ ਸਿੰਘ ਨੇ ਰਹੀਮ ਹੋਰਾਂ ਨਾਲ਼ ਰਲਕੇ ਉਸ ਨੂੰ ਹਿੰਦੁਸਤਾਨੀਆਂ ਦੀਆਂ ਕਨੇਡਾ ਵਿੱਚ ਮੁਸ਼ਕਿਲਾਂ ਬਾਰੇ ਦੱਸਿਆ ਸੀ। 1927 ਵਿੱਚ ਲਾਰਡ ਵਾਲਿੰਗਡਨ ਕਨੇਡਾ ਵਿੱਚ ਆਇਆ ਤਾਂ ਬਾਬੂ ਕਪੂਰ ਸਿੰਘ ਨੇ ਹੋਰ ਲੀਡਰਾਂ ਨਾਲ਼ ਰਲਕੇ ਉਸ ਕੋਲ ਹਿੰਦੁਸਤਾਨੀਆਂ ਨੂੰ ਕਨੇਡਾ ਵਿੱਚ ਵੋਟ ਦਾ ਹੱਕ ਦਿੱਤੇ ਜਾਣ ਪਟੀਸ਼ਨ ਬਾਰੇ ਪੇਸ਼ ਕੀਤੀ ਸੀ।

ਪਿੰਡ ਖੜੌਦੀ 'ਚ 1928 ਵਿੱਚ ਬੱਬਰਾਂ ਦੀ ਵੱਡੀ ਕਾਨਫਰੰਸ ਹੋਈ ਸੀ। ਕਪੂਰ ਸਿੰਘ ਨੇ ਆਪਣੇ ਪਿੰਡ ਹੋਈ ਇਸ ਕਾਨਫਰੰਸ ਦੀ ਕਾਮਯਾਬੀ ਲਈ ਕਨੇਡਾ ਤੋਂ ਪੈਸੇ ਭੇਜੇ ਸਨ। ਬਾਬੂ ਕਪੂਰ ਸਿੰਘ ਨੇ ਆਪਣੇ ਕੋਲ਼ੋਂ ਪੈਸੇ ਖਰਚ ਕੇ 1936 ਵਿੱਚ ਵੈਨਕੂਵਰ ਗੁਰਦੁਆਰੇ ਦੀ ਮੇਜਰ ਰੈਨੋਵੇਸ਼ਨ ਕਰਵਾਈ ਸੀ। ਇਸ ਮੌਕੇ ਕਪੂਰ ਸਿੰਘ ਨੇ ਬਹੁਤ ਸਾਰੇ ਪੈਸੇ ਦੇ ਕੇ ਚੋਟੀ ਦੇ ਆਰਟਿਸਟ ਤੋਂ ਗੁਰੂ ਨਾਨਕ ਦੇਵ ਜੀ ਦੀ ਪੱਥਰ ਦੇ ਟੁਕੜਿਆਂ ਤੋਂ ਫੋਟੋ ਬਣਵਾਈ ਸੀ। ਹੁਣ ਇਹ ਫੋਟੋ ਰੌਸ ਸਟਰੀਟ ਗੁਰਦੁਆਰੇ ਦੇ ਬਾਹਰ ਲੱਗੀ ਹੋਈ ਹੈ।

ਬੰਗਿਆਂ ਕੋਲ ਦੇ ਪਿੰਡ ਪੰਡੋਰੀ ਲੱਧਾ ਸਿੰਘ ਦੇ 96 ਸਾਲਾ ਮਨਜੀਤ ਸਿੰਘ ਢਿੱਲੋਂ (ਪ੍ਰਸਿੱਧ ਗਦਰੀ ਨਿਰੰਜਨ ਸਿੰਘ ਦਾ ਪੋਤਾ) 1946 ਤੋਂ ਵੈਨਕੂਵਰ ਵਿੱਚ ਰਹਿ ਰਹੇ ਹਨ। ਅਸੀਂ ਉਨ੍ਹਾਂ ਨੂੰ ਬਾਬੂ ਕਪੂਰ ਸਿੰਘ ਬਾਰੇ ਪੁੱਛਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ''ਕਪੂਰ ਵਧੀਆ ਬੰਦਾ ਸੀ।'' ਜਦੋਂ ਅਸੀਂ ਉਨ੍ਹਾਂ ਨੂੰ ਸਾਧੂ ਬਿਨਿੰਗ, ਮੱਖਣ ਟੁੱਟ, ਸਤਵੰਤ ਹੁੰਦਲ ਅਤੇ ਡਾ. ਹਰੀ ਸ਼ਰਮਾ ਹੋਰਾਂ ਵਲੋਂ ਦਰਸ਼ਨ ਸਿੰਘ ਕਨੇਡੀਅਨ ਨਾਲ਼ ਕੀਤੀ ਉਸ ਲੰਮੀ ਇੰਟਰਵਿਊ ਬਾਰੇ ਦੱਸਿਆ ਜਿਸ ਵਿੱਚ ਦਰਸ਼ਨ ਸਿੰਘ ਕਹਿੰਦਾ ਹੈ ਕਿ ਜਦੋਂ ਉਹ ਇੰਡੀਆ ਤੋਂ ਨਵਾਂ ਨਵਾਂ ਆਇਆ ਸੀ ਤਾਂ ਉਹ ਵੈਨਕੂਵਰ ਆਈਲੈਂਡ 'ਤੇ ਕਪੂਰ ਸਿੰਘ ਦੀ ਲੱਕੜ ਮਿੱਲ ਵਿੱਚ ਕੰਮ ਲੱਭਣ ਗਿਆ ਸੀ। ਦਰਸ਼ਨ ਸਿੰਘ ਆਪਣੇ ਚਾਚੇ ਕੋਲ਼ ਠਹਿਰਿਆ ਹੋਇਆ ਸੀ ਜੋ ਕਿ ਉੱਥੇ ਮਿੱਲ ਦੇ ਬੰਕ ਹਾਊਸ ਵਿੱਚ ਰਹਿੰਦਾ ਸੀ॥ ਚਾਚੇ ਨੇ ਹਰ ਰੋਜ਼ ਕੰਮ ਤੋਂ ਬਾਅਦ ਕਪੂਰ ਸਿੰਘ ਕੋਲ਼ ਜਾ ਕੇ ਮਿੰਨਤਾਂ ਕਰਨੀਆਂ ਤੇ ਆਪਣੇ ਭਤੀਜੇ ਲਈ ਕੰਮ ਮੰਗਣਾ। ਦਰਸ਼ਨ ਸਿੰਘ ਕਨੇਡੀਅਨ ਦੱਸਦੇ ਨੇ ਕਿ ਪੰਜ-ਛੇ ਦਿਨਾਂ ਬਾਅਦ ਕਪੂਰ ਸਿੰਘ ਨੇ ਉਨ੍ਹਾਂ ਨੂੰ ਕੰਮ ਉੱਤੇ ਰੱਖ ਲਿਆ ਪਰ ''ਜਿੱਦਣ ਕਪੂਰ ਸਿੰਘ ਨੇ ਮੈਨੂੰ ਕੰਮ ਉੱਤੇ ਰੱਖਿਆ ਚਾਚੇ ਨੂੰ ਉਸੇ ਦਿਨ ਮਿੱਲ ਚੋਂ ਛੁੱਟੀ ਕਰ ਦਿੱਤੀ। ਚਾਚਾ ਕਪੂਰ ਸਿੰਘ ਲਈ ਸ਼ਾਇਦ ਪੁਰਾਣਾ ਘੋੜਾ ਹੋ ਚੁੱਕਾ ਸੀ। ਸੱਠ ਸਾਲ ਦਾ ਬਿਰਧ ਸੀ। ਉਹ ਉਹਨੇ ਹਟਾ ਦਿੱਤਾ ਤੇ ਉਹਦੀ ਥਾਂ 20 ਸਾਲਾਂ ਦਾ ਨਵਾਂ ਘੋੜਾ ਰੱਖ ਲਿਆ।'' ਕਪੂਰ ਸਿੰਘ ਬਾਰੇ ਦਰਸ਼ਨ ਸਿੰਘ ਕਨੇਡੀਅਨ ਦੀ ਇਹ ਟਿੱਪਣੀ ਸੁਣ ਢਿੱਲੋਂ ਸਾਹਿਬ ਕਹਿਣ ਲੱਗੇ ''ਇੱਦਾਂ ਤਾਂ ਸਰਮਏਦਾਰ ਕਰਦੇ ਹੀ ਹੁੰਦੇ ਆ।''

ਸਾਨੂੰ ਬਾਬੂ ਕਪੂਰ ਸਿੰਘ ਬਾਰੇ ਜੋ ਕੁਛ ਵੀ ਪਤਾ ਸੀ ਉਹ ਸਭ ਲਿਖ ਦਿੱਤਾ ਹੈ। ਉਸ ਦੇ ਚੰਗਾ ਜਾਂ ਮਾੜਾ ਹੋਣ ਬਾਰੇ ਅਸੀਂ ਕੁਛ ਨਹੀਂ ਕਹਾਂਗੇ। ਬਾਬੂ ਕਪੂਰ ਸਿੰਘ ਚੰਗਾ ਸੀ ਜਾਂ ਮਾੜਾ ਇਸ ਗੱਲ ਬਾਰੇ ਸਾਥੋਂ ਸਿਆਣਾ ਕੋਈ ਇਤਿਹਾਸਕਾਰ ਹੋਰ ਖੋਜ ਕਰਕੇ ਲਿਖੇਗਾ।

# ਸਿੱਖਿਆ ਖੇਤਰ ਨੂੰ ਬਦਲਣ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ ਦੀ ਭੂਮਿਕਾ

ਲਿਖਤ : ਸੰਦੀਪ ਕੁਮਾਰ
ਸੰਪਰਕ : 70098 - 07121



ਆਰਟੀਫੀਸ਼ਲ ਇੰਟੈਲੀਜੈਂਸ (ਏ. ਆਈ) ਤੇਜ਼ੀ ਨਾਲ ਵਿਭਿੰਨ ਉਦਯੋਗਾਂ ਵਿੱਚ ਨਵੀਨਤਾ ਦਾ ਅਧਾਰ ਬਣ ਰਿਹਾ ਹੈ, ਜਿਸ ਵਿੱਚ ਸਿੱਖਿਆ ਸਭ ਤੋਂ ਮਹੱਤਵਪੂਰਨ ਲਾਭਪਾਤਰੀਆਂ ਵਿੱਚੋਂ ਇੱਕ ਹੈ। ਦੁਨੀਆ ਭਰ ਦੀਆਂ ਵਿੱਦਿਅਕ ਪ੍ਰਣਾਲੀਆਂ ਵਿੱਚ ਇਸ ਤਕਨਾਲੋਜੀ ਦਾ ਏਕੀਕਰਨ ਕੇਵਲ ਅਧਿਆਪਨ ਅਤੇ ਸਿੱਖਣ ਦੀਆਂ ਪ੍ਰਕਿਰਿਆਵਾਂ ਨੂੰ ਮੁੜ ਆਕਾਰ ਹੀ ਨਹੀਂ ਦੇ ਰਿਹਾ ਹੈ ਸਗੋਂ ਸਿੱਖਿਆ ਦੀ ਪਹੁੰਚ ਅਤੇ ਪ੍ਰਭਾਵਸ਼ੀਲਤਾ ਨੂੰ ਵੀ ਵਧਾ ਰਿਹਾ ਹੈ।

ਵਿਅਕਤੀਗਤ ਸਿਖਲਾਈ: ਸਿੱਖਿਆ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ, ਸਿੱਖਣ ਨੂੰ ਵਿਅਕਤੀਗਤ ਬਣਾਉਣ ਦੀ ਯੋਗਤਾ ਦੇ ਸਭ ਤੋਂ ਮਹੱਤਵਪੂਰਨ ਪ੍ਰਭਾਵਾਂ ਵਿੱਚੋਂ ਇੱਕ ਹੈ। ਆਰਟੀਫੀਸ਼ਲ ਇੰਟੈਲੀਜੈਂਸ ਸਿਸਟਮ ਵਿੱਦਿਅਕ ਸਮੱਗਰੀ ਨੂੰ ਉਹਨਾਂ ਦੀਆਂ ਖਾਸ ਲੋੜਾਂ ਅਨੁਸਾਰ ਤਿਆਰ ਕਰਨ ਲਈ ਵਿਦਿਆਰਥੀ ਦੇ ਪਿਛਲੇ ਸਿੱਖਣ ਦੇ ਇਤਿਹਾਸ ਅਤੇ ਪ੍ਰਦਰਸ਼ਨ ਦਾ ਵਿਸ਼ਲੇਸ਼ਣ ਕਰ ਸਕਦੇ ਹਨ। ਇਹ ਪਹੁੰਚ ਵਿਦਿਆਰਥੀਆਂ ਦੀਆਂ ਵਿਅਕਤੀਗਤ ਖੂਬੀਆਂ ਅਤੇ ਕਮਜ਼ੋਰੀਆਂ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ, ਸਿੱਖਣ ਨੂੰ ਵਧੇਰੇ ਕੁਸ਼ਲ ਅਤੇ ਪ੍ਰਭਾਵੀ ਬਣਾਉਂਦੀ ਹੈ। ਉਦਾਹਰਣ ਲਈ, ਖਾਨ ਅਕੈਡਮੀ ਵਰਗੇ ਪਲੇਟਫਾਰਮ ਵਿਅਕਤੀਗਤ ਅਭਿਆਸਾਂ ਅਤੇ ਹਿਦਾਇਤੀ ਵੀਡੀਓਜ਼ ਦੀ ਪੇਸ਼ਕਸ਼ ਕਰਨ ਲਈ ਆਰਟੀਫੀਸ਼ਲ ਇੰਟੈਲੀਜੈਂਸ ਦੀ ਵਰਤੋਂ ਕਰਦੇ ਹਨ ਜੋ ਹਰੇਕ ਵਿਦਿਆਰਥੀ ਦੀ ਸਿੱਖਣ ਦੀ ਗਤੀ ਨੂੰ ਅਨੁਕੂਲ ਬਣਾਉਂਦੇ ਹਨ।

ਪ੍ਰਬੰਧਕੀ ਕਾਰਜਾਂ ਦਾ ਸਵੈਚਾਲਨ: ਆਰਟੀਫੀਸ਼ਲ ਇੰਟੈਲੀਜੈਂਸ ਸਿੱਖਿਅਕਾਂ ਅਤੇ ਸੰਸਥਾਵਾਂ ਲਈ ਪ੍ਰਸ਼ਾਸਕੀ ਕਾਰਜਾਂ ਨੂੰ ਸਵੈਚਾਲਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਰਟੀਫੀਸ਼ਲ ਇੰਟੈਲੀਜੈਂਸ ਨਾਲ ਗ੍ਰੇਡਿੰਗ ਪ੍ਰੀਖਿਆਵਾਂ, ਸਮਾਂ-ਸਾਰਣੀ ਦਾ ਪ੍ਰਬੰਧਨ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਨੂੰ ਟਰੈਕ ਕਰਨ ਵਰਗੇ ਕਾਰਜਾਂ ਨੂੰ ਸੁਚਾਰੂ ਬਣਾਇਆ ਜਾ ਸਕਦਾ ਹੈ। ਇਹ ਆਟੋਮੇਸ਼ਨ ਨਾ ਸਿਰਫ਼ ਅਧਿਆਪਕਾਂ ਉੱਤੇ ਕੰਮ ਦਾ ਬੋਝ ਘਟਾਉਂਦਾ ਹੈ, ਸਗੋਂ ਉਨ੍ਹਾਂ ਨੂੰ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਅਤੇ ਅਧਿਆਪਨ ਦੇ ਤਰੀਕਿਆਂ ਨੂੰ ਬਿਹਤਰ ਬਣਾਉਣ ਉੱਤੇ ਧਿਆਨ ਦੇਣ ਲਈ ਵਧੇਰੇ ਸਮਾਂ ਬਿਤਾਉਣ ਦੀ ਵੀ ਇਜਾਜ਼ਤ ਦਿੰਦਾ ਹੈ।

ਵਧੀ ਹੋਈ ਪਹੁੰਚਯੋਗਤਾ: ਆਰਟੀਫੀਸ਼ਲ ਇੰਟੈਲੀਜੈਂਸ ਤਕਨੀਕਾਂ ਅਪਾਹਜ ਲੋਕਾਂ ਲਈ ਸਿੱਖਿਆ ਨੂੰ ਵਧੇਰੇ ਪਹੁੰਚਯੋਗ ਬਣਾ ਰਹੀਆਂ ਹਨ। ਸਪੀਚ-ਟੂ-ਟੈਕਸਟ ਅਤੇ ਟੈਕਸਟ-ਟੂ-ਸਪੀਚ ਕਨਵਰਟਰਜ਼, ਇੰਟੈਲੀਜੈਂਟ ਟਿਊਸ਼ਨ ਸਿਸਟਮ, ਅਤੇ ਵਰਚੁਅਲ ਰਿਐਲਿਟੀ ਵਾਤਾਵਰਣ ਵਰਗੇ ਟੂਲ ਸਿੱਖਣ ਦੀਆਂ ਵੱਖ-ਵੱਖ ਲੋੜਾਂ ਅਤੇ ਸ਼ੈਲੀਆਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਹਨ। ਉਦਾਹਰਣ ਲਈ, ਆਰਟੀਫੀਸ਼ਲ ਇੰਟੈਲੀਜੈਂਸ-ਸੰਚਾਲਿਤ ਐਪਸ ਲਿਖਤੀ ਸਮੱਗਰੀ ਨੂੰ ਬਰੇਲ ਜਾਂ ਭਾਸ਼ਣ ਵਿੱਚ ਬਦਲ ਕੇ ਨੇਤਰਹੀਣ ਵਿਦਿਆਰਥੀਆਂ ਦੀ ਮਦਦ ਕਰ ਸਕਦੇ ਹਨ।

ਬੁੱਧੀਮਾਨ ਟਿਊਸ਼ਨ ਸਿਸਟਮ: ਇੰਟੈਲੀਜੈਂਟ ਟਿਊਸ਼ਨ ਸਿਸਟਮ (ਆਈ. ਟੀ. ਐੱਸ) ਆਰਟੀਫੀਸ਼ਲ ਇੰਟੈਲੀਜੈਂਸ ਐਪਲੀਕੇਸ਼ਨ ਹਨ ਜੋ ਵਿਦਿਆਰਥੀਆਂ ਨੂੰ ਅਨੁਕੂਲਿਤ ਹਦਾਇਤਾਂ ਅਤੇ ਫੀਡਬੈਕ ਪ੍ਰਦਾਨ ਕਰਦੇ ਹਨ। ਇਹ ਪ੍ਰਣਾਲੀਆਂ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਇੱਕ-ਨਾਲ-ਨਾਲ ਗੱਲਬਾਤ ਦੀ ਨਕਲ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਉਹ ਵਿਦਿਆਰਥੀ ਦੇ ਜਵਾਬਾਂ ਦੇ ਆਧਾਰ 'ਤੇ ਸਵਾਲ ਪੁੱਛ ਸਕਦੇ ਹਨ, ਸੰਕੇਤ ਦੇ ਸਕਦੇ ਹਨ, ਅਤੇ ਮੁਸ਼ਕਲਾਂ ਦੇ ਪੱਧਰ ਨੂੰ ਵੀ ਸੋਧ ਸਕਦੇ ਹਨ। ਕਾਰਨੇਗੀ ਲਰਨਿੰਗ ਦੇ ਮੈਥੀਆ ਸੌਫਟਵੇਅਰ ਵਰਗੇ ਆਈ. ਟੀ. ਐੱਸ ਨੂੰ ਵਿਦਿਆਰਥੀ ਦੀ ਸਿੱਖਣ ਦੀ ਪ੍ਰਗਤੀ ਦੇ ਅਨੁਕੂਲ ਬਣਾ ਕੇ ਗਣਿਤ ਦੀ ਸਿੱਖਿਆ ਦਾ ਸਮਰਥਨ ਕਰਨ ਲਈ ਵਿਆਪਕ ਤੌਰ 'ਤੇ ਵਰਤਿਆ ਜਾ ਰਿਹਾ ਹੈ।

ਭਵਿੱਖਬਾਣੀ ਕਰਨ ਵਾਲੇ ਵਿਸ਼ਲੇਸ਼ਣ: ਸਿੱਖਿਆ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ ਸਿਰਫ਼ ਪੜ੍ਹਾਉਣ ਤਕ ਹੀ ਸੀਮਿਤ ਨਹੀਂ ਹੈ, ਇਹ ਭਵਿੱਖਬਾਣੀ ਵਿਸ਼ਲੇਸ਼ਣ ਵਿੱਚ ਵਿਸਤ੍ਰਿਤ ਹੈ, ਸਿੱਖਿਅਕਾਂ ਅਤੇ ਸੰਸਥਾਵਾਂ ਨੂੰ ਵਿਦਿਆਰਥੀਆਂ ਦੇ ਨਤੀਜਿਆਂ ਵਿੱਚ ਸੁਧਾਰ ਕਰਨ ਅਤੇ ਸਕੂਲ ਛੱਡਣ ਦੀਆਂ ਦਰਾਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਆਰਟੀਫੀਸ਼ਲ ਇੰਟੈਲੀਜੈਂਸ ਸਿਸਟਮ ਭਵਿੱਖ ਦੇ ਪ੍ਰਦਰਸ਼ਨ ਅਤੇ ਸੰਭਾਵੀ ਸਿੱਖਣ ਰੁਕਾਵਟਾਂ ਦੀ ਭਵਿੱਖਬਾਣੀ ਕਰਨ ਲਈ ਵਿਦਿਆਰਥੀਆਂ ਦੇ ਆਪਸੀ ਤਾਲਮੇਲ ਅਤੇ ਸਿੱਖਣ ਦੇ ਪੈਟਰਨਾਂ ਤੋਂ ਡੇਟਾ ਦਾ ਵਿਸ਼ਲੇਸ਼ਣ ਕਰ ਸਕਦੇ ਹਨ। ਇਹ ਯੋਗਤਾ ਸਿੱਖਿਅਕਾਂ ਨੂੰ ਛੇਤੀ ਦਖਲ ਦੇਣ ਦੇ ਯੋਗ ਬਣਾਉਂਦੀ ਹੈ, ਵਿਦਿਆਰਥੀਆਂ ਨੂੰ ਸਫਲ ਹੋਣ ਵਿੱਚ ਮਦਦ ਕਰਨ ਲਈ ਵਾਧੂ ਸਰੋਤ ਜਾਂ ਸਹਾਇਤਾ ਪ੍ਰਦਾਨ ਕਰਦੀ ਹੈ।

ਚੁਣੌਤੀਆਂ ਅਤੇ ਨੈਤਿਕ ਵਿਚਾਰ: ਬਹੁਤ ਸਾਰੇ ਲਾਭਾਂ ਦੇ ਬਾਵਜੂਦ, ਸਿੱਖਿਆ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ ਦੀ ਵਰਤੋਂ ਚੁਣੌਤੀਆਂ ਅਤੇ ਨੈਤਿਕ ਵਿਚਾਰਾਂ ਦੇ ਨਾਲ ਆਉਂਦੀ ਹੈ। ਡਾਟਾ ਗੋਪਨੀਯਤਾ, ਸੁਰੱਖਿਆ, ਅਤੇ ਆਰਟੀਫੀਸ਼ਲ ਇੰਟੈਲੀਜੈਂਸ ਐਲਗਰਿਦਮ ਵਿੱਚ ਪੱਖਪਾਤ ਦੀ ਸੰਭਾਵਨਾ ਵਰਗੇ ਮੁੱਦੇ ਮਹੱਤਵਪੂਰਨ ਚਿੰਤਾਵਾਂ ਹਨ। ਇਸ ਤੋਂ ਇਲਾਵਾ ਇਹ ਡਰ ਹੈ ਕਿ ਆਰਟੀਫੀਸ਼ਲ ਇੰਟੈਲੀਜੈਂਸ ਡਿਜਿਟਲ ਵੰਡ ਨੂੰ ਵਧਾ ਸਕਦਾ ਹੈ ਜੇਕਰ ਐਕੁਅਟੀ ਲਈ ਵਿਚਾਰਾਂ ਦੇ ਨਾਲ ਲਾਗੂ ਨਾ ਕੀਤਾ ਗਿਆ, ਕਿਉਂਕਿ ਹੇਠਲੇ ਸਮਾਜਿਕ-ਆਰਥਿਕ ਪਿਛੋਕੜ ਵਾਲੇ ਵਿਦਿਆਰਥੀਆਂ ਕੋਲ ਆਰਟੀਫੀਸ਼ਲ ਇੰਟੈਲੀਜੈਂਸ-ਸਮਰੱਥ ਸਰੋਤਾਂ ਤਕ ਘੱਟ ਪਹੁੰਚ ਹੋ ਸਕਦੀ ਹੈ।

ਸਿੱਖਿਆ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ ਦੀ ਭੂਮਿਕਾ ਪਰਿਵਰਤਨਸ਼ੀਲ ਹੈ, ਜੋ ਵਿਅਕਤੀਗਤ ਸਿੱਖਣ, ਪ੍ਰਬੰਧਕੀ ਕੁਸ਼ਲਤਾ, ਅਤੇ ਪਹੁੰਚਯੋਗਤਾ ਵਿੱਚ ਮਹੱਤਵਪੂਰਨ ਸੁਧਾਰਾਂ ਦੀ ਪੇਸ਼ਕਸ਼ ਕਰਦੀ ਹੈ। ਹਾਲਾਂਕਿ ਆਰਟੀਫੀਸ਼ਲ ਇੰਟੈਲੀਜੈਂਸ ਨੂੰ ਸਿੱਖਿਆ ਵਿੱਚ ਆਪਣੀ ਪੂਰੀ ਸਮਰੱਥਾ ਤਕ ਪਹੁੰਚਣ ਲਈਨੈਤਿਕ ਮੁੱਦਿਆਂ 'ਤੇ ਧਿਆਨ ਨਾਲ ਵਿਚਾਰ ਕਰਨਾ, ਬਰਾਬਰ ਪਹੁੰਚ, ਅਤੇ ਆਰਟੀਫੀਸ਼ਲ ਇੰਟੈਲੀਜੈਂਸ ਸਾਧਨਾਂ ਦਾ ਨਿਰੰਤਰ ਮੁਲਾਂਕਣ ਅਤੇ ਵਿਦਿਆਰਥੀਆਂ ਉੱਤੇ ਉਹਨਾਂ ਦੇ ਪ੍ਰਭਾਵ ਜ਼ਰੂਰੀ ਹਨ। ਇਹ ਯਕੀਨੀ ਬਣਾਉਣ ਲਈ ਕਿ ਆਰਟੀਫੀਸ਼ਲ ਇੰਟੈਲੀਜੈਂਸ ਸਾਰੇ ਵਿਦਿਆਰਥੀਆਂ ਲਈ ਵਿੱਦਿਅਕ ਨਤੀਜਿਆਂ ਨੂੰ ਵਧਾਉਣ ਲਈ ਇੱਕ ਸਾਧਨ ਵਜੋਂ ਕੰਮ ਕਰਦਾ ਹੈ, ਭਵਿੱਖ ਵਿੱਚ ਇਸਦੀ ਵਰਤੋਂ ਹੋਰ ਵੀ ਮਹੱਤਵਪੂਰਨ ਹੋਵੇਗੀ।

ੴ
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

## ਸਾਲਾਨਾ ਸ੍ਰੀ ਅਖੰਡ ਪਾਠ ਸਾਹਿਬ

(ਪਿੰਡ ਕੁੱਸਾ-ਮੋਗਾ)



ਬੇਨਤੀ ਹੈ ਕਿ ਪਿੰਡ ਕੁੱਸਾ (ਮੋਗਾ) ਦੀ ਸਮੂਹ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ। ਆਪ ਸਭ ਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਪ੍ਰੋਗਰਾਮ ਦੇ ਵੇਰਵੇ:

**ਪ੍ਰਕਾਸ਼ ਸ੍ਰੀ ਅਖੰਡ ਪਾਠ ਸਾਹਿਬ**
05 - ਜੂਨ 2026 (ਸ਼ੁੱਕਰਵਾਰ) ਸਵੇਰੇ 10 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ**
07 - ਜੂਨ 2026 (ਐਤਵਾਰ) ਸਵੇਰੇ 10 ਵਜੇ

ਸਥਾਨ:

**ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ**
30640 Blueridge Dr, Abbotsford, V2T 5W3 BC

ਸੋ ਪਿੰਡ ਦੇ ਸਾਰੇ ਸੱਜਣ-ਮਿੱਤਰ, ਮਾਵਾਂ-ਭੈਣਾਂ, ਦੋਹਤੇ-ਦੋਹਤੀਆਂ ਤੇ ਕੁੜੀਆਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।
ਸੋ ਸਾਰੇ ਟਾਈਮ ਨਾਲ ਜ਼ਰੂਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਲਛਮਣ ਸਿੰਘ ਧਾਲੀਵਾਲ (604-306-4710)
ਰਛਪਾਲ ਸਿੰਘ ਧਾਲੀਵਾਲ (604-807-8448)
ਗੁਰਜੀਤ ਸਿੰਘ ਧਾਲੀਵਾਲ (778-928-7000)



# ਪੰਜਾਬ ਦੀ ਸਿਆਸਤ

## ਟਕਰਾਅ ਦੇ ਰਾਹ 'ਤੇ

ਜਗਤਾਰ ਸਿੰਘ
ਸੰਪਰਕ: 97797-11201

ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ 'ਗੁਰਾਂ ਦੇ ਨਾਂ 'ਤੇ ਵੱਸਦੇ' ਪੰਜਾਬ ਦੀ ਸਿਆਸਤ ਟਕਰਾਅ ਦੇ ਰਾਹ ਪੈ ਗਈ ਹੈ। ਇਹ ਟਕਰਾਅ ਦੋ-ਪੱਧਰੀ ਹੈ: ਇੱਕ ਪਾਸੇ ਸੂਬਾਈ ਸਿਆਸਤ ਦਾ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਅਤੇ ਦੂਜੇ ਪਾਸੇ ਸਿੱਖ ਕੌਮ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਇਹ ਸੰਸਥਾ ਸਿੱਖ ਪ੍ਰਭੁਸੱਤਾ ਦੀ ਆਲਮੀ ਪਛਾਣ ਹੈ। ਦਿਲਚਸਪ ਪਹਿਲੂ ਇਹ ਹੈ ਕਿ ਇਸ ਖਿੱਚੋਤਾਣ ਦਾ ਸਿਆਸੀ ਲਾਹਾ ਆਮ ਆਦਮੀ ਪਾਰਟੀ (ਆਪ) ਅਤੇ ਸੂਬੇ ਵਿੱਚ ਚੌਥੇ ਨੰਬਰ ਦੀ ਧਿਰ ਮੰਨੀ ਜਾਂਦੀ ਭਾਜਪਾ, ਦੋਵਾਂ ਨੂੰ ਮਿਲਣ ਦੀ ਸੰਭਾਵਨਾ ਹੈ। ਭਾਜਪਾ ਨਾਲ 'ਆਪ' ਦਾ ਟਕਰਾਅ ਬਹੁ-ਪਰਤੀ ਹੈ। ਦਿੱਲੀ ਵਿੱਚ 'ਆਪ' ਅਤੇ ਭਾਜਪਾ ਦੀ ਸਿਆਸੀ ਜੰਗ ਪੁਰਾਣੀ ਹੈ, ਪਰ ਪੰਜਾਬ ਵਿੱਚ ਇਹ ਲੜਾਈ ਉਦੋਂ ਹੋਰ ਤਿੱਖੀ ਹੋ ਗਈ ਜਦੋਂ 'ਆਪ' ਦੇ ਸੱਤ ਰਾਜ ਸਭਾ ਮੈਂਬਰ ਭਾਜਪਾ ਵਿੱਚ ਸ਼ਾਮਲ ਹੋ ਗਏ। ਇਨ੍ਹਾਂ ਵਿੱਚੋਂ ਛੇ ਮੈਂਬਰ ਪੰਜਾਬ ਨਾਲ ਸਬੰਧਿਤ ਹਨ, ਜੋ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲਈ ਇੱਕ ਵੱਡਾ ਸਿਆਸੀ ਝਟਕਾ ਹੈ।

ਇਸੇ ਦੌਰਾਨ ਸੂਬੇ ਵਿੱਚ ਵਾਪਰੀ ਇੱਕ ਘਟਨਾ ਨੇ ਮਾਹੌਲ ਨੂੰ ਹੋਰ ਗੰਭੀਰ ਬਣਾ ਦਿੱਤਾ। ਛੇ ਮਈ ਦੀ ਰਾਤ ਨੂੰ ਤਿੰਨ ਘੰਟੇ ਦੇ ਵਕਫ਼ੇ ਵਿੱਚ ਦੋ ਬੰਬ ਧਮਾਕੇ ਹੋਏ, ਪਹਿਲਾ ਜਲੰਧਰ ਵਿਖੇ ਬੀ ਐੱਸ ਐੱਫ ਕੈਂਪ ਦੇ ਗੇਟ 'ਤੇ ਅਤੇ ਦੂਜਾ ਅੰਮ੍ਰਿਤਸਰ ਜ਼ਿਲ੍ਹੇ ਦੇ ਖਾਸਾ ਵਿਖੇ ਫ਼ੌਜੀ ਕੈਂਪ ਦੇ ਨੇੜੇ। ਖਾਸਾ, ਅਟਾਰੀ-ਵਾਹਗਾ ਸਰਹੱਦ ਦੇ ਬਿਲਕੁਲ ਨੇੜੇ ਹੈ। ਖ਼ੁਸ਼ਕਿਸਮਤੀ ਰਹੀ ਕਿ ਇਨ੍ਹਾਂ ਧਮਾਕਿਆਂ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਨ੍ਹਾਂ ਧਮਾਕਿਆਂ ਬਾਰੇ ਮੁੱਖ ਮੰਤਰੀ ਦਾ ਬਿਆਨ ਵੀ ਕਿਸੇ 'ਧਮਾਕੇ' ਤੋਂ ਘੱਟ ਨਹੀਂ ਸੀ, ਜਿਸ ਦੀ ਗੂੰਜ ਨੂੰ ਸ਼ਾਇਦ ਦਬਾਉਣ ਦੀ ਕੋਸ਼ਿਸ਼ ਵੀ ਕੀਤੀ ਗਈ। ਪੰਜਾਬ ਲਈ ਅਜਿਹੇ ਧਮਾਕੇ ਕੋਈ ਨਵੀਂ ਗੱਲ ਨਹੀਂ ਕਿਉਂਕਿ 1980ਵਿਆਂ ਤੋਂ ਹੀ ਸੂਬਾ ਅਜਿਹੇ ਦੌਰ ਵਿੱਚੋਂ ਲੰਘਦਾ ਰਿਹਾ ਹੈ। ਉਂਜ, ਪਿਛਲੇ ਕੁਝ ਸਮੇਂ ਤੋਂ ਹੋ ਰਹੇ ਧਮਾਕਿਆਂ ਦਾ ਸੁਭਾਅ ਕੁਝ ਵੱਖਰਾ ਜਾਪਦਾ ਹੈ ਕਿਉਂਕਿ ਇਨ੍ਹਾਂ ਵਿੱਚ ਜਾਨੀ ਨੁਕਸਾਨ ਕਰਨ ਦੀ ਬਜਾਏ ਸ਼ਾਇਦ 'ਸੰਕੇਤ' ਦੇਣ ਦੀ ਕੋਸ਼ਿਸ਼ ਵਧੇਰੇ ਨਜ਼ਰ ਆ ਰਹੀ ਹੈ।

ਪੰਜਾਬ ਦੀ ਸਿਆਸਤ ਵਿੱਚ ਅਜਿਹਾ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਸੂਬੇ ਵਿੱਚ ਹੋਏ ਧਮਾਕਿਆਂ ਲਈ ਸਿੱਧੇ ਤੌਰ 'ਤੇ ਕੇਂਦਰ ਦੀ ਸੱਤਾਧਾਰੀ ਧਿਰ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੋਵੇ ਅਤੇ ਉਹ ਵੀ ਸੂਬੇ ਦੇ ਮੁੱਖ ਮੰਤਰੀ ਨੇ। ਕੇਂਦਰ ਦੀ ਸੱਤਾਧਾਰੀ ਪਾਰਟੀ 'ਤੇ ਅਜਿਹਾ ਗੰਭੀਰ ਇਲਜ਼ਾਮ ਲਗਾਉਣਾ ਬੇਹੱਦ ਅਸਾਧਾਰਨ ਹੈ। ਫਿਰ ਵੀ ਮੀਡੀਆ ਨੇ ਇਸ ਬਿਆਨ ਨੂੰ ਬਣਦੀ ਤਵੱਜੋ ਨਹੀਂ ਦਿੱਤੀ। ਮੁੱਖ ਮੰਤਰੀ ਲਗਾਤਾਰ ਇਹ ਦਾਅਵਾ ਕਰ ਰਹੇ ਹਨ ਕਿ ਚੋਣਾਂ ਤੋਂ ਪਹਿਲਾਂ ਭਾਜਪਾ ਅਜਿਹੇ ਹੱਥਕੰਡਿਆਂ ਰਾਹੀਂ ਨਾ ਸਿਰਫ਼ ਬਦਅਮਨੀ ਫੈਲਾਉਣਾ ਚਾਹੁੰਦੀ ਹੈ ਸਗੋਂ ਲੋਕਾਂ ਵਿੱਚ ਫ਼ਿਰਕਾਪ੍ਰਸਤੀ ਦੀ ਅੱਗ ਲਾਉਣ ਦੀ ਕੋਸ਼ਿਸ਼ ਵਿੱਚ ਹੈ, ਜਿਸ ਨੂੰ 'ਆਪ' ਸਫ਼ਲ ਨਹੀਂ ਹੋਣ ਦੇਵੇਗੀ। ਇਸ ਸਬੰਧੀ ਪੱਛਮੀ ਬੰਗਾਲ ਦੀ ਮਿਸਾਲ ਵੀ ਦਿੱਤੀ ਜਾ ਰਹੀ ਹੈ, ਪਰ ਮੀਡੀਆ ਵਿੱਚ ਮੁੱਖ ਮੰਤਰੀ ਦੇ ਬਿਆਨ ਨਾਲੋਂ ਪੁਲੀਸ ਮੁਖੀ ਗੌਰਵ ਯਾਦਵ ਦੇ ਬਿਆਨ ਨੂੰ ਵਧੇਰੇ ਸਥਾਨ ਮਿਲਿਆ, ਜਿਸ ਵਿੱਚ ਉਨ੍ਹਾਂ ਨੇ ਇਨ੍ਹਾਂ ਧਮਾਕਿਆਂ ਪਿੱਛੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਦਾ ਹੱਥ ਦੱਸਿਆ। ਉਂਜ, ਪੰਜਾਬ ਪੁਲੀਸ ਪਿਛਲੇ ਕਈ ਦਹਾਕਿਆਂ ਤੋਂ ਅਜਿਹੀਆਂ ਘਟਨਾਵਾਂ ਬਾਰੇ ਇਹੀ 'ਮੁਹਾਰਨੀ' ਦੁਹਰਾਉਂਦੀ ਆ ਰਹੀ ਹੈ।

ਹੈਰਾਨੀਜਨਕ ਪੱਖ ਇਹ ਹੈ ਕਿ ਡੀ ਜੀ ਪੀ ਯਾਦਵ ਦਾ ਬਿਆਨ ਮੁੱਖ ਮੰਤਰੀ ਦੇ ਦਾਅਵੇ ਨੂੰ ਇੱਕ ਤਰ੍ਹਾਂ ਨਾਲ ਰੱਦ ਕਰਦਾ ਪ੍ਰਤੀਤ ਹੁੰਦਾ ਹੈ। ਸ੍ਰੀ ਗੌਰਵ ਯਾਦਵ ਪਿਛਲੇ ਲਗਪਗ ਚਾਰ ਸਾਲਾਂ ਤੋਂ ਕਾਰਜਕਾਰੀ ਪੁਲੀਸ ਮੁਖੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਭਰੋਸੇਮੰਦ ਅਧਿਕਾਰੀ ਮੰਨਿਆ ਜਾਂਦਾ ਹੈ। ਸ੍ਰੀ ਮਾਨ ਆਪਣੇ ਬਿਰਤਾਂਤ ਨੂੰ ਰੋਜ਼ਾਨਾ ਦੁਹਰਾ ਰਹੇ ਹਨ, ਪਰ ਭਾਜਪਾ ਨੇ ਇਸ ਮੁੱਦੇ 'ਤੇ ਪ੍ਰਤੀਕਿਰਿਆ ਦੇਣੀ ਬੰਦ ਕਰ ਦਿੱਤੀ ਹੈ। ਪੰਜਾਬ ਵਿੱਚ ਕੇਂਦਰ ਵਿਰੁੱਧ ਇਹ ਬਿਰਤਾਂਤ ਦਿਨੋ-ਦਿਨ ਤਿੱਖਾ ਹੋ ਰਿਹਾ ਹੈ। ਸਚਾਈ ਇਹ ਵੀ ਹੈ ਕਿ ਪੰਜਾਬ ਦਾ ਸੁਰੱਖਿਆ ਤੰਤਰ ਮੁਲਕ ਦੀ ਸੁਰੱਖਿਆ ਦੇ ਮਾਮਲੇ ਵਿੱਚ ਕੇਂਦਰ ਦੇ ਉਲਟ ਨਹੀਂ ਜਾ ਸਕਦਾ। ਪੰਜਾਬ ਇੱਕ ਸੰਵੇਦਨਸ਼ੀਲ ਸਰਹੱਦੀ ਸੂਬਾ ਹੈ ਅਤੇ ਇੱਥੋਂ ਦੀ ਆਬੋ-ਹਵਾ ਹਮੇਸ਼ਾ ਨਾਬਰੀ ਦੀ ਸਿਆਸਤ ਲਈ ਜ਼ਰਖ਼ੇਜ਼ ਰਹੀ ਹੈ। 1980ਵਿਆਂ ਤੋਂ ਸ਼ੁਰੂ ਹੋ ਕੇ ਲਗਪਗ ਡੇਢ ਦਹਾਕਾ ਇਹ ਧਰਤੀ ਲਹੂ ਨਾਲ ਭਿੱਜੀ ਰਹੀ ਹੈ। ਅਜਿਹੇ ਨਾਜ਼ੁਕ ਮੋੜ 'ਤੇ ਪੰਜਾਬ ਹੁਣ ਕਿਸੇ ਹੋਰ ਨੁਕਸਾਨ ਦਾ ਬੋਝ ਝੱਲਣ ਦੇ ਸਮਰੱਥ ਨਹੀਂ ਹੈ।

ਗੱਲ ਟਕਰਾਅ ਦੀ ਸਿਆਸਤ ਦੀ ਹੋ ਰਹੀ ਹੈ। ਜਦੋਂ ਕੇਂਦਰੀ ਏਜੰਸੀ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ 9 ਮਈ ਦੀ ਸਵੇਰ ਕੈਬਨਿਟ ਮੰਤਰੀ ਅਤੇ 'ਆਪ' ਦੇ ਆਗੂ ਸੰਜੀਵ ਅਰੋੜਾ (ਸਨਅਤ ਮੰਤਰੀ) ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਇਹ ਖਿੱਚੋਤਾਣ ਤਿਖੇਰੀ ਹੋ ਗਈ। ਵੱਡੇ ਸਨਅਤਕਾਰ ਸ੍ਰੀ ਅਰੋੜਾ 'ਤੇ ਕਾਰੋਬਾਰੀ ਹੇਰਾਫੇਰੀਆਂ ਦੇ ਦੋਸ਼ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਏਜੰਸੀਆਂ ਦੀ ਵਰਤੋਂ ਕੋਈ ਨਵੀਂ ਗੱਲ ਨਹੀਂ, ਪਰ ਭਾਜਪਾ ਸਰਕਾਰ ਨੇ ਤਾਂ ਇਸ ਨੂੰ ਸਿਆਸੀ ਹਥਿਆਰ ਬਣਾ ਲਿਆ ਜਾਪਦਾ ਹੈ। ਇਸ ਦੇ ਵਿਰੋਧ ਵਿੱਚ 10 ਮਈ ਨੂੰ 'ਆਪ' ਵਰਕਰਾਂ ਨੇ ਭਾਜਪਾ ਦਫ਼ਤਰਾਂ ਨੂੰ ਘੇਰਿਆ। ਇਸ ਵੇਲੇ ਸੂਬੇ ਵਿੱਚ ਸਭ ਤੋਂ ਤਿੱਖੀ ਬਿਆਨਬਾਜ਼ੀ 'ਆਪ' ਅਤੇ ਭਾਜਪਾ ਦਰਮਿਆਨ ਚੱਲ ਰਹੀ ਹੈ। ਉਂਜ, ਇਨ੍ਹਾਂ ਮਾਮਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਵੀ ਪਿੱਛੇ ਨਹੀਂ ਹਨ।

ਇਸ ਸਾਰੇ ਵਰਤਾਰੇ ਵਿੱਚ ਅਕਾਲੀ ਧਿਰਾਂ ਅਤੇ ਕਾਂਗਰਸ ਕਿਧਰੇ ਗੁਆਚੇ ਹੋਏ ਪ੍ਰਤੀਤ ਹੁੰਦੇ ਹਨ। ਭਾਜਪਾ ਇਹ ਲੜਾਈ ਚੌਥੇ ਸਥਾਨ ਤੋਂ ਲੜ ਰਹੀ ਹੈ ਅਤੇ ਇਸ ਟਕਰਾਅ ਵਿੱਚ ਦੋਵਾਂ ਧਿਰਾਂ ('ਆਪ' ਤੇ ਭਾਜਪਾ) ਦਾ ਸਿਆਸੀ ਫ਼ਾਇਦਾ ਨਜ਼ਰ ਆ ਰਿਹਾ ਹੈ। ਜਾਪਦਾ ਹੈ ਕਿ ਭਾਜਪਾ ਦਾ ਨਿਸ਼ਾਨਾ ਮਹਿਜ਼ 2027 ਦੀਆਂ ਚੋਣਾਂ ਨਹੀਂ, ਸਗੋਂ ਇਸ ਦੀ ਰਣਨੀਤੀ ਦੂਰਗਾਮੀ ਹੈ। ਪੰਜਾਬ ਦੀ ਸਿੱਖ ਸਿਆਸਤ ਹੁਣ ਸਿਰਫ਼ ਖੇਤਰੀ ਨਹੀਂ ਰਹੀ, ਇਸ ਦਾ ਸਰੂਪ ਆਲਮੀ ਹੋ ਚੁੱਕਾ ਹੈ। ਯਾਦ ਰਹੇ ਕਿ ਸ਼ਾਂਤੀ ਦਾ ਅਰਥ ਸਿਰਫ਼ ਹਿੰਸਾ ਦਾ ਖ਼ਤਮ ਹੋਣਾ ਨਹੀਂ ਹੁੰਦਾ। ਮਾਨ ਸਰਕਾਰ ਇਸ ਵੇਲੇ ਸਿੱਖ ਭਾਵਨਾਵਾਂ ਨੂੰ ਸ਼ਾਂਤ ਕਰਨ ਦੇ ਚੱਕਰ ਵਿੱਚ ਇੱਕ ਹੋਰ ਵੱਡੇ ਟਕਰਾਅ ਦਾ ਸਾਹਮਣਾ ਕਰ ਰਹੀ ਹੈ। ਸਥਿਤੀ ਕਾਫ਼ੀ ਪੇਚੀਦਾ ਹੈ ਕਿਉਂਕਿ ਸਰਕਾਰ ਦੇ ਇੱਕ ਫ਼ੈਸਲੇ ਨੇ ਸਿੱਖਾਂ ਦੇ ਇੱਕ ਹਿੱਸੇ ਨੂੰ ਸੰਤੁਸ਼ਟ ਜਦੋਂਕਿ ਦੂਜੇ ਹਿੱਸੇ ਵਿੱਚ ਰੋਸ ਪੈਦਾ ਕੀਤਾ ਹੈ। ਸਰਕਾਰ ਲਈ ਇਹ 'ਅੱਗੇ ਖੂਹ, ਪਿੱਛੇ ਖਾਤਾ' ਵਾਲੀ ਸਥਿਤੀ ਹੈ। ਦਰਅਸਲ, ਇਹ ਮਸਲਾ ਸਿੱਖਾਂ ਦੀਆਂ ਇਨ੍ਹਾਂ ਦੋਵਾਂ ਧਿਰਾਂ ਨੂੰ ਆਪਸ ਵਿੱਚ ਬੈਠ ਕੇ ਸੁਲਝਾਉਣਾ ਚਾਹੀਦਾ ਹੈ। ਇਹ ਗੰਭੀਰ ਮਸਲਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦਾ।

2015 ਦੇ ਬਰਗਾੜੀ ਕਾਂਡ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਨੇ ਪੰਜਾਬ ਦੀ ਸਿਆਸਤ ਨੂੰ ਲਗਾਤਾਰ ਹਿਲਾ ਕੇ ਰੱਖਿਆ ਹੋਇਆ ਹੈ। ਅਕਸਰ ਕਿਹਾ ਜਾਂਦਾ ਹੈ ਕਿ ਸਿਆਸੀ ਪਾਰਟੀਆਂ ਵੱਲੋਂ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਬਰਗਾੜੀ ਦਾ ਮੁੱਦਾ ਓਨੀ ਪ੍ਰਮੁੱਖਤਾ ਨਾਲ ਉੱਭਰ ਕੇ ਨਹੀਂ ਆਉਂਦਾ, ਪਰ ਅਸਲ ਵਿੱਚ ਸਿਆਸਤ ਲਗਾਤਾਰ ਇਸੇ ਦੁਆਲੇ ਘੁੰਮ ਰਹੀ ਹੈ। ਪੰਜਾਬ ਦੀ ਰਾਜਨੀਤੀ ਦੀ ਬਾਤ ਪਾਉਂਦਿਆਂ ਇਹ ਤੱਥ ਵਿਸਾਰਨਾ ਨਹੀਂ ਚਾਹੀਦਾ ਕਿ ਇਹ ਸਿੱਖ ਬਹੁਗਿਣਤੀ ਵਾਲਾ ਖਿੱਤਾ ਹੈ ਅਤੇ ਸਿੱਖ ਸਿਆਸਤ ਦੀ ਅੰਦਰੂਨੀ ਸੁਰ ਹੀ ਇਸ ਦੀ ਮੁੱਖ ਸਿਆਸੀ ਧਾਰਾ ਨੂੰ ਨਿਰਧਾਰਿਤ ਕਰਦੀ ਹੈ। ਇਹ ਖ਼ਾਸਾ ਕਿਸੇ ਸਰਵੇਖਣ ਦੀ ਪਕੜ ਵਿੱਚ ਨਹੀਂ ਆਉਂਦਾ। ਇਸ ਸੰਵੇਦਨਸ਼ੀਲ ਮੁੱਦੇ ਨੂੰ ਅੱਖੋਂ-ਪਰੋਖੇ ਕਰਨ ਦਾ ਖ਼ਮਿਆਜ਼ਾ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਭੁਗਤਦਾ ਆ ਰਿਹਾ ਹੈ।

ਇਸੇ ਸਿਲਸਿਲੇ ਵਿੱਚ ਮਾਨ ਸਰਕਾਰ ਨੇ 13 ਅਪਰੈਲ ਨੂੰ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ (ਸੋਧ) ਬਿੱਲ 2026' ਸਰਬਸੰਮਤੀ ਨਾਲ ਪਾਸ ਕਰਵਾ ਲਿਆ ਅਤੇ ਰਾਜਪਾਲ ਦੇ ਦਸਤਖ਼ਤ ਹੋਣ ਮਗਰੋਂ ਇਹ ਕਾਨੂੰਨ ਲਾਗੂ ਹੋ ਗਿਆ। ਇਸ ਦੌਰਾਨ ਸਮਾਣਾ ਸ਼ਹਿਰ ਵਿੱਚ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਦੀ ਮੰਗ ਨੂੰ ਲੈ ਕੇ ਅੰਦੋਲਨ ਚੱਲ ਰਿਹਾ ਸੀ, ਜੋ 'ਟਾਵਰ ਮੋਰਚੇ' ਦੇ ਨਾਂ ਨਾਲ ਮਸ਼ਹੂਰ ਹੋਇਆ। ਗੁਰਜੀਤ ਸਿੰਘ ਨਾਂ ਦੇ ਵਿਅਕਤੀ ਨੇ ਮੋਬਾਈਲ ਟਾਵਰ ਉੱਤੇ ਚੜ੍ਹ ਕੇ ਮੋਰਚਾ ਲਾ ਲਿਆ ਅਤੇ ਐਲਾਨ ਕਰ ਦਿੱਤਾ ਕਿ ਜਦੋਂ ਤੱਕ ਸਖ਼ਤ ਕਾਨੂੰਨ ਨਹੀਂ ਬਣਦਾ, ਉਹ ਹੇਠਾਂ ਨਹੀਂ ਉਤਰੇਗਾ। ਹੌਲੀ-ਹੌਲੀ ਉੱਥੇ ਸੈਂਕੜੇ ਲੋਕ ਜੁੜਨ ਲੱਗੇ ਅਤੇ ਮੋਰਚਾ ਪੂਰੀ ਤਰ੍ਹਾਂ ਭਖ ਗਿਆ।

ਇਸ ਮੋਰਚੇ ਨੂੰ ਸਿਆਸਤਦਾਨਾਂ ਦੀ ਹਮਾਇਤ ਵੀ ਮਿਲੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਉੱਥੇ ਹਾਜ਼ਰੀ ਭਰੀ। ਸਿਧਾਂਤਕ ਤੌਰ 'ਤੇ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਇਸ ਮੰਗ ਦਾ ਵਿਰੋਧ ਨਹੀਂ ਕੀਤਾ। ਹਾਲਾਂਕਿ, ਸਿੱਖਾਂ ਦੇ ਇੱਕ ਸੁਚੇਤ ਹਿੱਸੇ ਨੇ ਇਸ ਕਾਨੂੰਨ ਦੀਆਂ ਬਾਰੀਕੀਆਂ ਨੂੰ ਲੈ ਕੇ ਵਿਰੋਧ ਜ਼ਰੂਰ ਕੀਤਾ, ਪਰ ਇਹ ਆਵਾਜ਼ਾਂ ਦਬ ਕੇ ਰਹਿ ਗਈਆਂ ਅਤੇ ਕਾਨੂੰਨ ਪਾਸ ਹੋ ਗਿਆ। ਐੱਸ ਜੀ ਪੀ ਸੀ ਪ੍ਰਧਾਨ ਨੇ ਤਾਂ ਤੁਰੰਤ ਇਸ ਦਾ ਸਵਾਗਤ ਵੀ ਕਰ ਦਿੱਤਾ। ਇੱਥੋਂ ਹੀ ਨਵੀਂ ਕਹਾਣੀ ਸ਼ੁਰੂ ਹੁੰਦੀ ਹੈ ਅਤੇ ਸਥਿਤੀ ਇੱਕ ਵਾਰ ਫਿਰ ਟਕਰਾਅ ਵਾਲੇ ਪਾਸੇ ਮੋੜ ਕੱਟ ਲੈਂਦੀ ਹੈ।

ਮਾਨ ਸਰਕਾਰ ਨੇ ਦਰਅਸਲ 2008 ਦੇ ਸਤਿਕਾਰ ਕਾਨੂੰਨ ਵਿੱਚ ਸੋਧ ਕਰਕੇ ਹੀ ਸਖ਼ਤ ਸਜ਼ਾ ਦੀ ਧਾਰਾ ਜੋੜੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਸ਼ਾਇਦ ਬਾਅਦ ਵਿੱਚ ਅਹਿਸਾਸ ਹੋਇਆ ਕਿ ਇਸ ਪੰਥਕ ਮੁੱਦੇ ਦਾ ਸਿਆਸੀ ਲਾਹਾ 'ਆਮ ਆਦਮੀ ਪਾਰਟੀ' ਲੈ ਸਕਦੀ ਹੈ। ਇਸੇ ਕਾਰਨ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਸਰਕਾਰ ਨੂੰ ਸੋਧ ਲਈ 15 ਦਿਨਾਂ ਦਾ ਸਮਾਂ ਦਿੱਤਾ ਹੈ ਜਦੋਂਕਿ ਮੁੱਖ ਮੰਤਰੀ ਫਿਲਹਾਲ ਕਿਸੇ ਵੀ ਬਦਲਾਅ ਤੋਂ ਇਨਕਾਰੀ ਹਨ। ਜ਼ਿਕਰਯੋਗ ਹੈ ਕਿ ਇਹ ਬਿੱਲ ਲਿਆਉਣ ਤੋਂ ਪਹਿਲਾਂ ਸਰਕਾਰ ਨੇ ਸਖ਼ਤ ਕਾਨੂੰਨ ਦੀ ਮੰਗ ਕਰ ਰਹੀਆਂ ਸਾਰੀਆਂ ਧਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਸੀ। ਬਿੱਲ ਪਾਸ ਹੋਣ ਸਮੇਂ ਵਿਧਾਨ ਸਭਾ ਦੀ ਗੈਲਰੀ ਵਿੱਚ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲਿਆਂ ਵਰਗੀਆਂ ਧਾਰਮਿਕ ਹਸਤੀਆਂ ਦੀ ਮੌਜੂਦਗੀ ਇਸ ਦੀ ਅਹਿਮੀਅਤ ਨੂੰ ਦਰਸਾਉਂਦੀ ਹੈ। ਇਸ ਪੂਰੇ ਘਟਨਾਕ੍ਰਮ ਦਾ ਦਿਲਚਸਪ ਪਹਿਲੂ ਇਹ ਹੈ ਕਿ ਮਾਨ ਸਰਕਾਰ ਨੇ ਉਸ 'ਪੰਥਕ ਪਿੜ' ਵਿੱਚ ਆਪਣੀ ਮਜ਼ਬੂਤ ਹਾਜ਼ਰੀ ਲੁਆ ਲਈ ਹੈ, ਜਿਸ 'ਤੇ ਕਦੇ ਅਕਾਲੀ ਦਲ ਦੀ ਅਜਾਰੇਦਾਰੀ ਹੁੰਦੀ ਸੀ। ਮੌਜੂਦਾ ਟਕਰਾਅ ਦਾ ਕਾਰਨ ਵੀ ਸ਼ਾਇਦ ਇਹੋ ਹੈ।

ਪੰਥਕ ਸੰਸਥਾਵਾਂ ਨੇ ਸਮੇਂ ਸਿਰ ਫ਼ੈਸਲੇ ਲਏ ਹੁੰਦੇ ਤਾਂ ਸ਼ਾਇਦ ਅਜਿਹੀ ਨੌਬਤ ਨਾ ਆਉਂਦੀ। ਹੁਣ ਵੀ ਇਸ ਨਾਜ਼ੁਕ ਮਸਲੇ ਨੂੰ 'ਵੱਕਾਰ' ਦਾ ਸਵਾਲ ਨਹੀਂ ਬਣਾਉਣਾ ਚਾਹੀਦਾ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਦੁਨਿਆਵੀ ਕਾਨੂੰਨ ਦੇ ਮੋਹਤਾਜ ਨਹੀਂ, ਪਰ ਜੇਕਰ ਕਾਨੂੰਨ ਬਣ ਹੀ ਗਿਆ ਹੈ ਤਾਂ ਉਸ ਵਿੱਚ ਲੋੜੀਂਦੀਆਂ ਸੋਧਾਂ ਕਰ ਲੈਣੀਆਂ ਚਾਹੀਦੀਆਂ ਹਨ। ਅਸਲ ਮੁੱਦਾ ਬਰਗਾੜੀ ਕਾਂਡ ਦੇ ਇਨਸਾਫ਼ ਦਾ ਹੈ; ਇਹ ਸਿਰਫ਼ ਬੇਅਦਬੀ ਨਹੀਂ ਸਗੋਂ ਸਿੱਖ ਸਿਧਾਂਤਾਂ 'ਤੇ ਸੋਚਿਆ-ਸਮਝਿਆ ਹਮਲਾ ਸੀ। ਪੰਜਾਬ ਦੀ ਸਿਆਸਤ ਵਿੱਚ ਇਹ ਟਕਰਾਅ 'ਆਪ' ਦੇ ਹੱਕ ਵਿਚ ਭੁਗਤਦਾ ਲਗਦਾ ਹੈ, ਪਰ ਸਵਾਲ ਇਹ ਹੈ ਕਿ ਕੀ ਅਜਿਹਾ ਟਕਰਾਅ ਪੰਜਾਬ ਦੇ ਭਵਿੱਖ ਲਈ ਹਿਤਕਾਰੀ ਹੈ?

# ਗ਼ਦਰ ਲਹਿਰ ਦੇ ਸਭ ਤੋਂ ਘੱਟ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ

**ਮਾਸਟਰ ਪ੍ਰੇਮ ਸਰੂਪ ਛਾਜਲੀ, 9417134982**

ਆਓ ਆਪਾਂ ਉਸ ਮਹਾਨ ਸ਼ਹੀਦ ਤੇ ਗ਼ਦਰ ਲਹਿਰ ਦੇ ਸਭ ਤੋਂ ਘੱਟ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਯਾਦ ਕਰੀਏ ਜਿਨ੍ਹਾਂ ਨੇ ਚੜ੍ਹਦੀ ਉਮਰੇ ਹੀ ਦੇਸ਼ ਨੂੰ ਆਜ਼ਾਦ ਕਰਾਉਣ ਖ਼ਾਤਰ ਅਤੇ ਆਪਣੇ ਲੋਕਾਂ ਨੂੰ ਫਰੰਗੀ ਜ਼ਾਲਮ ਸਰਕਾਰ ਦੇ ਜ਼ੁਲਮਾਂ ਤੋਂ ਨਿਜ਼ਾਤ ਦਿਵਾਉਣ ਲਈ ਹੱਸਦਿਆਂ-ਹੱਸਦਿਆਂ ਫਾਂਸੀ ਦਾ ਰੱਸਾ ਚੁੰਮਿਆ ਸੀ।

ਛੋਟੀ ਉਮਰ ਦੇ ਮਹਾਨ ਯੋਧੇ ਦਾ ਜਨਮ 24 ਮਈ 1896 ਨੂੰ ਸ. ਮੰਗਲ ਸਿੰਘ ਦੇ ਘਰ ਮਾਤਾ ਸਰਦਾਰਨੀ ਸਾਹਿਬ ਕੌਰ ਦੇ ਕੁੱਖੋਂ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ ਸੀ। ਆਪ ਦੇ ਸਿਰੋਂ ਮਾਤਾ-ਪਿਤਾ ਦਾ ਸਾਇਆ ਬਚਪਨ ਪਹਿਰੇ ਹੀ ਉੱਠ ਗਿਆ ਸੀ ਜਿਸ ਕਾਰਨ ਇਨ੍ਹਾਂ ਦਾ ਪਾਲਣ ਪੋਸਣ ਇਨ੍ਹਾਂ ਦੇ ਦਾਦੇ ਬਦਨ ਸਿੰਘ ਨੇ ਕੀਤਾ। ਸ. ਬਦਨ ਸਿੰਘ ਆਪਣੇ ਪੋਤਰੇ ਕਰਤਾਰ ਸਿੰਘ ਨੂੰ ਵੱਡਾ ਅਫ਼ਸਰ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਕਰਤਾਰ ਸਿੰਘ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਕਰਤਾਰ ਸਿੰਘ ਸਰਾਭਾ ਬਚਪਨ ਵਿੱਚ ਬਹੁਤ ਫੁਰਤੀਲਾ ਤੇ ਚੁਸਤ ਚਲਾਕ ਸੀ ਜਿਸ ਕਰਕੇ ਉਨ੍ਹਾਂ ਦੇ ਸਾਰੇ ਸਾਥੀ ਉਨ੍ਹਾਂ ਨੂੰ ਉੱਡਣਾ ਸੱਪ ਕਿਹਾ ਕਰਦੇ ਸਨ। ਕਰਤਾਰ ਸਿੰਘ ਨੇ ਆਪਣੀ ਮੁੱਢਲੀ ਪੜਾਈ ਆਪਣੇ ਪਿੰਡ ਸਰਾਭਾ ਤੇ ਗੁੱਜਰਵਾਲ ਦੇ ਸਕੂਲ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਮਾਲਵਾ ਸਕੂਲ ਲੁਧਿਆਣਾ ਤੋਂ ਪੜ੍ਹਾਈ ਕੀਤੀ ਤੇ ਦਸਵੀਂ ਜਮਾਤ ਆਪਣੇ ਚਾਚੇ ਕੋਲ ਉਡੀਸਾ 'ਚ ਕੀਤੀ।

ਉਚੇਰੀ ਵਿੱਦਿਆ ਖਾਤਿਰ ਉਨ੍ਹਾਂ ਦੇ ਦਾਦਾ ਜੀ ਨੇ ਉਨ੍ਹਾਂ ਨੂੰ ਅਮਰੀਕਾ ਭੇਜਿਆ।ਜਨਵਰੀ 1912 ਵਿੱਚ ਉਹ ਅਮਰੀਕਾ ਦੇ ਸ਼ਹਿਰ ਸਨਫਰਾਂਸਿਸਕੋ ਬੰਦਰਗਾਹ 'ਤੇ ਉੱਤਰੇ।ਪੁੱਛਗਿੱਛ ਲਈ ਹੋਰ ਭਾਰਤੀਆਂ ਸਮੇਤ ਆਪ ਨੂੰ ਵੀ ਰੋਕਿਆ ਗਿਆ ਅਤੇ ਪੁੱਛਗਿੱਛ ਅਧਿਕਾਰੀ ਨੇ ਉਨ੍ਹਾਂ ਤੋਂ ਬੜੇ ਗੰਭੀਰ ਸਵਾਲ ਪੁੱਛੇ ਪਰ ਜਵਾਬ ਬੜੀ ਵਿਦਵਤਾ ਅਤੇ ਨਿਡਰਤਾ ਨਾਲ ਦਿੱਤੇ।ਉਨ੍ਹਾਂ ਤੋਂ ਪੁੱਛਿਆ ਗਿਆ ਤੂੰ ਇੱਥੇ ਕੀ ਕਰਨ ਆਇਆ ਹੈ।ਆਪ ਨੇ ਕਿਹਾ ਪੜ੍ਹਾਈ ਕਰਨ। ਫਿਰ ਉਨ੍ਹਾਂ ਨੂੰ ਪੁੱਛਿਆ ਗਿਆ ਤੂੰ ਇੰਨੀ ਦੂਰ ਪੜ੍ਹਨ ਕਿਉਂ ਆਇਆ ਹੈਂ ਭਾਰਤ ਵਿੱਚ ਪੜ੍ਹਨ ਲਈ ਕੋਈ ਚੰਗੀ ਜਗ੍ਹਾ ਨਹੀਂ ਸੀ।ਆਪ ਦਾ ਜਵਾਬ ਸੀ ਜਗ੍ਹਾ ਤਾਂ ਸੀ ਪਰ ਵਰਤਮਾਨ ਉਚੇਰੀ ਸਿੱਖਿਆ ਲਈ ਇੱਥੋਂ ਦੀ ਯੂਨੀਵਰਸਿਟੀ 'ਚ ਦਾਖਲਾ ਲੈਣ ਆਇਆ ਹਾਂ।ਅਫਸਰ ਨੇ ਸਖਤ ਲਹਿਜੇ 'ਚ ਕਿਹਾ ਅਗਰ ਤੈਨੂੰ ਇੱਥੋਂ ਹੀ ਮੋੜ ਦਿੱਤਾ ਜਾਵੇ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਇਹ ਬੜੀ ਵੱਡੀ ਬੇਇਨਸਾਫੀ ਹੋਵਗੀ ਕਿ ਪੜ੍ਹਨ ਆਏ ਇੱਕ ਵਿਦਿਆਰਥੀ ਨੂੰ ਵੀ ਰੋਕਿਆ ਜਾਵੇ ਤੇ ਹੋ ਸਕਦਾ ਕਿ ਮੈਂ ਇੱਥੋਂ ਪੜ ਕੇ ਲੋਕਾਂ ਦੀ ਚੰਗੀ ਸੇਵਾ ਕਰ ਸਕਾਂ।

ਉਨ੍ਹਾਂ ਦੇ ਇਸ ਉੱਤਰ ਨੇ ਅਫਸਰ ਨੂੰ ਸੰਤੁਸ਼ਟ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਬਰਕਲੇ ਯੂਨੀਵਰਸਿਟੀ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ 'ਚ ਦਾਖਿਲਾ ਮਿਲ ਗਿਆ ਸੀ।ਉਨ੍ਹਾਂ ਦਿਨਾਂ ਵਿੱਚ ਵਿਦੇਸ਼ਾਂ 'ਚ ਭਾਰਤੀਆਂ ਨਾਲ ਮਾੜਾ ਸਲੂਕ ਕੀਤਾ ਜਾਦਾ ਸੀ।ਉਨ੍ਹਾਂ ਨੂੰ ਗੁਲਾਮ ਮੁਲਕ ਦੇ ਬਸ਼ਿੰਦੇ ਆਖ ਤਾਹਨੇ ਮਿਲਦੇ ਸਨ ਜਿਸ ਕਰਕੇ ਭਾਰਤੀਆਂ ਦੀ ਅਣਖ ਨੂੰ ਡੂੰਘੀ ਸੱਟ ਵਜਦੀ ਸੀ।

ਕਾਮਾਗਾਟਾਮਰੂ ਦੀ ਘਟਨਾ ਨੇ ਭਾਰਤੀਆਂ ਦੇ ਨਾਲ ਕਰਤਾਰ ਸਿੰਘ ਸਰਾਭਾ ਦੇ ਮਨ ਨੂੰ ਝੰਜੋੜ ਦਿੱਤਾ ਸੀ।ਸਤੰਬਰ 1914 'ਚ ਇਹ ਜਹਾਜ ਕਲਕੱਤੇ ਕੋਲ ਬਜਬਜ ਘਾਟ 'ਤੇ ਪਹੁੰਚਿਆ ਸੀ ਤਾਂ ਅੰਗਰੇਜੀ ਸਰਕਾਰ ਦੀਆਂ ਵਧੀਕੀਆਂ ਨੇ ਮੁਸਾਫਿਰਾਂ ਵਿੱਚ ਰੋਹ ਭਰ ਦਿੱਤਾ ਸੀ ਪੁਲਿਸ ਝੜਪ ਦੌਰਾਨ ਕਾਫੀ ਲੋਕ ਮਾਰੇ ਗਏ ਸਨ।ਇਸ ਘਟਨਾ ਨੂੰ ਗਦਰ ਲਹਿਰ ਦੀ ਉਤਪਤੀ ਦਾ ਮੁੱਖ ਕਾਰਨ ਮੰਨਿਆ ਜਾਦਾ ਹੈ।ਕਿਸੇ ਮਿੱਤਰ ਦੀ ਮੱਦਦ ਨਾਲ ਸਰਾਭਾ ਜੀ ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਸੰਸਥਾ ਦੀ ਮੀਟਿੰਗ 'ਚ ਗਏ ਇੱਥੇ ਉਨ੍ਹਾਂ ਦੀ ਮੁਲਾਕਾਤ ਬਾਬਾ ਸੋਹਣ ਸਿੰਘ ਭਕਨਾ ਤੇ ਲਾਲਾ ਹਰਦਿਆਲ ਨਾਲ ਹੋਈ।

ਉਨ੍ਹਾਂ ਇਸ ਸੰਸਥਾ ਦਾ ਨਾਮ ਬਦਲ ਕੇ ਗਦਰ ਪਾਰਟੀ ਰੱਖਿਆ।ਹਥਿਆਰਬੰਦ ਕ੍ਰਾਂਤੀ ਲਈ ਕਰਤਾਰ ਸਿੰਘ ਸਰਾਭਾ ਨੇ ਆਪਣੀ ਪੜ੍ਹਾਈ ਵਿਚਾਲੇ ਛੱਡ ਦਿੱਤੀ ਤੇ



ਅਜ਼ਾਦੀ ਲਈ ਯਤਨ ਆਰੰਭੇ।ਗਦਰ ਪਾਰਟੀ ਦੀ ਸਥਾਪਨਾ ਤੋਂ ਬਾਅਦ ਲਾਲਾ ਹਰਦਿਆਲ ਭਾਰਤੀ ਲੋਕਾਂ 'ਚ ਜਾਗ੍ਰਿਤੀ ਲਿਆਉਣ ਲਈ ਅਖਬਾਰ ਕੱਢਣਾ ਚਾਹੁੰਦੇ ਸਨ ਪਰ ਕਈ ਕਾਰਨਾਂ ਕਰਕੇ ਸੰਭਵ ਨਹੀਂ ਹੋ ਸਕਿਆ ਸੀ।ਕਰਤਾਰ ਸਿੰਘ ਸਰਾਭਾ ਦੇ ਆਉਣ ਨਾਲ ਉਨ੍ਹਾਂ ਦੀ ਇਹ ਮੁਸ਼ਕਿਲ ਹੱਲ ਹੋ ਗਈ ਸਗੋਂ ਸਰਾਭਾ ਜੀ ਨੇ ਖੁਦ ਉਨ੍ਹਾਂ ਨੂੰ ਅਖਬਾਰ ਵਾਸਤੇ ਉਤਸ਼ਾਹਿਤ ਕੀਤਾ ਤੇ ਉਨ੍ਹਾਂ ਗਦਰ ਦੀ ਗੂੰਜ ਅਖਬਾਰ ਸ਼ੁਰੂ ਕੀਤਾ।ਇੱਕ ਨਵੰਬਰ 1913 ਨੂੰ ਗਦਰ ਦਾ ਪਹਿਲਾ ਪਰਚਾ ਉਰਦੂ 'ਚ ਪ੍ਰਕਾਸ਼ਿਤ ਹੋਇਆ।ਲੋਕਾਂ ਦੀ ਮੰਗ ਅਤੇ ਹੋਰ ਜ਼ੁਬਾਨਾਂ ਸਮਝਣ ਵਾਲੇ ਲੋਕਾਂ ਲਈ ਆਪ ਜੀ ਨੇ ਇੱਕ ਹੋਰ ਉਪਰਾਲਾ ਕੀਤਾ, ਇੱਕ ਜਨਵਰੀ 1914 ਵਿੱਚ ਇਹ ਅਖਬਾਰ ਗੁਰਮੁਖੀ, ਹਿੰਦੀ, ਗੁਜਰਾਤੀ, ਉਰਦੂ 'ਚ ਛਪਣ ਲੱਗਾ।ਇਸ ਵਿੱਚ ਲੇਖ ਲਿਖਣ ਦਾ ਜਿੰਮਾ ਕਰਤਾਰ ਸਿੰਘ ਸਰਾਭਾ ਅਤੇ ਲਾਲਾ ਹਰਦਿਆਲ ਦੇ ਸਿਰ ਸੀ ਤੇ ਦੇਸ਼ ਪ੍ਰੇਮ ਦੀਆਂ ਕਵਿਤਾਵਾਂ ਸ. ਹਰਨਾਮ ਸਿੰਘ ਟੁੰਡੀਲਾਟ ਲਿਖਦੇ ਸਨ।ਅਖਬਾਰ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵੀਹ ਆਦਮੀ ਪੂਰੀ ਤਨਦੇਹੀ ਨਾਲ ਕੰਮ ਕਰਦੇ ਸਨ ਅਤੇ ਪੈਸੇ ਦੀ ਘਾਟ ਨੂੰ ਪੂਰਣ ਲਈ ਦਿਨੇ ਹੱਡ ਭੰਨਵੀ ਮਿਹਨਤ ਕਰਦੇ ਸਨ।ਖਾਣੇ 'ਤੇ ਵੀ ਘੱਟ ਤੋਂ ਘੱਟ ਪੈਸੇ ਖਰਚਦੇ ਸਨ ਤਾਂ ਜੋ ਅਖਬਾਰ ਅਤੇ ਪਾਰਟੀ ਦੀਆਂ ਗਤੀਵਿਧੀਆਂ 'ਚ ਪੈਸੇ ਦੀ ਕਮੀ ਕਰਕੇ ਖੜੋਤ ਨਾ ਆਵੇ।ਕਰਤਾਰ ਸਿੰਘ ਸਰਾਭਾ ਅਖਬਾਰ ਛਾਪਣ ਅਤੇ ਵੰਡਣ 'ਚ ਰੁੱਝਿਆ ਰਹਿੰਦਾ ਸੀ ਤੇ ਖਾਣਾ ਪੀਣਾ ਵੀ ਭੁੱਲ ਜਾਦਾ ਸੀ।ਪਾਰਟੀ ਦਾ ਉਹ ਸਭ ਤੋਂ ਛੋਟੀ ਉਮਰ ਦਾ ਮੈਂਬਰ ਸੀ, ਪਰ ਜ਼ਿੰਮੇਵਾਰੀਆਂ ਬਹੁਤ ਵੱਡੀਆਂ ਸਨ।

ਉਨ੍ਹਾਂ ਦੇ ਅਣਥੱਕ ਯਤਨਾਂ ਕਾਰਨ ਗਦਰ ਦੀ ਗੂੰਜ ਦਿਨੋ ਦਿਨ ਲੋਕਾਂ 'ਚ ਹਰਮਨ ਪਿਆਰਾ ਹੋ ਰਿਹਾ ਸੀ।ਇਸਦੇ ਮਜ਼ਮੂਨ ਇੰਨੇ ਪ੍ਰਭਾਵਸ਼ਾਲੀ ਹੁੰਦੇ ਸਨ ਜੋ ਵੀ ਉਸਨੂੰ ਇੱਕ ਵਾਰ ਪੜ ਲੈਂਦਾ ਸੀ ਉਸਦੇ ਅੰਦਰ ਅਜ਼ਾਦੀ ਦੀ ਲਗਨ ਲੱਗ ਜਾਦੀ ਸੀ ਜੋ ਗਦਰ ਦੀ ਸਫਲਤਾ ਲਈ ਲਾਜ਼ਮੀ ਸੀ।ਇਸਦਾ ਮੁੱਖ ਮਕਸਦ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਇਨਕਲਾਬ ਲਈ ਲੋਕਾਂ ਨੂੰ ਜਾਗ੍ਰਿਤ ਕਰਨਾ ਸੀ।ਦਿਨ ਭਰ ਤੇ ਰਾਤ ਨੂੰ ਕੰਮ ਕਰਨ ਤੋਂ ਬਾਅਦ ਉਹ ਅਕਸਰ ਇਹ ਸਤਰਾਂ ਗੁਣਗੁਣਾਉਦੇ ਸਨ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਪਹਿਲੀ ਵਿਸ਼ਵ ਜੰਗ ਸ਼ੁਰੂ ਹੁੰਦੇ ਹੀ ਗਦਰ ਪਾਰਟੀ ਦੇ ਵਰਕਰ ਅਤੇ ਲੀਡਰ ਦੇਸ਼ ਆਉਣ ਲੱਗੇ ਤਾਂ ਜੋ ਅਜ਼ਾਦੀ ਲਈ ਹਥਿਆਰਬੰਦ ਕ੍ਰਾਂਤੀ ਕੀਤੀ ਜਾ ਸਕੇ।ਉਨ੍ਹੀ ਦਿਨੀ ਅੰਗਰੇਜ ਸਰਕਾਰ ਡੀਫੈਂਸ ਐਕਟ ਆਫ ਇੰਡੀਆ ਦੇ ਅਧੀਨ ਮੁਸਾਫਰਾਂ ਨੂੰ ਪੁਲਿਸ ਫੜ ਲੈਂਦੀ ਸੀ।ਬਹੁਤ ਸਾਰਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਰ ਕਰਤਾਰ ਸਿੰਘ ਸਰਾਭਾ ਪੁਲਿਸ ਤੋਂ ਅੱਖ ਬਚਾ ਕੇ ਪੰਜਾਬ ਆ ਗਿਆ ਸੀ।ਇੱਥੇ ਆਕੇ ਉਨ੍ਹਾਂ ਨੂੰ ਪਤਾ ਚੱਲਿਆ ਕਿ ਉਨ੍ਹਾਂ ਦੇ ਜ਼ਿਆਦਾਤਰ ਸਾਥੀ ਜੇਲਾਂ 'ਚ ਬੰਦ ਹਨ ਜਾਂ ਫਿਰ ਸ਼ਹੀਦ ਹੋ ਗਏ ਹਨ।

ਉਨ੍ਹਾਂ ਨੇ ਫਿਰ ਪਾਰਟੀ ਨੂੰ ਸੰਗਠਿਤ ਕੀਤਾ ਅਤੇ ਰੋਜ ਸਾਈਕਲ 'ਤੇ ਪੰਜਾਹ ਮੀਲ ਸਫਰ ਤੈਅ ਕਰਕੇ ਲੋਕਾਂ ਨੂੰ ਗਦਰ ਲਈ ਪ੍ਰੇਰਿਤ ਕਰਦੇ।ਇਸ ਤੋਂ ਬਾਅਦ ਸਤਿੰਦਰ ਨਥ ਸਾਨਿਆਲ ਦੀ ਮਦਦ ਨਾਲ ਰਾਸ ਬਿਹਾਰੀ ਬੋਸ ਨਾਲ ਸੰਪਰਕ ਕੀਤਾ ਅਤੇ ਗਦਰ ਦੀ ਯੋਜਨਾ ਦੱਸੀ।

ਕਰਤਾਰ ਸਿੰਘ ਸਰਾਭਾ ਨੇ ਆਪਣੇ ਸਾਥੀਆਂ ਨਾਲ ਮਿਲਕੇ ਫੌਜੀਆਂ ਨੂੰ ਵੀ ਗਦਰ ਲਈ ਪ੍ਰੇਰਿਤ ਕੀਤਾ।ਇਸ ਲਈ ਉਹ ਮੇਰਠ, ਕਾਨਪਰ, ਫਿਰੋਜ਼ਪੁਰ ਆਦਿ ਫੌਜੀ ਛਾਉਣੀਆਂ 'ਚ ਵੀ ਗਏ।ਪਾਰਟੀ ਨੂੰ ਧਨ ਇਕੱਠਾ ਕਰਕੇ ਦੇਣ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਸੀ।ਜਿਸ ਕਾਰਨ ਉਨ੍ਹਾਂ ਨੂੰ ਡਾਕੇ ਮਾਰਨੇ ਪਏ।ਸ਼ਾਹੂਕਾਰਾਂ ਨੂੰ ਲੁੱਟਣ ਤੋਂ ਪਹਿਲਾਂ ਉਨ੍ਹਾਂ ਨੂੰ ਸਮਝਾਉਦੇ ਕਿ ਇਹ ਸਭ ਤੁਹਾਡੀ ਤੇ ਲੋਕਾਂ ਦੀ ਭਲਾਈ ਲਈ ਹੀ ਕੀਤਾ ਜਾ ਰਿਹਾ ਹੈ।ਸਾਰੇ ਪ੍ਰਬੰਧਾਂ ਦੀ ਤਿਆਰੀ ਮਗਰੋਂ ਗਦਰ ਦੀ ਮਿਤੀ 21 ਫਰਵਰੀ 1915 ਨਿਯਤ ਕੀਤੀ ਗਈ।ਕ੍ਰਿਪਾਲ ਸਿੰਘ ਮੁਖਬਰ ਨੇ ਇਸ ਦੀ ਸੂਹ ਪੁਲਿਸ ਨੂੰ ਦੇ ਦਿੱਤੀ ਤੇ ਸਰਕਾਰ ਚੁਕੰਨੀ ਹੋ ਗਈ।ਗਦਰ ਦੀ ਯੋਜਨਾ ਅੱਗੇ ਪਾ ਦਿੱਤੀ ਗਈ।ਬਦਕਿਸਮਤੀ ਨਾਲ ਪੁਲਿਸ ਨੂੰ ਇਸਦਾ ਵੀ ਪਤਾ ਚੱਲ ਗਿਆ ਸੀ ਕਿਰਪਾਲ ਸਿੰਘ ਦੀ ਗੱਦਾਰੀ ਕਾਰਨ ਦੇਸ਼ ਭਗਤਾਂ ਦਾ ਸੁਪਨਾ ਅਧੂਰਾ ਰਹਿ ਗਿਆ।ਗਦਰ ਦੇ ਵਰਕਰਾਂ ਅਤੇ ਨੇਤਾਵਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ।ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਕਾਬੁਲ ਜਾਣਾ ਚਾਹੁੰਦੇ ਸਨ ਪਰ ਗੱਦਾਰਾਂ ਨੂੰ ਸੋਧਣ ਦੇ ਖਿਆਲ ਨਾਲ ਵਾਪਸ ਆ ਗਏ।ਦੋ ਮਾਰਚ 1915 ਨੂੰ ਸਰਗੋਧਾ ਦੇ ਚੱਕ ਨੰਬਰ ਪੰਜ ਪੁੱਜੇ ਅਤੇ ਹਥਿਆਰ ਲੈਣ ਲਈ ਰਸਾਲਦਾਰ ਗੰਢਾ ਸਿੰਘ ਕੋਲ ਪਹੁੰਚੇ ਜਿਸਨੇ ਧੋਖੇ ਨਾਲ ਇਨ੍ਹਾਂ ਤਿੰਨਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ।ਲਹੌਰ ਦੀ ਸੈਂਟਰਲ ਜੇਲ 'ਚ ਕਈ ਮਹੀਨੇ ਮੁਕੱਦਮਾ ਚਲਦਾ ਰਿਹਾ।ਉਨ੍ਹਾਂ ਗਦਰ 'ਚ ਸ਼ਮੂਲੀਅਤ ਅਤੇ ਹਥਿਆਰਬੰਦ ਕ੍ਰਾਂਤੀ ਦੀ ਗੱਲ ਕਬੂਲੀ। ਸਰਾਭਾ ਜੀ ਬਾਰੇ ਜੱਜ ਕਹਿੰਦੇ ਸਨ ਕਿ ਕਰਤਾਰ ਸਿੰਘ ਭਾਵੇਂ ਛੋਟੀ ਉਮਰ ਦਾ ਹੈ ਪਰ ਸਾਜਿਸ਼ੀ ਬਹੁਤ ਵੱਡਾ ਹੈ।ਜਿਸ ਕਾਰਨ ਉਨ੍ਹਾਂ ਨੂੰ ਫਾਂਸੀ ਦੀ ਸਜਾ ਸੁਣਾਈ ਗਈ।

ਕਰਤਾਰ ਸਿੰਘ ਸਰਾਭਾ ਜੇਲ ਸੁਪਰਡੈਂਟ ਨੂੰ ਅਕਸਰ ਕਹਿੰਦਾ ਤੁਸੀਂ ਮੈਨੂੰ ਜਲਦੀ ਤੋਂ ਜਲਦੀ ਫਾਂਸੀ ਦੇ ਦਿਉ ਤਾਂ ਜੋ ਮੈਂ ਦੁਬਾਰਾ ਜਨਮ ਲੈਕੇ ਅਜ਼ਾਦੀ ਦੀ ਲੜ੍ਹਾਈ ਲੜ ਸਕਾਂ।ਆਖਿਰ 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਨੂੰ ਛੇ ਸਾਥੀਆਂ ਸਮੇਤ ਫਾਂਸੀ ਦਿੱਤੀ ਗਈ।ਜਦੋਂ ਇਹ ਖਬਰ ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਸੁਣੀ ਤਾਂ ਉਹ ਅਚਨਚੇਤ ਹੀ ਬੋਲੇ ਕਰਤਾਰ ਸਿੰਘ ਸਰਾਭਾ ਉਮਰ 'ਚ ਭਾਵੇਂ ਸਾਡੇ ਸਾਰਿਆਂ ਤੋਂ ਛੋਟਾ ਸੀ ਪਰ ਕੁਰਬਾਨੀ ਵਿੱਚ ਸਾਰਿਆਂ ਤੋਂ ਅੱਗੇ ਲੰਘ ਗਿਆ ਹੈ।ਉੱਨੀ ਸਾਲ ਦੀ ਛੋਟੀ ਜਿਹੀ ਉਮਰ ਵਿੱਚ ਦੇਸ਼ ਦੀ ਖਾਤਿਰ ਜਾਨ ਵਾਰਨ ਕਰਕੇ ਉਹ ਨੌਜਵਾਨਾਂ ਦੇ ਪ੍ਰੇਰਨਾ ਸ੍ਰੋਤ ਬਣ ਗਏ ਸਨ।ਸ਼ਹੀਦ ਭਗਤ ਸਿੰਘ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਰਾਜਨੀਤਕ ਗੁਰੂ ਮੰਨਦਾ ਸੀ ਅਤੇ ਉਨ੍ਹਾਂ ਦੀ ਤਸਵੀਰ ਹਰ ਵੇਲੇ ਜੇਬ 'ਚ ਰੱਖਦਾ ਸੀ।ਸ਼ਹੀਦ ਭਗਤ ਸਿੰਘ ਅਕਸਰ ਕਹਿੰਦੇ ਸਨ ਮੈਨੂੰ ਇਉਂ ਲੱਗਦਾ ਜਿਵੇਂ ਕਰਤਾਰ ਸਿੰਘ ਸਰਾਭਾ ਮੇਰਾ ਵੱਡਾ ਭਰਾ ਹੋਵੇ।

ਇਨ੍ਹਾਂ ਮਹਾਨ ਦੇਸ਼ ਭਗਤਾਂ ਦੇ ਸੁਫਨੇ ਅਜੇ ਵੀ ਅਧੂਰੇ ਹਨ, ਕਿਉਂਕਿ ਅੱਜ ਵੀ ਭ੍ਰਿਸ਼ਟ ਰਾਜਨੀਤਕ ਲੋਕ ਤੇ ਸਰਮਾਏਦਾਰ ਮਿਹਨਤਕਸ਼ ਲੋਕਾਂ ਦੀ ਦਿਨ ਰਾਤ ਲੁੱਟ ਖਸੁੱਟ ਕਰ ਰਹੇ ਹਨ ਜਿਸ ਕਾਰਨ ਸਾਨੂੰ ਉਨ੍ਹਾਂ ਮਹਾਨ ਸ਼ਹੀਦ ਸੂਰਮਿਆਂ ਦੇ ਸੁਫਨੇ ਸਾਕਾਰ ਕਰਨ ਲਈ ਉਨ੍ਹਾਂ ਦੇ ਪਦ ਚਿੰਨ੍ਹਾਂ 'ਤੇ ਚੱਲਣ ਦੀ ਲੋੜ ਹੈ।

ਸ਼ਹੀਦ ਕਰਤਾਰ ਸਿੰਘ ਸਰਾਭੇ ਨੂੰ ਕੋਟ ਕੋਟ ਪ੍ਰਣਾਮ ਹੈ।

# ਖਿੜੇ ਹੋਏ ਰੰਗੀਨ ਫੁੱਲਾਂ ਲਈ ਮਸ਼ਹੂਰ ਟਿਊਲਿਪ ਫੈਸਟੀਵਲ



**ਲਿਖਤ**

**ਅਨਿਲ ਧੀਰ**



ਬਸੰਤ ਰੁੱਤ ਵਿੱਚ ਟਿਊਲਿਪ ਫੈਸਟੀਵਲ ਅਮਰੀਕਾ ਵਿੱਚ ਹਾਲੈਂਡ, ਮਿਸ਼ੀਗਨ, ਵਾਸ਼ਿੰਗਟਨ, ਆਇਓਵਾ, ਕੈਨੇਡਾ, ਨੀਦਰਲੈਂਡ, ਇੰਗਲੈਂਡ, ਸਵਿਟਜ਼ਰਲੈਂਡ, ਆਸਟ੍ਰੇਲੀਆ ਵਗੈਰਾ ਹੋਰ ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ। ਇਹ ਫੈਸਟੀਵਲ ਟਾਸਕ ਦੁਆਰਾ ਯੂ-ਪਿੱਕ ਟਿਊਲਿਪ ਫਾਰਮ ਵਿੱਚ, ਅਪ੍ਰੈਲ 30 ਤੋਂ ਸ਼ੁਰੂ 15 ਮਈ 2022 ਤੱਕ ਫੇਨਵਿਕ, ਓਨਟਾਰੀਓ, ਕੇਨੈਡਾ ਵਿੱਚ ਆਯੋਜਿਤ ਕੀਤਾ ਗਿਆ ਹੈ। ਫਾਰਮ ਦੇ 2021 ਵਿੱਚ ਸ਼ੁਰੂਆਤੀ ਸੀਜ਼ਨ ਵੱਖ-ਵੱਖ 30 ਕਿਸਮ ਦੇ ਕਰੀਬ 1 ਮਿਲੀਅਨ ਟਿਊਲਿਪਸ ਲਈ 5 ਏਕੜ ਜ਼ਮੀਨ ਸੀ। ਪਰ ਇਸ ਸਾਲ 82 ਕਿਸਮ 20 ਲੱਖ ਫੁੱਲ 25 ਏਕੜ ਜ਼ਮੀਨ 'ਤੇ ਦੇਖਣ ਨੂੰ ਮਿਲ ਰਹੇ ਹਨ।

ਇਸ ਵੀਕ-ਐਂਡ 'ਤੇ ਮੈਂ ਆਪਣੇ ਪਰਿਵਾਰ ਨਾਲ ਬਸੰਤ ਦੀ ਮਿੱਠੀ ਮਹਿਕ ਵਿੱਚ ਖਿੜੇ ਹੋਏ ਰੰਗ-ਬਿਰੰਗੇ ਟਿਊਲਿਪਸ ਦੀਆਂ ਲੰਬੀਆਂ ਕਤਾਰਾਂ ਵਿੱਚ ਕੁੱਝ ਘੰਟੇ ਬਿਤਾਏ, ਜੋ ਕਿਸੇ ਕੁਦਰਤ ਦੇ ਨਜ਼ਾਰੇ ਘੱਟ ਨਹੀਂ ਸੀ। ਸਨ-ਰਾਈਜ਼ ਅਤੇ ਸਨ-ਸੈੱਟ 'ਤੇ ਫੋਟੋਗ੍ਰਾਫੀ ਕਿਸੇ ਸੁਪਨੇ ਤੋਂ ਘੱਟ ਨਹੀਂ ਸੀ। ਪਰ ਪਰਸਨ ਆਪਣੀ ਮਰਜ਼ੀ ਨਾਲ 10 ਟਿਊਲਿਪਸ ਪਿੱਕ ਕਰ ਸਕਦੇ ਸੀ। ਅਸੀ ਟਿਊਲਿਪਸ ਪਿੱਕ ਕਰਕੇ ਫ੍ਰੀ ਕਸਟਮ ਗੁਲਦਸਤੇ ਵੀ ਬਣਵਾਏ।

ਟਾਸਕ ਕੰਪਨੀ ਨੇ ਨਵੰਬਰ 2020 ਵਿੱਚ ਕੈਨੇਡਾ ਵਿੱਚ ਟਿਊਲਿਪ ਬਲਬ ਲਗਾਉਣ ਦਾ ਫੈਸਲਾ ਕੀਤਾ ਸੀ। ਮਹਾਂਮਾਰੀ ਕੋਵਿਡ ਕਾਰਨ ਡਿਲੇ ਹੁੰਦੀ ਰਹੀ। ਆਖਿਰ ਸਰਦੀਆਂ ਦੌਰਾਣ 2021 ਵਿੱਚ ਨਿਆਗਰਾ ਸਿਹਤ ਵਿਭਾਗ ਨੇ ਪ੍ਰਵਾਨਗੀ ਦੇ ਦਿੱਤੀ ਅਤੇ ਟੈਸਕ ਟਿਊਲਿਪ ਪਿਕ ਫਾਰਮ ਖੁਲਣ 'ਤੇ ਲੋਕਾਂ ਨੇ ਪੂਰਾ ਆਨੰਦ ਲਿੱਤਾ।

ਟਾਸਕ ਕੰਪਨੀ ਦੇ ਮਾਲਕ ਫ੍ਰੈਂਕ ਬੋਏਂਡਰਮੇਕਰ 20 ਸਾਲ ਉਮਰ ਵਿੱਚ, ਅਤੇ ਹੁਣ ਕਾਰੋਬਾਰ ਵਿੱਚ 5ਵੀਂ ਪੀੜੀ ਹੈ। ਫ੍ਰੈਂਕ ਦੇ ਦਾਦਾ ਜੀ ਇੱਕ ਹਾਈਕਿੰਥ ਉਤਪਾਦਕ ਅਤੇ ਨਿਰਯਾਤਕਾਰ ਸਨ। ਜਦੋਂ ਫ੍ਰੈਂਕ ਜਵਾਨ ਸੀ, ਉਸਨੇ ਆਪਣੇ ਦਾਦਾ ਜੀ ਸਾਹਸ ਦੇ ਕਿੱਸੇ ਸੁਣੇ ਸਨ। ਕਈ ਸਾਲ ਬਾਅਦ, ਫ੍ਰੈਂਕ ਨੇ ਨਿਊ ਜਰਸੀ ਵਿੱਚ ਆਪਣੀ ਖੁਦ ਦੀ ਬਲਬ ਕੰਪਨੀ, ਟਾਸਕ ਨਾਮ ਦੀ ਸ਼ੁਰੂਆਤ ਕੀਤੀ। ਇਸ ਕੰਪਨੀ ਟਿਊਲਿਪ ਪਿਕ ਫਾਰਮ ਨੇ ਲੋਕਾਂ ਨੂੰ ਨਵੇਂ ਤਜ਼ਰਬੇ ਦਾ, ਕਦੇ ਨਾ ਭੁੱਲਣ ਵਾਲਾ ਅਹਿਸਾਸ ਵੀ ਕਰਾਇਆ।

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

**www.singhsabhasurrey.com**

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

| | |
|---|---|
| ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 - 6.00 ਵਜੇ |
| ਆਸਾ ਕੀ ਵਾਰ | : 6.00 -7.45 ਵਜੇ |
| ਅਰਦਾਸ / ਹੁਕਮਨਾਮਾ | : 7.45 - 8.00 ਵਜੇ |
| ਕਥਾ / ਹੁਕਮਨਾਮਾ | : 8.00 - 8.30 ਵਜੇ |
| ਕੀਰਤਨ | : 8.30 - 9.40 ਵਜੇ |
| ਕਥਾ | : 9.40 - 10.30 ਵਜੇ |
| ਢਾਡੀ | : 10.30 - 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30-5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30-6:40 ਵਜੇ |
| ਕਥਾ | : 6:40-7:15 ਵਜੇ |
| ਢਾਡੀ | : 7:15 -8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਤਿੰਨ ਸ੍ਰੀ ਅਖੰਡ ਪਾਠ ਸਾਹਿਬ 1) ਨਗਰ ਅਖਾੜਾ ਦੀ ਸੰਗਤ ਵੱਲੋਂ, 2) ਭਾਈ ਰਣਜੋਧ ਸਿੰਘ ਹੰਸ, 3) ਭਾਈ ਕੁਲਵੰਤ ਸਿੰਘ ਗਿੱਲ ਪ੍ਰਵਾਰ ਵੱਲੋਂ ਅਰੰਭ ਹੋਣਗੇ।
- ਇਹ ਅਖੰਡ ਪਾਠ 22 ਮਈ ਦਿਨ ਸ਼ੁੱਕਰਵਾਰ ਸਵੇਰੇ 09:30 ਵਜੇ ਅਰੰਭ ਹੋਣਗੇ ਜਿਨਾਂ ਦੇ ਭੋਗ 24 ਮਈ ਸਵੇਰੇ 09:30 ਵਜੇ ਪੈਣਗੇ। ਉਪਰੰਤ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।
- 23 ਮਈ ਦਿਨ ਸ਼ਨਿੱਚਰਵਾਰ ਸਵੇਰੇ 09:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਗੁਰਪ੍ਰੀਤ ਸਿੰਘ ਪ੍ਰਵਾਰ ਵੱਲੋਂ ਹੋਵੇਗੀ।
- ਅੰਤਿਮ ਸਸਕਾਰ ਭਾਈ ਲਵਦੀਪ ਸਿੰਘ ਗਿੱਲ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 23 ਮਈ ਦਿਨ ਸ਼ਨਿੱਚਰਵਾਰ 11:00 ਵਜੇ ਹੋਵੇਗਾ ਉਪਰੰਤ 12:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- 23 ਮਈ ਦਿਨ ਸ਼ਨਿੱਚਰਵਾਰ ਸ਼ਾਮ 5:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਪ੍ਰਿਥਮ ਸਿੰਘ ਮੰਨਣ, 2) ਭਾਈ ਅਮਨ ਸਿੰਘ, 3) ਭਾਈ ਹਰਗੋਬਿੰਦ ਸਿੰਘ ਢੇਸੀ, 4) ਭਾਈ ਜੇਹਰ ਸਿੰਘ ਪ੍ਰਵਾਰ ਵੱਲੋਂ ਹੋਵੇਗੀ।
- 24 ਮਈ ਦਿਨ ਐਤਵਾਰ ਸਵੇਰੇ 09:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਕੁਲਵੀਰ ਸਿੰਘ ਨਿੱਝਰ, 2) ਭਾਈ ਕੇਵਲ ਸਿੰਘ ਸੰਧੂ ਪ੍ਰਵਾਰ ਵੱਲੋਂ ਹੋਵੇਗੀ।
- 24 ਮਈ ਦਿਨ ਐਤਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਚਰਨਜੀਤ ਸਿੰਘ ਗਿੱਲ ਪ੍ਰਵਾਰ 2) ਭਾਈ ਮਨਵੀਰ ਸਿੰਘ ਸੱਗੂ, 3) ਬੀਬੀ ਵਰਿੰਦਰ ਕੌਰ ਪ੍ਰਵਾਰ ਵੱਲੋਂ ਹੋਵੇਗੀ।

- ਨੋਟ: ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹਰ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤਕ ਬਜੁਰਗਾਂ ਵਾਸਤੇ ਟੈਕਸ ਫਾਰਮ , ਬੁਢਾਪਾ ਪੈਨਸ਼ਨ , ਕੰਮ ਦੀ ਪੈਨਸ਼ਨ, ਪੀ ਆਰ ਕਾਰਡ ਫਾਰਮ, ਸਿਟੀਜਨਸ਼ਿਪ ਫਾਰਮ, ਬਸ ਪਾਸ ਫਾਰਮ , ਪਾਸਪੋਰਟ ਫਾਰਮ ਇਤਿਆਦ ਫਾਰਮ ਮੁਫਤ ਵਿਚ (Free Serivce) ਭਰੇ ਜਾਂਦੇ ਹਨ।

ਰਾਗੀ ਜੱਥਾ : ਭਾਈ ਦਿਲਬਾਗ ਸਿੰਘ ਭਾਈ ਹਰਜੀਤ ਸਿੰਘ
ਕਥਾਵਾਚਕ : ਭਾਈ ਗੁਰਸ਼ਰਨ ਸਿੰਘ ਚੀਮਾ
ਢਾਡੀ ਜਥਾ : ਭਾਈ ਜਸਵੰਤ ਸਿੰਘ ਜੋਸ਼

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਗਦਰੀ ਬਾਬਿਆਂ ਅਤੇ ਅਕਾਲੀ ਬੱਬਰਾਂ ਨੂੰ ਸਮਰਪਿਤ 58ਵੇਂ ਖੇਡ ਮੇਲੇ ਦੀਆਂ ਝਲਕੀਆਂ






















# ਨੌਜਵਾਨਾਂ ਵਿੱਚ ਕਿਉਂ ਵਧ ਰਹੀ ਹੈ ਆਤਮ ਹੱਤਿਆ ਦੀ ਪ੍ਰਵਿਰਤੀ

**ਅੱਜ ਬੱਚਿਆਂ ਨੂੰ ਕੌਂਸਲਿੰਗ ਦੀ ਜ਼ਰੂਰਤ ਹੈ। ਅੱਜ ਦੇ ਬੱਚੇ ਕੱਲ੍ਹ ਦਾ ਭਵਿੱਖ ਹਨ। ਬੱਚਿਆਂ 'ਤੇ ਕਦੇ ਵੀ ਪੜ੍ਹਾਈ ਜਾਂ ਹੋਰ ਕਿਸੇ ਫੈਸਲੇ ਦਾ ਬੋਝ ਨਾ ਪਾਓ, ਉਨ੍ਹਾਂ ਦੀ ਸਹਿਣਸ਼ੀਲਤਾ ਅਨੁਸਾਰ ਹੀ ਉਨ੍ਹਾਂ ਵਿੱਚ ਜੀਵਨ ਬਤੀਤ ਕਰਨ ਅਤੇ ਚੰਗੀਆਂ ਆਦਤਾਂ ਗ੍ਰਹਿਣ ਕਰਨ ਦੀ ਪ੍ਰਵਿਰਤੀ ਪੈਦਾ ਕਰੋ। ਸਿੱਖਿਆ ਦਾ ਮੁੱਖ ਮਨੋਰਥ ਚੰਗੇ ਇਨਸਾਨ ਪੈਦਾ ਕਰਨਾ ਹੈ ਨਾ ਕਿ ਧਨ ਕਮਾਉਣ ਵਾਲੇ ਪੁਰਜੇ।**

ਹਰਸ਼ਾਂਤ ਸਿੰਘ ਢੀਂਡਸਾ
ਸੰਪਰਕ: 98781-97000

ਆਧੁਨਿਕਤਾ ਦੇ ਦੌਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਹੋਈਆਂ ਹਨ। ਬਲਦਾਂ ਦੇ ਹਲ਼ਾਂ ਤੋਂ ਲੈ ਕੇ ਵੱਡੇ ਵੱਡੇ ਟਰੈਕਟਰ ਆ ਗਏ ਹਨ। ਹਰ ਖੇਤਰ ਵਿੱਚ ਬਹੁਤ ਵਿਕਾਸ ਹੋਇਆ ਹੈ। ਕੱਚੇ ਰਾਹਾਂ ਤੋਂ ਵੱਡੇ ਵੱਡੇ ਭਾਰਤ ਮਾਲਾ ਵਰਗੇ ਪ੍ਰਜੈਕਟ ਬਣ ਗਏ। ਭਾਰਤ ਨੇ ਵਿਕਸਤ ਦੇਸ਼ ਬਣਨ ਲਈ ਰਫ਼ਤਾਰ ਤੇਜ਼ ਕੀਤੀ ਹੋਈ ਹੈ। ਬਿਨਾਂ ਸ਼ੱਕ ਬਹੁਤ ਜ਼ਿਆਦਾ ਤਰੱਕੀ ਹੋਈ ਹੈ। ਸਭ ਤੋਂ ਵੱਧ ਤਕਨੀਕ ਦੇ ਖੇਤਰ ਵਿੱਚ ਤਰੱਕੀ ਹੋਈ ਹੈ- ਕਬੂਤਰਾਂ ਦੇ ਗਲ਼ਾਂ ਵਿੱਚ ਪੈਂਦੀਆਂ ਚਿੱਠੀਆਂ ਤੋਂ ਲੈ ਕੇ ਸਮਾਰਟ ਫੋਨਾਂ ਤੱਕ ਦਾ ਸਫ਼ਰ ਤੈਅ ਕੀਤਾ ਹੈ। ਅੱਜ ਹਰ ਵਿਅਕਤੀ ਕੋਲ ਹੋਰ ਕੁਝ ਹੋਵੇ ਨਾ ਹੋਵੇ, ਪਰ ਸਮਾਰਟ ਫੋਨ ਜ਼ਰੂਰ ਹੁੰਦਾ ਹੈ। ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਹਰ ਵਿਅਕਤੀ ਫੋਨ ਨੂੰ ਚੁੰਬਕ ਵਾਂਗ ਚਿੰਬੜਿਆ ਪਿਆ ਹੈ। ਤਕਨੀਕ ਨੇ ਹਰ ਖੇਤਰ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਭਾਵੇਂ ਵਪਾਰ, ਖੇਤੀ ਅਤੇ ਉਦਯੋਗ ਹਰ ਖੇਤਰ ਵਿੱਚ ਤਕਨੀਕ ਨੇ ਵੱਡੀਆ ਤਬਦੀਲੀਆਂ ਕੀਤੀਆਂ ਹਨ।

ਅੱਜ ਦੇ ਤਕਨੀਕੀ ਯੁੱਗ ਵਿੱਚ ਲੋਕਾਂ ਨੇ ਬਹੁਤ ਕੁਝ ਹਾਸਲ ਕੀਤਾ ਹੈ। ਵਿਦਿਆਰਥੀ ਤਕਨੀਕੀ ਮੁਹਾਰਤ ਨਾਲ ਵੱਡੀਆਂ ਪ੍ਰਾਈਵੇਟ ਕੰਪਨੀਆਂ ਵਿੱਚ ਪੈਕੇਜ ਲੈ ਰਹੇ ਹਨ, ਸਰਕਾਰੀ ਨੌਕਰੀਆਂ ਦੀ ਤਨਖਾਹ ਜਿਸ ਦੇ ਨੇੜੇ ਤੇੜੇ ਵੀ ਨਹੀਂ ਢੁੱਕਦੀ, ਪਰ ਜੋ ਕੁਝ ਸਾਡਾ ਅਧੁਨਿਕਤਾ ਅਤੇ ਤਕਨੀਕ ਨੇ ਖੋਹਿਆ ਹੈ, ਉਸ ਦਾ ਵੀ ਕੋਈ ਮੁੱਲ ਨਹੀਂ। ਹਰ ਬੰਦਾ ਵਿਹਲਾ ਹੋ ਕੇ ਆਪਣੇ ਕੰਮ ਵਿੱਚ ਰੁੱਝਿਆ ਹੋਇਆ ਹੈ। ਕੰਮ ਭਾਵੇਂ ਫੋਨ ਦੀ ਵਰਤੋਂ ਹੀ ਹੋਵੇ। ਆਧੁਨਿਕ ਤਰੱਕੀ ਨੇ ਸਾਡਾ ਸਕੂਨ ਖੋਹ ਲਿਆ ਹੈ, ਹਰ ਵਿਅਕਤੀ ਚਿੰਤਾਗ੍ਰਸਤ ਹੋ ਰਿਹਾ ਹੈ। ਸਾਡੇ ਬੱਚਿਆਂ ਦੇ ਬਚਪਨ ਅਤੇ ਜਵਾਨੀ ਨੂੰ ਅੱਜ ਦੀ ਤਰੱਕੀ ਨੇ ਸਿਉਂਕ ਵਾਂਗ ਖਾ ਲਿਆ ਹੈ। ਛੋਟੇ ਛੋਟੇ ਬੱਚੇ ਤਣਾਅ ਵਿੱਚ ਹਨ। ਪ੍ਰੋਫੈਸਰ ਪੂਰਨ ਸਿੰਘ ਨੇ ਜਿਹੜੀ ਅੱਲ੍ਹੜ ਮਸਤ ਜਵਾਨੀ ਦੀ ਗੱਲ ਆਪਣੀਆਂ ਕਵਿਤਾਵਾਂ ਵਿੱਚ ਕੀਤੀ, ਉਹ ਸ਼ੈਲ ਸ਼ਬੀਲੇ ਗੱਭਰੂ ਅੱਜ ਆਤਮ ਹੱਤਿਆ ਦੇ ਰਾਹ ਪੈ ਗਏ ਹਨ।

ਸੰਤ, ਮਹਾਤਮਾ ਅਤੇ ਪੁਰਾਣੇ ਬਜ਼ੁਰਗ ਛੋਟੇ ਬੱਚਿਆਂ ਨੂੰ ਸਿੱਖਿਆ ਦਿੰਦੇ ਹੁੰਦੇ ਸਨ, 'ਪੁੱਤ, ਆਤਮ ਘਾਤੀ ਮਹਾ-ਪਾਪੀ ਹੁੰਦਾ ਹੈ। ਜ਼ਿੰਦਗੀ ਵਿੱਚ ਕਦੇ ਵੀ ਅਜਿਹਾ ਕਦਮ ਨਹੀਂ ਚੁੱਕਣਾ। ਜੇ ਸਾਰੇ ਵਸੀਲੇ ਫੇਲ੍ਹ ਹੋ ਜਾਣ, ਫਿਰ ਵੀ ਤੁਹਾਡੇ ਨਾਲ ਨੀਲੀ ਛੱਤਰੀ ਵਾਲਾ ਖੜ੍ਹਾ ਹੈ। ਜ਼ਿੰਦਗੀ ਸੰਘਰਸ਼ ਦਾ ਨਾਂ ਹੈ, ਬੇਟਾ ਅਡੋਲ ਰਹਿ ਕੇ ਗੁਰੂਆਂ ਦੇ ਦੱਸੇ ਸਿਧਾਂਤ 'ਤੇ ਚੱਲੋ, ਤੁਹਾਡਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ। ਜ਼ਿੰਦਗੀ ਬਹੁਤ ਮੁਸ਼ਕਿਲ ਨਾਲ ਮਿਲਦੀ ਹੈ, ਵੇਦ ਗ੍ਰੰਥਾਂ ਦੇ ਅਨੁਸਾਰ 84 ਲੱਖ ਜੂਨਾਂ ਭੋਗਣ ਤੋਂ ਬਾਅਦ ਇਨਸਾਨੀ ਜਾਮਾ ਮਿਲਦੈ, ਇਸ ਨੂੰ ਖੁੱਲ੍ਹ ਕੇ ਜੀਵੋ।'' ਪਰ ਅੱਜ ਬੱਚੇ ਦਾਦਾ-ਦਾਦੀ ਦੀਆਂ ਇਹ ਕਹਾਣੀਆਂ ਅਤੇ ਕਥਨ ਨਹੀਂ ਸੁਣਦੇ। ਜੇਕਰ ਬੱਚੇ ਨਹੀਂ ਸੁਣਨਗੇ ਤਾਂ ਜਵਾਨੀ ਕਿਵੇਂ ਸੁਣੇਗੀ? ਅੱਜ ਤਾਂ ਹਰ ਚੀਜ਼ ਗੂਗਲ 'ਤੇ ਦੇਖੀ ਜਾਂਦੀ ਹੈ। ਇਨ੍ਹਾਂ ਨੇ ਤਾਂ ਗੂਗਲ ਨੂੰ ਰੱਬ ਮੰਨ ਲਿਆ। ਸਮਾਰਟ ਫੋਨ ਨੇ ਅੱਜ ਬਜ਼ੁਰਗਾਂ ਦੀ ਥਾਂ ਲੈ ਲਈ ਕਿਉਂਕਿ ਬਜ਼ੁਰਗਾਂ ਵਾਲੀਆਂ ਗੱਲਾਂ ਹੁਣ ਜਵਾਨੀ ਕੋਲ ਨਹੀਂ ਰਹੀਆਂ, ਉਨ੍ਹਾਂ ਕੋਲ ਸਿਰਫ਼ ਸਮਾਰਟ ਫੋਨ ਵੱਲੋਂ ਦਿੱਤਾ ਮਾਨਸਿਕ ਤਣਾਅ ਹੈ। ਇਸ ਕਾਰਨ ਜਵਾਨੀ ਨੇ ਜਿਉਣਾ ਵਿਸਾਰ ਛੱਡਿਆ ਹੈ। ਮੌਤ ਨੂੰ ਮਾਸੀ ਬਣਾ ਲਿਆ ਹੈ, ਛੋਟੇ ਛੋਟੇ ਕਾਰਨਾਂ ਕਰਕੇ ਸਾਡੇ ਬੱਚੇ ਆਤਮ ਹੱਤਿਆ ਦੇ ਰਾਹ ਪੈ ਰਹੇ ਨੇ। ਜਵਾਨੀ ਨੂੰ ਜ਼ੋਰ ਕਰਕੇ ਜਾਣਿਆ ਜਾਂਦਾ ਸੀ। ਸੋਹਣੇ ਸੁਨੱਖੇ ਜਵਾਨ ਪਤਾ ਨਹੀਂ ਚੱਲਦਾ, ਕਦੋਂ ਗਲ਼ ਵਿੱਚ ਰੱਸੀ ਪਾ ਕੇ ਛੱਤ ਨਾਲ ਲਟਕ ਜਾਂਦੇ ਹਨ। ਇਹ ਨਹੀਂ ਸੋਚਦੇ ਕਿ ਪਿੱਛੇ ਮਾਤਾ-ਪਿਤਾ ਦਾ ਕੀ ਹਾਲ ਹੋਵੇਗਾ।

ਕਿਸੇ ਫ਼ਕੀਰ ਨੇ ਕਿਹਾ ਕਿ ਮੈਨੂੰ ਦੱਸੋ ਸਭ ਤੋਂ ਵੱਧ ਭਾਰ ਕਿਸ ਚੀਜ਼ ਵਿੱਚ ਹੁੰਦਾ ਹੈ। ਕਿਸੇ ਨੇ ਕੁਝ ਕਿਹਾ, ਕੋਈ ਕਹੇ ਲੋਹਾ ਭਾਰੀ ਹੈ, ਪਰ ਕਿਸੇ ਨੇ ਤਸੱਲੀ ਬਖ਼ਸ਼ ਜਵਾਬ ਨਾ ਦਿੱਤਾ। ਫ਼ਕੀਰ ਕਹਿਣ ਲੱਗਿਆ, ''ਪੁੱਤਰੋ! ਜਦੋਂ ਪਿਤਾ ਆਪਣੇ ਬੱਚੇ ਦੀ ਅਰਥੀ ਮੋਢੇ 'ਤੇ ਚੁੱਕਦਾ ਹੈ ਤਾਂ ਉਹ ਸਭ ਤੋਂ ਭਾਰੀ ਹੁੰਦੀ ਹੈ।'' ਪੁਰਾਤਨ ਸਮੇਂ ਲੋਕ ਸ਼ਾਂਤੀ ਨਾਲ ਕੱਚੇ ਘਰਾਂ ਵਿੱਚ ਰਹਿੰਦੇ ਸਨ ਅਤੇ ਪਿਆਰ ਦੀਆਂ ਬਾਤਾਂ ਪੈਂਦੀਆਂ ਸਨ। ਹਰ ਕੋਈ ਕੁਦਰਤੀ ਅਨੰਦ ਵਿੱਚ ਜ਼ਿੰਦਗੀ ਬਤੀਤ ਕਰਦਾ ਸੀ, ਪਰ ਅੱਜ ਉਹ ਸਕੂਨ ਕਿਧਰੇ ਨਜ਼ਰ ਨਹੀਂ ਆਉਂਦਾ। ਕੁਝ ਘਟਨਾਵਾਂ ਸਮਾਜ ਵਿੱਚ ਅਜਿਹੀਆਂ ਵਾਪਰਦੀਆਂ ਹਨ ਜਿਸ ਨਾਲ ਹਰ ਕਿਸੇ ਦਾ ਦਿਲ ਪਸੀਜ ਜਾਂਦਾ ਹੈ। ਜਦੋਂ ਕਿਸੇ ਦਾ ਜਵਾਨ ਬੱਚਾ ਖੁਦਕੁਸ਼ੀ ਕਰ ਜਾਂਦਾ ਹੈ ਤਾਂ ਉਹ ਹੀ ਜਾਣਦਾ ਹੈ ਕਿ ਉਸ 'ਤੇ ਕੀ ਬੀਤ ਰਹੀ ਹੈ। ਅੱਜ ਇਹ ਵਰਤਾਰਾ ਸਮੁੱਚੇ ਭਾਰਤ ਦੇ ਨਾਲ ਪੰਜਾਬ ਵਿੱਚ ਵੀ ਰੋਜ਼ਾਨਾ ਵਾਪਰ ਰਿਹਾ ਹੈ। ਕਿਸਾਨਾਂ ਦੀਆਂ ਆਤਮ ਹੱਤਿਆਵਾਂ ਵਿੱਚ ਪੰਜਾਬ ਮੋਹਰੀ ਹੈ।

ਦੇਸ਼ ਦੇ ਅੰਕੜਿਆਂ ਅਨੁਸਾਰ ਹਰ ਅੱਧੇ ਘੰਟੇ ਬਾਅਦ ਇੱਕ ਕਿਸਾਨ ਆਤਮ ਹੱਤਿਆ ਕਰ ਰਿਹਾ ਹੈ। ਬਚਪਨ ਅਤੇ ਜਵਾਨੀ ਆਪਣੇ ਵੱਡਿਆਂ ਨੂੰ ਆਪਣਾ ਮਾਰਗ ਦਰਸ਼ਨ ਮੰਨਦੀ ਹੈ। ਬੱਚਿਆਂ ਅਤੇ ਨੌਜਵਾਨਾਂ ਵਿੱਚ ਅੱਜ ਆਤਮ ਹੱਤਿਆਵਾਂ ਦਾ ਰੁਝਾਨ ਬਹੁਤ ਵਧ ਰਿਹਾ ਹੈ। ਜਿਹੜੇ ਹੋਣਹਾਰ ਬੱਚਿਆਂ ਨੇ ਆਪਣੇ ਮਾਪਿਆਂ ਦਾ ਬੁਢਾਪੇ ਵਿੱਚ ਸਹਾਰਾ ਬਣਨਾ ਸੀ, ਅੱਜ ਉਹ ਬੱਚੇ ਮਾਨਸਿਕ ਦਬਾਅ ਹੇਠ ਜੀਵਨ ਬਤੀਤ ਕਰ ਰਹੇ ਹਨ, ਜਿਸ ਦਾ ਸਿੱਟਾ ਮੌਤ ਦਾ ਰਾਹ ਹੈ। ਕੁਝ ਸਾਲ ਪਹਿਲਾਂ ਇੱਕ ਪਿੰਡ ਦੇ ਨੌਜਵਾਨ ਨੇ ਕਿਸੇ ਦੋਸਤ ਦੇ ਪਿਸਤੌਲ ਨਾਲ ਆਪਣਾ ਸਾਰਾ ਟੱਬਰ ਮਾਰ ਦਿੱਤਾ ਸੀ। ਅਜਿਹੇ ਵਰਤਾਰੇ ਨੂੰ ਵੇਖਣ ਲਈ ਪਤਾ ਨਹੀਂ ਕਿਸੇ ਕਾਰਨ ਲੜਕੇ ਦਾ ਦਾਦਾ ਜਿਉਂਦਾ ਰਹਿ ਗਿਆ ਸੀ। ਜੋ ਆਪਣੇ ਜਿਉਂਦੇ ਰਹਿਣ 'ਤੇ ਭੁੱਬਾਂ ਮਾਰ ਕੇ ਰੋ ਰਿਹਾ ਸੀ ਕਿ ਮੈਂ ਡੋਲੀ ਵਾਲੀ ਕਾਰ ਦੇ ਉੱਤੇ ਪੈਸੇ ਸੁੱਟਣ ਦੀ ਸੋਚ ਰਿਹਾ ਸੀ। ਕਿਉਂਕਿ ਉਸ ਮੁੰਡੇ ਦੇ ਵਿਆਹ ਵਿੱਚ ਥੋੜ੍ਹੇ ਦਿਨ ਰਹਿ ਗਏ ਸਨ। ਘਰ ਵਿੱਚ ਬਹੂ ਬਣ ਕੇ ਆਉਣ ਵਾਲੀ ਲੜਕੀ ਦੇ ਸੁਪਨੇ ਚਕਨਾ ਚੂਰ ਹੋ ਗਏ, ਅਜਿਹਾ ਮੰਜ਼ਰ ਵੇਖਿਆ ਨਹੀਂ ਜਾ ਰਿਹਾ ਸੀ। ਬਾਬੇ ਨਾਨਕ ਦੀ ਧਰਤੀ ਦੇ ਉੱਤੇ ਇਹ ਕੁਝ ਹੋਵੇਗਾ, ਅੰਦਾਜ਼ਾ ਨਹੀਂ ਸੀ। ਸਾਡੇ ਨੌਜਵਾਨ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਕੇ ਛਕਣਾ ਭੁੱਲ ਗਏ ਹਨ।

ਮਾਪਿਆਂ ਦੀਆਂ ਲੋੜ ਤੋਂ ਵੱਧ ਆਸਾਂ ਬੱਚਿਆਂ ਨੂੰ ਮੌਤ ਦੇ ਰਸਤੇ ਪਾ ਰਹੀਆਂ ਹਨ। ਰਾਜਸਥਾਨ ਦਾ ਸ਼ਹਿਰ ਕੋਟਾ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਲਈ ਅੱਜ ਪੂਰੇ ਭਾਰਤ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਗਿਆ, ਪਰ ਮਾਪੇ ਇਹ ਨਹੀਂ ਸੋਚਦੇ ਕਿ ਕੋਟੇ ਵਿੱਚ ਹੋਰ ਕੋਟਿਆਂ ਵਾਂਗ ਮੌਤ ਦਾ ਕੋਟਾ ਵੀ ਨਿਰਧਾਰਤ ਹੋ ਗਿਆ ਹੈ। ਆਏ ਦਿਨ ਆਪਣੀ ਅਸਫਲਤਾ ਦੇ ਕਾਰਨ ਬੱਚੇ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ। ਕੋਟੇ ਵਿੱਚ ਆਤਮ ਹੱਤਿਆ ਦਾ ਵਰਤਾਰਾ ਆਮ ਹੋ ਗਿਆ ਹੈ। ਜਿਵੇਂ ਪੰਜਾਬ ਵਿੱਚ ਚਿੱਟੇ ਨਾਲ ਹੋਈਆਂ ਮੌਤਾਂ ਅਖ਼ਬਾਰ ਦੀ ਸੁਰਖੀ ਨਹੀਂ ਬਣਦੀਆਂ ਕਿਉਂਕਿ ਲੋਕਾਂ ਨੇ ਅਜਿਹੀਆਂ ਖ਼ਬਰਾਂ ਨੂੰ ਅਣਗੌਲਿਆ ਕਰ ਦਿੱਤਾ ਹੈ। ਇਹੀ ਹਾਲ ਰਾਜਸਥਾਨ ਦੇ ਸ਼ਹਿਰ ਕੋਟਾ ਵਿੱਚ ਹੈ। ਮਾਪਿਆਂ ਨੂੰ ਅੱਜ ਸੋਚਣ ਦੀ ਲੋੜ ਹੈ ਕਿ ਤੁਸੀਂ ਬੱਚਿਆਂ ਨੂੰ ਬੱਚੇ ਬਣ ਕੇ ਰਹਿਣ ਦਿਓ। ਹਰ ਬੱਚਾ ਵੱਡਾ ਅਫ਼ਸਰ ਨਹੀਂ ਬਣ ਸਕਦਾ। ਬੱਚੇ ਨੂੰ ਆਪਣੀ ਜ਼ਿੰਦਗੀ ਜਿਉਣ ਦਾ ਹੱਕ ਹੈ। ਤੁਹਾਡੀਆਂ ਹੱਦ ਤੋਂ ਵੱਧ ਉਮੀਦਾਂ ਬੱਚਿਆਂ ਨੂੰ ਜ਼ਹਿਰ ਨਿਗਲਣ ਅਤੇ ਛੱਤ ਨਾਲ ਲਟਕਣ ਲਈ ਮਜਬੂਰ ਕਰ ਰਹੀਆਂ ਹਨ।

ਅੱਜ ਪੂਰੇ ਭਾਰਤ ਵਿੱਚ ਹਰ ਸਾਲ ਨੌਜਵਾਨਾਂ ਦੀ ਆਤਮ ਹੱਤਿਆ ਦੀ ਦਰ 10 ਤੋਂ 13 ਹਜ਼ਾਰ ਦੇ ਕਰੀਬ ਹੈ ਯਾਨੀ ਨਵੀਆਂ ਕਰੂੰਬਲਾਂ ਜ਼ਿੰਦਗੀ ਜਿਉਣ ਤੋਂ ਪਹਿਲਾਂ ਹੀ ਮੌਤ ਨੂੰ ਗਲ਼ ਲਾ ਲੈਂਦੀਆਂ ਹਨ। ਜਦੋਂ ਗੱਲ ਹੱਥੋਂ ਨਿਕਲ ਜਾਂਦੀ ਹੈ, ਫਿਰ ਮਾਪੇ ਪਿੱਟ ਸਿਆਪਾ ਕਰਦੇ ਹਨ, ਸਿਸਟਮ ਨੂੰ ਕੋਸਦੇ ਹਨ, ਪਰ ਇਹ ਨਹੀਂ ਸੋਚਦੇ ਇਸ ਲਈ ਅਸੀਂ ਕਿੰਨੇ ਭਾਗੀਦਾਰ ਹਾਂ। ਜਿਹੜੇ ਘਰ ਵਿੱਚ ਰੌਣਕਾਂ ਲੱਗਣੀਆਂ ਸਨ, ਜਦੋਂ ਉਨ੍ਹਾਂ ਘਰਾਂ ਵਿੱਚ ਮੌਤ ਦੇ ਸੱਥਰ ਵਿਛ ਜਾਂਦੇ ਹਨ ਤਾਂ ਇੰਜ ਲੱਗਦਾ ਹੈ ਕਿ ਅੱਜ ਪ੍ਰਿੰਸੀਪਲ ਤੇਜਾ ਸਿੰਘ ਵੱਲੋਂ ਸਿਰਜਿਆ ਘਰ ਨਹੀਂ, ਜਿੱਥੇ ਮੁਹੱਬਤ ਅਤੇ ਪਿਆਰ ਦੀਆਂ ਸੱਧਰਾਂ ਪਲਣੀਆਂ ਸਨ। ਇਹ ਇੱਟਾਂ ਦਾ ਢਾਰਾ ਆਪਣੀ ਹੋਣੀ 'ਤੇ ਰੋ ਰਿਹਾ ਪ੍ਰਤੀਤ ਹੁੰਦਾ ਹੈ। ਸਰਕਾਰਾਂ ਨੇ ਇਸ ਪਾਸੇ ਸੋਚਦਿਆਂ ਕਲਾਸਾਂ ਵਿੱਚੋਂ ਫੇਲ੍ਹ ਹੋਣ ਦਾ ਸਿਸਟਮ ਬਹੁਤ ਘਟਾ ਦਿੱਤਾ, ਗਰੇਡਿੰਗ ਕਰ ਦਿੱਤੀ ਕਿ ਕੋਈ ਵਿਦਿਆਰਥੀ ਫੇਲ੍ਹ ਹੋ ਕੇ ਅਜਿਹੇ ਕਦਮ ਨਾ ਚੁੱਕੇ।

ਵਿਦਿਆਰਥੀਆਂ ਵਿੱਚ ਆਤਮ ਹੱਤਿਆ ਦੀ ਵਧਦੀ ਪ੍ਰਵਿਰਤੀ ਨੂੰ ਰੋਕਣ ਲਈ ਪੰਜਾਬ ਦੇ ਸਕੂਲ ਸਿੱਖਿਆ ਵਿਭਾਗ ਨੇ ਬੱਚਿਆਂ ਲਈ ਇੱਕ ਪੀਰੀਅਡ ਰੋਜ਼ਾਨਾ ਮੈਡੀਟੇਸ਼ਨ ਦਾ ਸ਼ੁਰੂ ਕੀਤਾ ਹੈ। ਇਹ ਸ਼ਲਾਘਾਯੋਗ ਫੈਸਲਾ ਹੈ ਜਿਸ ਨਾਲ ਬੱਚਿਆਂ ਵਿੱਚ ਸਹਿਣਸ਼ੀਲਤਾ ਦੀ ਪ੍ਰਵਿਰਤੀ ਪੈਦਾ ਹੋਵੇਗੀ। ਅੱਜ ਦੇ ਬੱਚੇ ਨੈੱਟ ਦੀ ਹੌਲੀ ਸਪੀਡ ਸਹਿਣ ਨਹੀਂ ਕਰਦੇ। ਫਿਰ ਉਹ ਵੱਡਿਆਂ ਦੀ ਕਹੀ ਗੱਲ, ਕਿਵੇਂ ਸਹਿਣ ਕਰਨਗੇ? ਅੱਜ ਮਾਪਿਆਂ ਨੂੰ ਬੱਚਿਆਂ 'ਤੇ ਅਣਕਿਆਸਿਆ ਬੋਝ ਨਹੀਂ ਪਾਉਣਾ ਚਾਹੀਦਾ। ਖਾਸ ਕਰ ਅੱਲ੍ਹੜ ਉਮਰ ਵਿੱਚ ਬੱਚਿਆਂ ਦੇ ਨਾਲ ਮਾਪਿਆਂ ਨੂੰ ਮਿੱਤਰਤਾ ਪੂਰਵਕ ਸਬੰਧ ਬਣਾ ਕੇ ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਚਾਹੀਦਾ ਹੈ।

ਅੱਜ ਬੱਚਿਆਂ ਨੂੰ ਕੌਂਸਲਿੰਗ ਦੀ ਜ਼ਰੂਰਤ ਹੈ। ਅੱਜ ਦੇ ਬੱਚੇ ਕੱਲ੍ਹ ਦਾ ਭਵਿੱਖ ਹਨ। ਬੱਚਿਆਂ 'ਤੇ ਕਦੇ ਵੀ ਪੜ੍ਹਾਈ ਜਾਂ ਹੋਰ ਕਿਸੇ ਫੈਸਲੇ ਦਾ ਬੋਝ ਨਾ ਪਾਓ, ਉਨ੍ਹਾਂ ਦੀ ਸਹਿਣਸ਼ੀਲਤਾ ਅਨੁਸਾਰ ਹੀ ਉਨ੍ਹਾਂ ਵਿੱਚ ਜੀਵਨ ਬਤੀਤ ਕਰਨ ਅਤੇ ਚੰਗੀਆਂ ਆਦਤਾਂ ਗ੍ਰਹਿਣ ਕਰਨ ਦੀ ਪ੍ਰਵਿਰਤੀ ਪੈਦਾ ਕਰੋ। ਸਿੱਖਿਆ ਦਾ ਮੁੱਖ ਮਨੋਰਥ ਚੰਗੇ ਇਨਸਾਨ ਪੈਦਾ ਕਰਨਾ ਹੈ ਨਾ ਕਿ ਧਨ ਕਮਾਉਣ ਵਾਲੇ ਕਲ ਪੁਰਜੇ। ਫਿਰ ਉਹ ਕਲ ਪੁਰਜੇ ਜੋ ਨੈਤਿਕ ਕਦਰਾਂ ਕੀਮਤਾਂ ਤੋਂ ਵਾਂਝੇ ਹੁੰਦੇ ਹਨ, ਉਹ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿੱਚ ਰੋਲਦੇ ਹਨ। ਬੱਚਿਆਂ ਨੂੰ ਬੱਚੇ ਰਹਿਣ ਦਿਓ, ਉਨ੍ਹਾਂ ਨੂੰ ਆਪਣੇ ਬਚਪਨ ਦੇ ਅਨੁਸਾਰ ਜ਼ਿੰਦਗੀ ਬਤੀਤ ਕਰਨ ਦਿਓ। ਬੱਚੇ ਫੁੱਲਾਂ ਵਾਂਗ ਹਨ, ਉਨ੍ਹਾਂ ਦੀ ਤਿਤਲੀਆਂ ਵਾਂਗ ਸੁਗੰਧ ਮਹਿਸੂਸ ਕਰੋ, ਉਨ੍ਹਾਂ ਨੂੰ ਪੈਰ ਦੀ ਜੁੱਤੀ ਨਾਲ ਮਧੋਲੋ ਨਾ। ਬੱਚੇ ਰੱਬ ਦੇ ਡਾਕੀਏ ਹਨ, ਕੋਰੇ ਕਾਗਜ਼ ਹਨ। ਪਿਆਰ ਦੇ ਭੁੱਖੇ ਹਨ, ਖ਼ੁਸ਼ੀਆਂ ਨਾਲ ਘਰ ਨੂੰ ਭਰ ਦਿੰਦੇ ਹਨ। ਬੱਚਿਆਂ ਨੂੰ ਪੂਰਾ ਪਿਆਰ ਅਤੇ ਸਤਿਕਾਰ ਦਿਓ ਕਿਉਂਕਿ ਅੱਜ ਦੀ ਸਿੱਖਿਆ ਪ੍ਰਣਾਲੀ ਵਿੱਚ ਬੱਚਿਆਂ 'ਤੇ ਬੋਝਲ ਸਿਲੇਬਸ ਹੈ, ਇਸ ਲਈ ਉਨ੍ਹਾਂ ਨੂੰ ਪਿਆਰ ਤੇ ਸਤਿਕਾਰ ਦੀ ਲੋੜ ਹੈ। ਜੇਕਰ ਆਪਾਂ ਬੱਚੇ ਨੂੰ ਪਿਆਰ ਕਰਦੇ ਹਾਂ ਤਾਂ ਬੱਚੇ ਉਸ ਤੋਂ ਕਈ ਗੁਣਾ ਸਾਨੂੰ ਪਿਆਰ ਕਰਦੇ ਹਨ। ਸ਼ਾਇਰ ਸੁਰਜੀਤ ਪਾਤਰ ਦੇ ਸ਼ਿਅਰ ਨਾਲ ਗੱਲ ਖ਼ਤਮ ਕਰਦੇ ਹਾਂ;

ਭਾਰੇ ਭਾਰੇ ਬਸਤੇ, ਲੰਬੇ ਲੰਬੇ ਰਸਤੇ
ਥੱਕ ਗਏ ਨੇ ਮੋਢੇ, ਦੁਖਣ ਲੱਗੇ ਨੇ ਗੋਡੇ
ਇੰਨਾ ਭਾਰ ਚੁਕਾਇਆ ਏ,
ਅਸੀਂ ਕੋਈ ਖੋਤੇ ਹਾਂ।

ਡਾ. ਕੇਸਰ ਸਿੰਘ ਭੰਗੂ
ਸੰਪਰਕ: 98154-27127

# ਪੰਜਾਬ ਚੋਣਾਂ 2027




ਪੰਜਾਬ ਵਿਧਾਨ ਸਭਾ ਚੋਣਾਂ ਭਾਵੇਂ ਸਾਲ 2027 ਦੇ ਸ਼ੁਰੂ ਵਿੱਚ ਹੋਣੀਆਂ ਹਨ, ਪਰ ਸਿਆਸੀ ਪਾਰਟੀਆਂ ਨੇ ਸੱਤਾ ਪ੍ਰਾਪਤੀ ਲਈ ਹੁਣੇ ਤੋਂ ਹੀ ਆਪਣੀਆਂ ਰਾਜਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਹਕੀਕਤ ਇਹ ਹੈ ਕਿ ਅੱਜ ਪੰਜਾਬ ਬਹੁ-ਪਰਤੀ ਗੰਭੀਰ ਸੰਕਟਾਂ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਇਸ ਦੇ ਬਾਵਜੂਦ ਸੂਬੇ ਨੂੰ ਮੁੜ ਵਿਕਾਸ ਦੀ ਲੀਹ 'ਤੇ ਲਿਆਉਣ ਦਾ ਸੰਕਲਪ ਕਿਸੇ ਵੀ ਸਿਆਸੀ ਧਿਰ ਦੇ ਮੁੱਖ ਏਜੰਡੇ ਦਾ ਹਿੱਸਾ ਨਜ਼ਰ ਨਹੀਂ ਆਉਂਦਾ ਕਿਉਂਕਿ ਸਾਰੀਆਂ ਪਾਰਟੀਆਂ ਦਾ ਇੱਕੋ-ਇੱਕ ਨਿਸ਼ਾਨਾ ਹਰ ਹਾਲ ਸੱਤਾ ਦੇ ਸਿਖ਼ਰ 'ਤੇ ਪਹੁੰਚਣਾ ਹੈ। ਅਤੀਤ 'ਤੇ ਸਰਸਰੀ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਸਾਲ 1981 ਤੋਂ 2001 ਤੱਕ ਦੇਸ਼ ਭਰ ਵਿੱਚ ਪਹਿਲੇ ਸਥਾਨ 'ਤੇ ਰਹਿਣ ਵਾਲਾ ਪੰਜਾਬ ਅੱਜ ਖਿਸਕ ਕੇ 19ਵੇਂ ਸਥਾਨ 'ਤੇ ਪੁੱਜ ਗਿਆ ਹੈ। ਇਸ ਵੇਲੇ ਸੂਬੇ ਸਿਰ ਚਾਰ ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਚੜ੍ਹਿਆ ਹੋਇਆ ਹੈ ਅਤੇ ਸੂਬੇ ਦੀ ਆਮਦਨ ਦਾ ਵੱਡਾ ਹਿੱਸਾ ਇਸੇ ਕਰਜ਼ੇ ਦੇ ਵਿਆਜ ਤੇ ਮੂਲ ਦੀ ਅਦਾਇਗੀ ਵਿੱਚ ਹੀ ਖਪ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਦੀ ਖੇਤੀਬਾੜੀ ਅਤੇ ਪੇਂਡੂ ਆਰਥਿਕਤਾ ਘੋਰ ਸੰਕਟ ਦਾ ਸਾਹਮਣਾ ਕਰ ਰਹੀ ਹੈ। ਇਸੇ ਆਰਥਿਕ ਤੰਗੀ-ਤੁਰਸ਼ੀ ਕਾਰਨ ਸੂਬੇ ਦੇ ਅੰਨਦਾਤੇ ਨੂੰ ਲਗਾਤਾਰ ਖ਼ੁਦਕੁਸ਼ੀਆਂ ਦੇ ਰਾਹ ਪੈਣਾ ਪੈ ਰਿਹਾ ਹੈ। ਇੱਕ ਪਾਸੇ ਪੜ੍ਹੇ-ਲਿਖੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਆਸਮਾਨ ਛੂਹ ਰਹੀ ਹੈ, ਦੂਜੇ ਪਾਸੇ ਪੇਂਡੂ ਖੇਤਰਾਂ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਬਹੁਤ ਮੰਦਾ ਹਾਲ ਹੈ। ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਦੌਰਾਨ ਸਿਆਸੀ ਆਗੂਆਂ ਨੇ ਲੋਕਾਂ ਨੂੰ ਬੜੇ ਸਬਜ਼ਬਾਗ ਦਿਖਾਏ, ਪਰ ਪਿਛਲੇ ਵਰ੍ਹਿਆਂ ਦੌਰਾਨ ਪੰਜਾਬੀਆਂ ਦੇ ਜੀਵਨ ਪੱਧਰ ਅਤੇ ਸੂਬੇ ਦੀ ਆਰਥਿਕਤਾ ਵਿੱਚ ਕਿੰਨਾ ਸੁਧਾਰ ਹੋਇਆ ਹੈ, ਇਹ ਹਕੀਕਤ ਕਿਸੇ ਕੋਲੋਂ ਲੁਕੀ ਨਹੀਂ ਹੈ।

ਹੁਣ ਇੱਕ ਵਾਰ ਫਿਰ ਸਿਆਸੀ ਧਿਰਾਂ ਲੋਕਾਂ ਨੂੰ ਭਰਮਾਉਣ ਲਈ ਮੁਫ਼ਤ ਬਿਜਲੀ-ਪਾਣੀ, ਸਕੂਟਰੀਆਂ ਅਤੇ ਨਕਦ ਵਿੱਤੀ ਸਹਾਇਤਾ ਵਰਗੇ ਵਾਅਦਿਆਂ ਤੇ ਗਾਰੰਟੀਆਂ ਦੇ ਰਾਹ ਪਈਆਂ ਹੋਈਆਂ ਹਨ। ਅਸਲ ਆਰਥਿਕ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਲੋਕਾਂ ਦੇ ਧਾਰਮਿਕ ਤੇ ਸਮਾਜਿਕ ਜਜ਼ਬਾਤ ਨੂੰ ਭੜਕਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਬਿਨਾਂ ਕਿਸੇ ਠੋਸ ਨੀਤੀ ਤੋਂ ਮੁਫ਼ਤ ਸਹੂਲਤਾਂ ਵੰਡਣ ਦੀ ਹੋੜ ਨੇ ਸੂਬੇ ਦੀ ਵਿੱਤੀ ਸਥਿਤੀ ਨੂੰ ਡਾਵਾਂਡੋਲ ਕਰ ਦਿੱਤਾ ਹੈ, ਜਿਸ ਕਾਰਨ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਬੱਜਟ ਦੀ ਭਾਰੀ ਕਿੱਲਤ ਪੈਦਾ ਹੋ ਚੁੱਕੀ ਹੈ। ਇਨ੍ਹਾਂ ਕਲਿਆਣਕਾਰੀ ਸਕੀਮਾਂ ਦਾ ਕੋਈ ਵਿਰੋਧ ਨਹੀਂ ਕਰਦਾ ਕਿਉਂਕਿ ਇਹ ਆਰਜ਼ੀ ਰਾਹਤ ਤਾਂ ਦਿੰਦੀਆਂ ਹਨ, ਪਰ ਨਾਗਰਿਕਾਂ ਨੂੰ ਸਵੈ-ਮਾਣ ਵਾਲੀ ਜ਼ਿੰਦਗੀ ਦੇਣ ਲਈ ਚੰਗੀ ਸਿੱਖਿਆ, ਬਿਹਤਰ ਸਿਹਤ ਸਹੂਲਤਾਂ ਅਤੇ ਪੱਕਾ ਰੁਜ਼ਗਾਰ ਮੁਹੱਈਆ ਕਰਵਾਉਣਾ ਹੀ ਸਰਕਾਰ ਦਾ ਅਸਲ ਫ਼ਰਜ਼ ਹੈ।

ਅੱਜ ਸਾਰੀਆਂ ਪਾਰਟੀਆਂ ਪੰਜਾਬ ਨੂੰ ਮੁੜ 'ਸੋਨੇ ਦੀ ਚਿੜੀ' ਬਣਾਉਣ ਦਾ ਦਾਅਵਾ ਤਾਂ ਕਰ ਰਹੀਆਂ ਹਨ, ਪਰ ਕਿਸੇ ਕੋਲ ਵੀ ਸੂਬੇ ਨੂੰ ਇਸ ਘੋਰ ਵਿੱਤੀ, ਸਮਾਜਿਕ ਅਤੇ ਸਿਹਤ-ਸਿੱਖਿਆ ਦੇ ਸੰਕਟ ਵਿੱਚੋਂ ਕੱਢਣ ਲਈ ਕੋਈ ਠੋਸ ਖਾਕਾ ਜਾਂ ਨੀਤੀਗਤ ਖਰੜਾ ਨਹੀਂ ਹੈ। ਉਨ੍ਹਾਂ ਦਾ ਇੱਕੋ-ਇੱਕ ਨਿਸ਼ਾਨਾ ਸਿਰਫ਼ ਸੱਤਾ ਹਥਿਆਉਣਾ ਹੈ। ਹਾਲਾਂਕਿ, ਕੁਝ ਆਗੂ ਟੈਕਸ ਚੋਰੀ ਅਤੇ ਫਾਲਤੂ ਖ਼ਰਚੇ ਰੋਕਣ ਲਈ ਪ੍ਰਸ਼ਾਸਨਿਕ ਸੁਧਾਰਾਂ ਦੀ ਗੱਲ ਕਰ ਰਹੇ ਹਨ। ਬੇਸ਼ੱਕ, ਕਈ ਦਹਾਕਿਆਂ ਤੋਂ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਮਾਫ਼ੀਆ ਨੂੰ ਨੱਥ ਪਾਉਣ ਲਈ ਪੰਜਾਬ ਨੂੰ ਸੁਸ਼ਾਸਨ ਦੀ ਸਖ਼ਤ ਲੋੜ ਹੈ; ਪਰ ਸੂਬੇ ਦੇ ਰੌਸ਼ਨ ਭਵਿੱਖ ਲਈ ਸਾਨੂੰ ਸਿਰਫ਼ ਪ੍ਰਸ਼ਾਸਨਿਕ ਸੁਧਾਰਾਂ ਦੀ ਹੀ ਨਹੀਂ, ਸਗੋਂ ਇਸ ਤੋਂ ਵੀ ਅੱਗੇ ਜਾ ਕੇ ਦੂਰਅੰਦੇਸ਼ੀ ਵਾਲੇ ਹੰਢਣਸਾਰ ਵਿਕਾਸ ਦੇ ਆਰਥਿਕ ਮਾਡਲ ਦੀ ਲੋੜ ਹੈ।

ਨਿਵੇਸ਼ ਦੇ ਮੁੱਦੇ ਦੀ ਗੱਲ ਕਰੀਏ ਤਾਂ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਬੁਨਿਆਦੀ ਢਾਂਚੇ ਵਿੱਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਸੂਬੇ ਵਿੱਚ 'ਨਿਵੇਸ਼ ਜੀ ਡੀ ਪੀ ਅਨੁਪਾਤ' 20 ਫ਼ੀਸਦੀ ਤੋਂ ਵੀ ਘੱਟ ਹੈ, ਜੋ ਦੇਸ਼ ਦੇ ਪ੍ਰਮੁੱਖ ਸੂਬਿਆਂ ਅਤੇ ਰਾਸ਼ਟਰੀ ਔਸਤ ਦੇ ਮੁਕਾਬਲੇ ਕਾਫ਼ੀ ਘੱਟ ਹੈ। ਪੰਜਾਬ ਨੂੰ ਰਾਸ਼ਟਰੀ ਪੱਧਰ ਦੇ ਬਰਾਬਰ ਲਿਆਉਣ ਲਈ ਸਾਲਾਨਾ 10,000 ਤੋਂ 20,000 ਕਰੋੜ ਰੁਪਏ ਦੇ ਵਾਧੂ ਨਿਵੇਸ਼ ਦੀ ਤੁਰੰਤ ਲੋੜ ਹੈ। ਇਸ ਤੋਂ ਵੀ ਜ਼ਿਆਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਖੇਤੀ ਖੇਤਰ ਵਿੱਚ ਨਿਵੇਸ਼ ਲਗਾਤਾਰ ਘਟਦਿਆਂ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ ਯਾਨੀ 8-9 ਫ਼ੀਸਦੀ 'ਤੇ ਆ ਚੁੱਕਾ ਹੈ। ਇਹ ਸਥਿਤੀ ਸੂਬਾਈ ਸਰਕਾਰਾਂ ਦੀ ਆਰਥਿਕ ਗ਼ੈਰ-ਸੰਜੀਦਗੀ ਅਤੇ ਆਰਥਿਕ ਨੀਤੀ ਦੀ ਨਾਕਾਮੀ ਦਾ ਪ੍ਰਮਾਣ ਹੈ। ਜੇਕਰ ਪੰਜਾਬ ਆਪਣਾ ਖੁੱਸਿਆ ਆਰਥਿਕ ਗੌਰਵ ਮੁੜ ਬਹਾਲ ਕਰਨਾ ਚਾਹੁੰਦਾ ਹੈ ਤਾਂ ਵਿੱਤੀ ਨੀਤੀਆਂ ਵਿੱਚ ਤੁਰੰਤ ਵੱਡੇ ਸੁਧਾਰ ਕਰਨੇ ਹੋਣਗੇ। ਸੂਬੇ ਦੇ 'ਟੈਕਸ-ਜੀ ਡੀ ਪੀ ਅਨੁਪਾਤ' ਨੂੰ ਮੌਜੂਦਾ 7-8 ਫ਼ੀਸਦੀ ਤੋਂ ਵਧਾ ਕੇ 12-13 ਫ਼ੀਸਦੀ ਤੱਕ ਲਿਜਾਣਾ ਲਾਜ਼ਮੀ ਹੈ, ਜੋ ਕਿ ਟੈਕਸ ਦੀ ਚੋਰੀ ਰੋਕਣ, ਵਸੂਲੀ ਪ੍ਰਣਾਲੀ ਸੁਧਾਰਨ ਅਤੇ ਨਵੇਂ ਸੁਚੱਜੇ ਟੈਕਸ ਲਗਾਉਣ ਨਾਲ ਹੀ ਸੰਭਵ ਹੈ। ਅਫ਼ਸੋਸ, ਕਿਸੇ ਵੀ ਸਿਆਸੀ ਪਾਰਟੀ ਨੇ ਅਜੇ ਤੱਕ ਇਨ੍ਹਾਂ ਗੰਭੀਰ ਵਿੱਤੀ ਮੁੱਦਿਆਂ ਬਾਰੇ ਆਪਣਾ ਕੋਈ ਏਜੰਡਾ ਪੰਜਾਬੀਆਂ ਨਾਲ ਸਾਂਝਾ ਨਹੀਂ ਕੀਤਾ।

ਸੂਬੇ ਦੇ ਪਿਛਲੇ ਬਜਟਾਂ 'ਤੇ ਨਜ਼ਰ ਮਾਰੀਏ ਤਾਂ ਤਸਵੀਰ ਹੋਰ ਵੀ ਨਿਰਾਸ਼ਾਜਨਕ ਹੈ। ਪੰਜਾਬ ਵੱਲੋਂ ਸਿੱਖਿਆ ਖੇਤਰ ਲਈ ਕੁੱਲ ਬਜਟ ਦਾ ਸਿਰਫ਼ 10-11 ਫ਼ੀਸਦੀ ਰੱਖਿਆ ਜਾਂਦਾ ਰਿਹਾ ਜਦੋਂਕਿ ਦੂਜੇ ਸੂਬਿਆਂ ਦੀ ਔਸਤ 15-16 ਫ਼ੀਸਦੀ ਹੈ। ਸਿਹਤ ਖੇਤਰ ਲਈ ਪੰਜਾਬ ਦੀ ਅਲਾਟਮੈਂਟ 4-5 ਫ਼ੀਸਦੀ ਰਹੀ ਜਦੋਂਕਿ ਰਾਸ਼ਟਰੀ ਔਸਤ 5-6 ਫ਼ੀਸਦੀ ਹੈ। ਪੇਂਡੂ ਵਿਕਾਸ ਲਈ ਸੂਬਾ ਸਿਰਫ਼ 2-3 ਫ਼ੀਸਦੀ ਹਿੱਸਾ ਰੱਖਦਾ ਰਿਹਾ ਜਦੋਂਕਿ ਦੇਸ਼ ਦੀ ਔਸਤ 6-7 ਫ਼ੀਸਦੀ ਸੀ। ਇਸੇ ਤਰ੍ਹਾਂ ਸੜਕਾਂ ਅਤੇ ਪੁਲਾਂ ਦੇ ਨਿਰਮਾਣ ਲਈ ਪੰਜਾਬ ਨੇ ਮਹਿਜ਼ 1-2 ਫ਼ੀਸਦੀ ਬਜਟ ਰੱਖਿਆ ਜਦੋਂਕਿ ਹੋਰਨਾਂ ਸੂਬਿਆਂ ਦੀ ਔਸਤ 4-5 ਫ਼ੀਸਦੀ ਰਹੀ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਹ ਅੰਕੜੇ ਸਿਰਫ਼ ਬਜਟ ਵਿੱਚ ਰੱਖੇ ਗਏ ਪ੍ਰਸਤਾਵਿਤ ਫੰਡਾਂ ਦੇ ਹਨ ਜਦੋਂਕਿ ਅਸਲ ਵਿੱਚ ਖ਼ਰਚ ਕੀਤੀ ਜਾਣ ਵਾਲੀ ਰਕਮ ਇਸ ਤੋਂ ਵੀ ਕਿਤੇ ਘੱਟ ਹੁੰਦੀ ਹੈ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਵਿੱਚ ਮਾਨਵੀ ਵਿਕਾਸ ਅਤੇ ਬੁਨਿਆਦੀ ਢਾਂਚੇ ਜਿਹੇ ਅਹਿਮ ਖੇਤਰਾਂ ਵਿੱਚ ਨਿਵੇਸ਼ ਵਧਾਉਣ ਲਈ ਠੋਸ ਨੀਤੀਗਤ ਸੁਧਾਰਾਂ ਦੀ ਲੋੜ ਹੈ।

ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਗੱਲ ਕਰੀਏ ਤਾਂ ਇਸ ਮਾਮਲੇ ਵਿੱਚ ਸਾਡਾ ਸੂਬਾ ਪੰਜਾਬ, ਕੇਰਲਮ ਅਤੇ ਪੱਛਮੀ ਬੰਗਾਲ ਵਰਗੇ ਰਾਜਾਂ ਦੇ ਨਾਲ ਦੇਸ਼ ਵਿੱਚੋਂ ਮੋਹਰੀ ਬਣ ਚੁੱਕਾ ਹੈ। ਕਿਸੇ ਵੀ ਸੂਬੇ ਦੇ ਕਰਜ਼ੇ ਦੇ ਭਾਰ ਨੂੰ ਮਾਪਣ ਦਾ ਸਹੀ ਪੈਮਾਨਾ 'ਕਰਜ਼ਾ-ਜੀ ਡੀ ਪੀ ਅਨੁਪਾਤ' ਹੁੰਦਾ ਹੈ। ਇਸ ਨਜ਼ਰੀਏ ਤੋਂ ਦੇਖੀਏ ਤਾਂ ਸਾਲ 2001 ਤੋਂ ਪਹਿਲਾਂ ਪੰਜਾਬ ਸਿਰ ਕਰਜ਼ੇ ਦੀ ਦਰ ਕੁੱਲ ਘਰੇਲੂ ਉਤਪਾਦ ਦੇ 40 ਫ਼ੀਸਦੀ ਤੋਂ ਘੱਟ ਹੁੰਦੀ ਸੀ, ਜੋ ਹੁਣ ਚਿੰਤਾਜਨਕ ਹੱਦ ਤੱਕ ਵਧ ਕੇ 47-48 ਫ਼ੀਸਦੀ 'ਤੇ ਪਹੁੰਚ ਚੁੱਕੀ ਹੈ। ਅੰਕੜਿਆਂ ਦੀ ਜ਼ੁਬਾਨੀ ਸਮਝੀਏ ਤਾਂ ਸਾਲ 2001 ਵਿੱਚ ਪੰਜਾਬ ਸਿਰ 30,760 ਕਰੋੜ ਰੁਪਏ ਦਾ ਕਰਜ਼ਾ ਸੀ, ਜੋ ਸਾਲ 2007 ਵਿੱਚ 40,000 ਕਰੋੜ, 2010 ਵਿੱਚ 53,252 ਕਰੋੜ, 2015 ਵਿੱਚ 86,818 ਕਰੋੜ, 2017 ਵਿੱਚ 1,53,773 ਕਰੋੜ ਅਤੇ 2022 ਤੱਕ ਵਧ ਕੇ ਲਗਪਗ 2,82,000 ਕਰੋੜ ਰੁਪਏ ਤੱਕ ਪਹੁੰਚ ਗਿਆ। ਜੇਕਰ ਵਿੱਤੀ ਨੀਤੀਆਂ ਦਾ ਇਹੀ ਰੁਝਾਨ ਜਾਰੀ ਰਿਹਾ ਤਾਂ ਅੰਦਾਜ਼ੇ ਮੁਤਾਬਿਕ 2027 ਦੀਆਂ ਚੋਣਾਂ ਤੱਕ ਇਹ ਕਰਜ਼ਾ 4,50,000 ਕਰੋੜ ਰੁਪਏ ਦੇ ਅੰਕੜੇ ਨੂੰ ਵੀ ਪਾਰ ਕਰ ਜਾਵੇਗਾ। ਅਜਿਹੀ ਨੌਬਤ ਇਸ ਲਈ ਆਈ ਹੈ ਕਿਉਂਕਿ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਸੂਬੇ ਦੀ ਆਮਦਨ ਵਧਾਉਣ ਲਈ ਔਖੇ ਤੇ ਠੋਸ ਫ਼ੈਸਲੇ ਲੈਣ ਦੀ ਬਜਾਏ ਕਰਜ਼ੇ ਦੀ ਪੰਡ ਨੂੰ ਹੋਰ ਭਾਰੀ ਕਰਨਾ ਸੌਖਾ ਸਮਝਿਆ।

ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਵੀ ਸਿਆਸੀ ਧਿਰ ਦੇ ਏਜੰਡੇ ਵਿੱਚ ਇਸ ਭਿਆਨਕ ਕਰਜ਼ੇ ਨੂੰ ਲਾਹੁਣ ਦੀ ਗੱਲ ਤਾਂ ਦੂਰ, ਇਸ ਮੁੱਦੇ 'ਤੇ ਗੰਭੀਰ ਚਰਚਾ ਕਰਨ ਦੀ ਨੀਅਤ ਤੱਕ ਦਿਖਾਈ ਨਹੀਂ ਦਿੰਦੀ। ਨਿਵੇਸ਼ ਦੀ ਵੱਡੀ ਘਾਟ, ਖੇਤੀ ਤੇ ਪੇਂਡੂ ਖੇਤਰਾਂ ਦਾ ਡੂੰਘਾ ਸੰਕਟ, ਪੜ੍ਹੇ-ਲਿਖੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਅਤੇ ਸੂਬੇ ਸਿਰ ਚੜ੍ਹਿਆ ਅਥਾਹ ਕਰਜ਼ਾ ਇਹ ਸਪੱਸ਼ਟ ਕਰਦਾ ਹੈ ਕਿ ਮੌਜੂਦਾ ਸਰਕਾਰ ਸਮੇਤ ਪਿਛਲੀਆਂ ਸਰਕਾਰਾਂ ਨੇ ਵੀ ਪੰਜਾਬ ਨੂੰ ਇਸ ਆਰਥਿਕ ਦਲਦਲ ਵਿੱਚੋਂ ਕੱਢਣ ਲਈ ਕੋਈ ਸੁਹਿਰਦ ਅਤੇ ਦੂਰਅੰਦੇਸ਼ ਉਪਰਾਲੇ ਨਹੀਂ ਕੀਤੇ। ਇਸ ਦੇ ਉਲਟ, ਚੋਣ ਰਾਜਨੀਤੀ ਨੇ ਇਸ ਸੰਕਟ ਨੂੰ ਹੋਰ ਗੁੰਝਲਦਾਰ ਅਤੇ ਗਹਿਰਾ ਕੀਤਾ ਹੈ। ਹੁਣ ਪੰਜਾਬ ਦੇ ਸੁਚੇਤ ਲੋਕ ਇਹ ਚਾਹੁੰਦੇ ਹਨ ਕਿ ਹੋਰ ਦੇਰੀ ਕੀਤੇ ਬਿਨਾਂ ਸਾਰੀਆਂ ਸਿਆਸੀ ਪਾਰਟੀਆਂ ਚਿੱਕੜ-ਉਛਾਲੀ ਦੀ ਰਵਾਇਤੀ ਸਿਆਸਤ ਤੋਂ ਉੱਪਰ ਉੱਠਣ। ਉਹ ਪੰਜਾਬੀਆਂ ਨੂੰ ਸਪੱਸ਼ਟ ਦੱਸਣ ਕਿ ਸੂਬੇ ਨੂੰ ਇਸ ਆਰਥਿਕ ਸੰਕਟ ਵਿੱਚੋਂ ਕਿਵੇਂ ਕੱਢਣਗੀਆਂ, ਨਿਵੇਸ਼ ਵਧਾਉਣ ਲਈ ਉਨ੍ਹਾਂ ਕੋਲ ਕੀ ਵਿਉਂਤਬੰਦੀ ਹੈ ਅਤੇ ਕਰਜ਼ੇ ਦੇ ਭਾਰ ਨੂੰ ਕਿਵੇਂ ਘੱਟ ਕੀਤਾ ਜਾਵੇਗਾ? ਸਿਆਸੀ ਪਾਰਟੀਆਂ ਨੂੰ ਆਪਣਾ ਅਸਲ ਏਜੰਡਾ, ਨੀਤੀਆਂ ਅਤੇ ਤਰਜੀਹਾਂ ਜਨਤਕ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਪੰਜਾਬ ਦੇ ਲੋਕ ਆਉਣ ਵਾਲੀਆਂ ਚੋਣਾਂ ਵਿੱਚ ਤਰਕ ਅਤੇ ਸੂਝ-ਬੂਝ ਨਾਲ ਆਪਣੇ ਭਵਿੱਖ ਦਾ ਸਹੀ ਫ਼ੈਸਲਾ ਕਰ ਸਕਣ।

ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਗੱਲ ਕਰੀਏ ਤਾਂ ਇਸ ਮਾਮਲੇ ਵਿੱਚ ਸਾਡਾ ਸੂਬਾ ਪੰਜਾਬ, ਕੇਰਲਮ ਅਤੇ ਪੱਛਮੀ ਬੰਗਾਲ ਵਰਗੇ ਰਾਜਾਂ ਦੇ ਨਾਲ ਦੇਸ਼ ਵਿੱਚੋਂ ਮੋਹਰੀ ਬਣ ਚੁੱਕਾ ਹੈ। ਕਿਸੇ ਵੀ ਸੂਬੇ ਦੇ ਕਰਜ਼ੇ ਦੇ ਭਾਰ ਨੂੰ ਮਾਪਣ ਦਾ ਸਹੀ ਪੈਮਾਨਾ 'ਕਰਜ਼ਾ-ਜੀ ਡੀ ਪੀ ਅਨੁਪਾਤ' ਹੁੰਦਾ ਹੈ। ਇਸ ਨਜ਼ਰੀਏ ਤੋਂ ਦੇਖੀਏ ਤਾਂ ਸਾਲ 2001 ਤੋਂ ਪਹਿਲਾਂ ਪੰਜਾਬ ਸਿਰ ਕਰਜ਼ੇ ਦੀ ਦਰ ਕੁੱਲ ਘਰੇਲੂ ਉਤਪਾਦ ਦੇ 40 ਫ਼ੀਸਦੀ ਤੋਂ ਘੱਟ ਹੁੰਦੀ ਸੀ, ਜੋ ਹੁਣ ਚਿੰਤਾਜਨਕ ਹੱਦ ਤੱਕ ਵਧ ਕੇ 47-48 ਫ਼ੀਸਦੀ 'ਤੇ ਪਹੁੰਚ ਚੁੱਕੀ ਹੈ। ਅੰਕੜਿਆਂ ਦੀ ਜ਼ੁਬਾਨੀ ਸਮਝੀਏ ਤਾਂ ਸਾਲ 2001 ਵਿੱਚ ਪੰਜਾਬ ਸਿਰ 30,760 ਕਰੋੜ ਰੁਪਏ ਦਾ ਕਰਜ਼ਾ ਸੀ, ਜੋ ਸਾਲ 2007 ਵਿੱਚ 40,000 ਕਰੋੜ, 2010 ਵਿੱਚ 53,252 ਕਰੋੜ, 2015 ਵਿੱਚ 86,818 ਕਰੋੜ, 2017 ਵਿੱਚ 1,53,773 ਕਰੋੜ ਅਤੇ 2022 ਤੱਕ ਵਧ ਕੇ ਲਗਪਗ 2,82,000 ਕਰੋੜ ਰੁਪਏ ਤੱਕ ਪਹੁੰਚ ਗਿਆ।
ਨਿਵੇਸ਼ ਦੇ ਮੁੱਦੇ ਦੀ ਗੱਲ ਕਰੀਏ ਤਾਂ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਬੁਨਿਆਦੀ ਢਾਂਚੇ ਵਿੱਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਸੂਬੇ ਵਿੱਚ 'ਨਿਵੇਸ਼ ਜੀ ਡੀ ਪੀ ਅਨੁਪਾਤ' 20 ਫ਼ੀਸਦੀ ਤੋਂ ਵੀ ਘੱਟ ਹੈ, ਜੋ ਦੇਸ਼ ਦੇ ਪ੍ਰਮੁੱਖ ਸੂਬਿਆਂ ਅਤੇ ਰਾਸ਼ਟਰੀ ਔਸਤ ਦੇ ਮੁਕਾਬਲੇ ਕਾਫ਼ੀ ਘੱਟ ਹੈ। ਪੰਜਾਬ ਨੂੰ ਰਾਸ਼ਟਰੀ ਪੱਧਰ ਦੇ ਬਰਾਬਰ ਲਿਆਉਣ ਲਈ ਸਾਲਾਨਾ 10,000 ਤੋਂ 20,000 ਕਰੋੜ ਰੁਪਏ ਦੇ ਵਾਧੂ ਨਿਵੇਸ਼ ਦੀ ਤੁਰੰਤ ਲੋੜ ਹੈ।

# ਵਫ਼ਾਦਾਰੀਆਂ ਤੇ ਦਲ ਬਦਲੀਆਂ ਦੀ ਸਿਆਸਤ

ਦਰਸ਼ਨ ਸਿੰਘ ਰਿਆੜ
ਸੰਪਰਕ: 93163-11677




ਰਾਜਨੀਤਕ ਦਲ ਲੋਕਰਾਜ ਦਾ ਮੁੱਢਲਾ ਥੰਮ੍ਹ ਹਨ। ਉਂਜ ਤਾਂ ਆਜ਼ਾਦ ਮੈਂਬਰ ਵੀ ਚੋਣਾਂ ਲੜਨ ਦੇ ਪੂਰੀ ਤਰ੍ਹਾਂ ਯੋਗ ਹੁੰਦੇ ਹਨ, ਪਰ ਜਦੋਂ ਸੱਤਾ ਦੀ ਗੱਲ ਆਉਂਦੀ ਹੈ ਤਾਂ ਕਿਸੇ ਨਾ ਕਿਸੇ ਰਾਜਨੀਤਕ ਗਰੁੱਪ, ਸੰਗਠਨ ਜਾਂ ਦਲ ਦੀ ਲੋੜ ਪੈਂਦੀ ਹੈ। ਲੋੜੀਂਦਾ ਬਹੁਮਤ ਪ੍ਰਾਪਤ ਕਰਨ ਵਾਲਾ ਦਲ ਹੀ ਆਪਣੇ ਨੇਤਾ ਦੀ ਅਗਵਾਈ ਵਿੱਚ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਦਾ ਹੈ ਤੇ ਫਿਰ ਦੇਸ਼ ਦਾ ਮੁਖੀ ਚਾਹੇ ਉਹ ਰਾਸ਼ਟਰਪਤੀ ਹੋਵੇ ਜਾਂ ਕੋਈ ਵੀ ਹੋਰ ਬਰਾਬਰ ਦਾ ਅਹੁਦੇਦਾਰ ਹੀ ਸਬੰਧਿਤ ਨੇਤਾ ਨੂੰ ਸਰਕਾਰ ਬਣਾਉਣ ਦਾ ਆਦੇਸ਼ ਦਿੰਦਾ ਹੈ।

ਸਾਡਾ ਦੇਸ਼ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਤੇ ਇੱਥੇ ਅਕਸਰ ਕਿਸੇ ਨਾ ਕਿਸੇ ਰਾਜ ਵਿੱਚ ਵਿਧਾਨ ਸਭਾ ਲਈ ਚੋਣਾਂ ਜਾਂ ਉਪ ਚੋਣਾਂ ਹੁੰਦੀਆਂ ਹੀ ਰਹਿੰਦੀਆਂ ਹਨ। ਹਰ ਪੰਜ ਸਾਲ ਬਾਅਦ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਦੀਆਂ ਚੋਣਾਂ ਤੇ ਇੰਜ ਹੀ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੁੰਦੀਆਂ ਹਨ। ਹੇਠਲੇ ਪੱਧਰ 'ਤੇ ਸਥਾਨਕ ਸਰਕਾਰਾਂ ਜਿਨ੍ਹਾਂ ਵਿੱਚ ਪੰਚਾਇਤਾਂ, ਮਿਉਂਸਿਪਲ ਕਮੇਟੀਆਂ ਤੇ ਕਾਰਪੋਰੇਸ਼ਨਾਂ ਦੀਆਂ ਚੋਣਾਂ ਵੀ ਆਈਆਂ ਹੀ ਰਹਿੰਦੀਆਂ ਹਨ। ਲੋਕਰਾਜ ਕਿਉਂਕਿ ਲੋਕਾਂ ਦਾ ਰਾਜ ਕਹਾਉਂਦਾ ਹੈ ਤੇ ਇਨ੍ਹਾਂ ਸਾਰੇ ਨੁਮਾਇੰਦਿਆਂ ਦੀ ਚੋਣ ਦੇਸ਼ ਦੇ ਸਬੰਧਿਤ ਬਾਲਗ ਵੋਟਰਾਂ ਦੁਆਰਾ ਹੀ ਹੁੰਦੀ ਹੈ। ਹਰੇਕ ਵੋਟ ਦੀ ਬੜੀ ਅਹਿਮੀਅਤ ਹੁੰਦੀ ਹੈ, ਜਿਸ ਵੋਟ ਨਾਲ ਪ੍ਰਾਂਤ ਜਾਂ ਦੇਸ਼ ਦੀ ਸਰਕਾਰ ਚੁਣਨੀ ਹੋਵੇ, ਉਹਦੀ ਮਹੱਤਤਾ ਵੀ ਤਾਂ ਹੋਵੇਗੀ ਹੀ। ਅਬਾਦੀ ਜ਼ਿਆਦਾ ਹੋਣ ਕਾਰਨ ਸਾਡੇ ਦੇਸ਼ ਦੇ ਵੋਟਰਾਂ ਦੀ ਸੰਖਿਆ ਵੀ ਬਹੁਤ ਵੱਡੀ ਹੈ। ਅਕਸਰ ਹਰ ਸਾਲ ਜਨਵਰੀ ਦੇ ਮਹੀਨੇ ਵੋਟਰ ਸੂਚੀਆਂ ਵਿੱਚ ਸੋਧ ਵੀ ਹੁੰਦੀ ਰਹਿੰਦੀ ਹੈ ਤਾਂ ਕਿ ਕੋਈ ਵੀ ਬਾਲਗ ਆਪਣੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ। ਜਿਵੇਂ ਜਿਵੇਂ ਸਮਾਂ ਬੀਤ ਰਿਹਾ ਹੈ ਰਾਜਨੀਤਕ ਪਾਰਟੀਆਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਕਾਫ਼ੀ ਸਮਾਂ ਤਾਂ ਮੁੱਖ ਪਾਰਟੀਆਂ ਦੇ ਉਮੀਦਵਾਰ ਲਗਾਤਾਰ ਚੋਣਾਂ ਜਿੱਤ ਕੇ ਲੋਕ ਸਭਾ ਤੇ ਵਿਧਾਨ ਸਭਾਵਾਂ ਵਿੱਚ ਪਹੁੰਚ ਜਾਂਦੇ ਰਹੇ ਸਨ, ਪਰ ਹੁਣ ਜਾਗਰੂਕਤਾ ਆਉਣ ਨਾਲ ਤੇ ਸੱਤਾ ਸੁੱਖ ਭੋਗਣ ਤੇ ਵੇਖਣ ਨਾਲ ਰਾਜਸੀ ਲੋਕਾਂ ਵਿੱਚ ਰਾਜਨੀਤੀ ਵਿੱਚ ਪੈਰ ਪਸਾਰਨ ਦੀ ਹੋੜ ਜਿਹੀ ਲੱਗ ਗਈ ਹੈ। ਹਾਲਾਂਕਿ ਸੁਲਝੇ ਹੋਏ ਤੇ ਵਿਦਵਾਨ ਲੋਕ ਰਾਜਨੀਤੀ ਤੋਂ ਕੰਨੀ ਕਤਰਾਉਂਦੇ ਰਹੇ ਹਨ। ਦੇਸ਼ ਆਜ਼ਾਦ ਹੋਣ ਉਪਰੰਤ ਰਾਜਨੀਤੀ ਦੇ ਮੈਦਾਨ ਵਿੱਚ ਆਉਣ ਵਾਲੇ ਜ਼ਿਆਦਾ ਨੇਤਾ ਆਜ਼ਾਦੀ ਘੁਲਾਟੀਏ ਤੇ ਦੇਸ਼ ਭਗਤ ਸਨ। ਉਦੋਂ ਉਨ੍ਹਾਂ ਨੇਤਾਵਾਂ ਦੇ ਮਨਾਂ ਵਿੱਚ ਦੇਸ਼ ਸੇਵਾ ਤੇ ਦੇਸ਼ ਲਈ ਕੁਝ ਕਰ ਗੁਜ਼ਰਨ ਦੀ ਚਾਹਤ ਤੇ ਪੀੜ ਵੀ ਹੁੰਦੀ ਸੀ।

ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਹੀ ਸਾਡੇ ਦੇਸ਼ ਦੇ ਰਾਜਨੀਤਕ ਨੇਤਾਵਾਂ ਨੇ ਇੱਕ ਦੂਜੇ ਰਾਜਨੀਤਕ ਦਲ ਵਿੱਚ ਛੜੱਪੇ ਲਗਾ ਕੇ ਆਪਣੇ ਮਨਾਂ ਤੇ ਸੋਚ ਵਿੱਚ ਆਏ ਨਿਘਾਰ ਦਾ ਸਬੂਤ ਦੇਣਾ ਸ਼ੁਰੂ ਕਰ ਦਿੱਤਾ ਸੀ। ਹਰਿਆਣਾ ਦੇ ਇੱਕ ਨੇਤਾ ਨੇ ਉਦੋਂ ਇੱਕ ਹੀ ਦਿਨ ਵਿੱਚ ਤਿੰਨ ਵਾਰ ਆਪਣੀ ਰਾਜਨੀਤਕ ਪਾਰਟੀ ਬਦਲੀ ਸੀ। ਉਸ ਦੇ ਨਾਮ ਕਾਰਨ ਹੀ ਉਦੋਂ 'ਆਇਆ ਰਾਮ ਤੇ ਗਿਆ ਰਾਮ' ਨਾਮ ਦੀ ਕਹਾਵਤ ਮਸ਼ਹੂਰ ਹੋ ਗਈ ਸੀ। ਫਿਰ ਹਰਿਆਣਾ ਦੇ ਹੀ ਉੱਘੇ ਨੇਤਾ ਚੌਧਰੀ ਭਜਨ ਲਾਲ ਨੇ ਆਪਣੇ ਜਨਤਾ ਦਲ ਦੇ ਮੈਂਬਰਾਂ ਦੀ ਵੱਡੀ ਗਿਣਤੀ ਨਾਲ ਸਮੂਹਿਕ ਦਲ ਬਦਲੀ ਕਰਕੇ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕਰਕੇ ਆਪਣੀ ਸਰਕਾਰ ਕਾਇਮ ਰੱਖੀ ਸੀ। ਸੱਤਾ ਦਾ ਲਾਲਚ ਰਾਜਨੀਤਕ ਨੇਤਾਵਾਂ ਦੀ ਕਮਜ਼ੋਰੀ ਬਣ ਜਾਂਦਾ ਹੈ। ਜਦੋਂ ਕਮਜ਼ੋਰੀ ਜਾਂ ਲਾਲਚ ਪੈਦਾ ਹੋ ਜਾਵੇ ਫਿਰ ਵਫ਼ਾਦਾਰੀਆਂ ਤੇ ਨੈਤਿਕਤਾ ਕੌਣ ਯਾਦ ਰੱਖਦਾ ਹੈ? ਖੈਰ! ਆਜ਼ਾਦੀ ਬਹੁਤ ਮਹਾਨ ਆਦਰਸ਼ ਹੁੰਦੀ ਹੈ। ਫਿਰ ਸਾਡਾ ਸੰਵਿਧਾਨ ਹਰੇਕ ਨਾਗਰਿਕ ਨੂੰ ਕੋਈ ਵੀ ਧਰਮ ਗ੍ਰਹਿਣ ਕਰਨ ਤੇ ਰਾਜਨੀਤਕ ਦਲ ਵਿੱਚ ਸ਼ਾਮਲ ਹੋਣ ਜਾਂ ਨਵਾਂ ਦਲ ਬਣਾਉਣ ਦੀ ਆਗਿਆ ਦਿੰਦਾ ਹੈ, ਪਰ ਹਰੇਕ ਆਜ਼ਾਦੀ ਦੇ ਨਾਲ ਨਾਲ ਅਧਿਕਾਰ ਤੇ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ। ਸਾਡੇ ਰਾਜਨੇਤਾ ਅਧਿਕਾਰਾਂ ਬਾਰੇ ਤਾਂ ਬਹੁਤ ਜਾਗਰੂਕ ਹੁੰਦੇ ਹਨ, ਪਰ ਜ਼ਿੰਮੇਵਾਰੀਆਂ ਪੱਖੋਂ ਊਣੇ ਰਹਿੰਦੇ ਹਨ। ਇਸੇ ਕਾਰਨ ਨੈਤਿਕ ਨਿਘਾਰ ਪੈਦਾ ਹੁੰਦਾ ਹੈ।

ਨੇਤਾ ਕੋਈ ਛੋਟਾ ਲਫ਼ਜ਼ ਨਹੀਂ ਹੁੰਦਾ। ਕਿਸੇ ਗਰੁੱਪ ਦੀ ਅਗਵਾਈ ਤਾਂ ਕੀ ਇੱਕ ਘਰ ਦੀ ਕਮਾਨ ਸਾਂਭਣੀ ਹੀ ਬੜੀ ਮਹੱਤਵਪੂਰਨ ਹੁੰਦੀ ਹੈ। ਫਿਰ ਇੱਕ ਹਲਕਾ, ਇੱਕ ਪ੍ਰਾਂਤ ਤੇ ਇੱਕ ਦੇਸ਼! ਨੇਤਾ ਭਾਵ ਨੇਮ ਅਥਵਾ ਸਹੁੰ ਚੁੱਕ ਕੇ ਆਪਣੇ ਆਦਰਸ਼ ਦੀ ਪ੍ਰਾਪਤੀ ਵਾਲਾ ਤੇ 'ਤਾ' ਤੋਂ ਭਾਵ ਤਿਆਗੀ, ਜਿਹੜਾ ਸਭ ਮੋਹ ਮਾਇਆ ਦੇ ਜੰਜਾਲ ਤੋਂ ਤਿਆਗ ਪ੍ਰਾਪਤ ਕਰਕੇ ਕੇਵਲ ਤੇ ਕੇਵਲ ਆਪਣੇ ਦੇਸ਼, ਪ੍ਰਾਂਤ ਤੇ ਫਰਜ਼ ਪ੍ਰਤੀ ਹੀ ਸੋਚੇ ਤੇ ਸਮਰਪਿਤ ਹੋਵੇ, ਉਸ ਨੂੰ ਨੇਤਾ ਕਿਹਾ ਜਾਂਦਾ ਹੈ। ਅੱਗੇ ਤੁਸੀਂ ਆਪ ਹੀ ਸੋਚ ਲਓ ਕਿ ਸਾਡੇ ਨੇਤਾ ਕਿੱਥੇ ਕੁ ਖਰੇ ਉਤਰਦੇ ਹਨ। ਮਨੁੱਖ ਇਸ ਬ੍ਰਹਿਮੰਡ ਦਾ ਸਭ ਤੋਂ ਉੱਤਮ ਜੀਵ ਹੈ। ਸਾਰੇ ਦਾ ਸਾਰਾ ਬ੍ਰਹਿਮੰਡ ਹੈ ਵੀ ਨਾਸ਼ਵਾਨ। ਸਾਰੇ ਗੁਰੂ, ਪੀਰ ਤੇ ਰਹਿਬਰ ਇਸੇ ਸਚਾਈ ਦਾ ਢੰਡੋਰਾ ਪਿੱਟਦੇ ਰਹੇ ਹਨ। ਉਨ੍ਹਾਂ ਨੇ ਕਦੇ ਵੀ ਲਾਲਚ ਨਾਲ ਭੰਡਾਰ ਭਰਨ ਦੀ ਚਾਹਨਾਂ ਨਹੀਂ ਦਰਸਾਈ। ਵਿਗਿਆਨ ਮਨੁੱਖ ਨੂੰ ਨਵੀਆਂ ਨਵੀਆਂ ਤਕਨੀਕਾਂ ਤੇ ਖੋਜਾਂ ਰਾਹੀਂ ਜ਼ਿੰਦਗੀ ਨੂੰ ਸੁਖੀ ਤੇ ਖ਼ੁਸ਼ਹਾਲ ਬਣਾਉਣ ਦੀਆਂ ਵਿਉਂਤਾਂ ਦਰਸਾਉਂਦਾ ਰਹਿੰਦਾ ਹੈ, ਪਰ ਮਨੁੱਖ ਖ਼ੁਸ਼ੀ ਨੂੰ ਸੰਭਾਲਣ ਤੇ ਖ਼ੁਸ਼ ਹੋਣ ਦੀ ਬਜਾਏ ਆਪਣੀਆਂ ਪੁਸ਼ਤਾਂ ਲਈ ਜੋੜਨ ਤੇ ਜਮ੍ਹਾਂ ਕਰਨ ਵਿੱਚ ਲੱਗ ਜਾਂਦਾ ਹੈ। ਸਭ ਕੁਝ ਜਾਣਦਾ ਹੋਇਆ ਵੀ ਮਨੁੱਖ ਇਹ ਸਚਾਈ ਭੁੱਲ ਜਾਂਦਾ ਹੈ ਕਿ ਉਸ ਨੇ ਇੱਥੇ ਇੱਕ ਸੀਮਤ ਸਮੇਂ ਲਈ ਹੀ ਰਹਿਣਾ ਹੈ। ਅੱਗੇ ਪਿੱਛੇ ਵੱਲ ਝਾਤੀ ਮਾਰ ਕੇ ਵੇਖੀਏ ਕਿ ਸਾਡੇ ਤੋਂ ਪਹਿਲਾਂ ਕਿੰਨੇ ਲੋਕ ਇੱਥੇ ਆਏ ਤੇ ਤੁਰ ਗਏ। ਕਿੰਨਿਆਂ ਨੇ ਲਾਲਚ, ਹੰਕਾਰ, ਈਰਖਾ, ਚੋਰੀਆਂ, ਡਾਕੇ ਮਾਰੇ ਤੇ ਕਤਲੋਗਾਰਤ ਫੈਲਾਈ, ਪਰ ਆਪ ਵੀ ਭੰਗ ਦੇ ਭਾੜੇ ਗਏ। ਨਾ ਕੋਈ ਟਿਕ ਸਕਿਆ ਨਾ ਕਿਸੇ ਨੇ ਟਿਕ ਸਕਣਾ ਹੈ। ਇਹ ਤਾਂ ਚਲੋ ਚਲੀ ਦਾ ਮੇਲਾ ਹੈ। ਫਿਰ ਭਾਈ ਜੀਓ ਤੇ ਜਿਉਣ ਦਿਓ ਦੀ ਨੀਤੀ ਨਾਲ ਇਸ ਰੰਗੀਲੇ ਜੀਵਨ ਨੂੰ ਕੁਰਹਿਤਾਂ ਰਹਿਤ ਰੰਗੀਨ ਬਣਾ ਕਿ ਕਿਉਂ ਨਾ ਜੀਵਿਆ ਜਾਵੇ। ਵੈਸੇ ਵੀ ਗੁਰਬਾਣੀ ਮਨੁੱਖ ਨੂੰ ਬਹੁਤ ਸੁਚੱਜੀ ਸੇਧ ਦਿੰਦੀ ਹੈ ਕਿ ਧਨ ਮਾਲ ਦੇ ਇਕੱਠੇ ਕਰਨ ਦਾ ਕੀ ਲਾਭ ਜਿਸ ਨੇ ਇਨਸਾਨ ਦਾ ਸਾਥ ਨਹੀਂ ਨਿਭਾਉਣਾ? ਜੇ ਸਿਕੰਦਰ ਨਹੀਂ ਰਿਹਾ, ਜਿਸ ਨੇ ਦੁਨੀਆ ਜਿੱਤਣ ਦੇ ਸੁਪਨੇ ਲਏ ਸਨ, ਸਾਧਨ ਵੀ ਮੌਜੂਦ ਸਨ, ਪਰ ਆਖ਼ਰ ਖਾਲੀ ਹੱਥ ਕਫ਼ਨ ਵਿੱਚੋਂ ਬਾਹਰ ਕੱਢਣ ਦਾ ਸੰਦੇਸ਼ ਦੇ ਕੇ ਲੋਕਾਂ ਨੂੰ ਚੌਕਸ ਕਰ ਗਿਆ, ਪਰ ਸਮਝਦਾ ਕੌਣ ਹੈ? ਕਿਸੇ ਦੇ ਸਸਕਾਰ ਸਮੇਂ ਸ਼ਮਸ਼ਾਨਘਾਟ ਜਾਣ ਵਾਲੇ ਸਸਕਾਰ ਹੋਣ ਤੱਕ ਜ਼ਰੂਰ ਭੈਅਭੀਤ ਹੁੰਦੇ ਹਨ, ਪਰ ਝੱਟ ਕੁ ਬਾਅਦ ਘਰ ਵੱਲ ਪਰਤਦੇ ਸਮੇਂ ਕਦੇ ਨਹੀਂ ਸੋਚਦੇ ਕਿ ਇੱਕ ਦਿਨ ਸਭ ਨੂੰ ਇੱਥੇ ਹੀ ਆਉਣਾ ਪੈਣਾ ਹੈ।

ਮੁੱਕਦੀ ਗੱਲ ਰਾਜਨੀਤਕ ਦਲ ਬਣਾਉਣੇ ਜਾਂ ਬਦਲਣੇ ਲੋਕਰਾਜ ਦੀ ਸਫਲਤਾ ਲਈ ਮਾੜੇ ਨਹੀਂ ਹਨ, ਪਰ ਉਹ ਸਵਾਰਥ ਰਹਿਤ ਬਦਲੇ ਤੇ ਬਣਾਏ ਜਾਣ। ਹਰ ਨੇਤਾ, ਹਰ ਨਾਗਰਿਕ ਆਪਣੀ ਆਜ਼ਾਦੀ ਦਾ ਲਾਭ ਜ਼ਰੂਰ ਲਵੇ, ਪਰ ਦੂਜਿਆਂ ਦੀ ਆਜ਼ਾਦੀ ਦਾ ਵੀ ਖ਼ਿਆਲ ਜ਼ਰੂਰ ਰੱਖੇ। ਨੈਤਿਕ ਕਦਰਾਂ ਕੀਮਤਾਂ ਦੀ ਪਾਲਣਾ ਕਰਨਾ ਵੀ ਓਨਾ ਹੀ ਜ਼ਰੂਰੀ ਹੈ ਜਿੰਨਾ ਕਿ ਸਰੀਰ ਨੂੰ ਜਿੰਦਾ ਰੱਖਣ ਲਈ ਖੁਰਾਕ। ਦੇਸ਼ ਦੀ ਸੰਸਦ ਨੇ ਬੜਾ ਸੋਹਣਾ ਦਲ ਬਦਲੀ ਕਾਨੂੰਨ ਵੀ ਬਣਾਇਆ ਹੋਇਆ ਹੈ। ਉਹਦੀ ਭਾਵਨਾ ਅਨੁਸਾਰ ਵੀ ਖ਼ੁਦ ਨੂੰ ਢਾਲ ਲਿਆ ਜਾਵੇ ਤਾਂ ਬਿਹਤਰ ਹੈ। ਨੈਤਿਕ ਜ਼ਿੰਮੇਵਾਰੀ ਤਾਂ ਇਹੀ ਕਹਿੰਦੀ ਹੈ ਕਿ ਜੇ ਵਫ਼ਾਦਾਰੀ ਬਦਲਣੀ ਹੈ ਤਾਂ ਅਸਤੀਫ਼ਾ ਦੇ ਕੇ ਬਦਲੀ ਜਾਵੇ ਤਾਂ ਹੀ ਸੋਭਦੀ ਹੈ। ਵਫ਼ਾਦਾਰੀਆਂ ਬਦਲਣਾ ਕੋਈ ਬਹੁਤਾ ਚੰਗਾ ਕਰਮ ਨਹੀਂ ਹੁੰਦਾ। ਫਿਰ ਵੀ ਜੇ ਇਨਸਾਨ ਦੇ ਵਿਚਾਰ ਤੇ ਵਿਚਾਰਧਾਰਾ ਬਦਲਦੀ ਹੈ ਤਾਂ ਨਵੀਂ ਵਿਚਾਰਧਾਰਾ ਗ੍ਰਹਿਣ ਕਰਨ ਤੋਂ ਪਹਿਲਾਂ ਪੁਰਾਣੀ ਤੋਂ ਅਸਤੀਫ਼ਾ ਦੇ ਕੇ ਨੈਤਿਕ ਤੌਰ 'ਤੇ ਨੇਤਾ ਲੋਕਾਂ ਲਈ ਬੜਾ ਜ਼ਰੂਰੀ ਹੈ।

ਨਵੇਂ ਪਲੇਟਫਾਰਮ ਵਾਲਿਆਂ ਨੂੰ ਵੀ ਪੈਰਾਸ਼ੂਟ ਰਾਹੀਂ ਆਏ ਮਹਿਮਾਨਾਂ ਲਈ ਪਰਖ ਦਾ ਸਮਾਂ ਰੱਖਣਾ ਵੀ ਲੋਕਰਾਜ ਦੀ ਸਫਲਤਾ ਲਈ ਬੜਾ ਅਹਿਮ ਹੈ, ਪਰ ਕਾਹਲੀ ਵਿੱਚ ਕੋਈ ਵੀ ਪਰਵਾਹ ਨਹੀਂ ਕਰਦਾ। ਹਾਲਾਂਕਿ ਕਾਹਲੀ ਅੱਗੇ ਹਮੇਸ਼ਾਂ ਟੋਏ ਹੁੰਦੇ ਹਨ। ਨੈਤਿਕ ਕਦਰਾਂ ਕੀਮਤਾਂ ਹੀ ਤਾਂ ਮਨੁੱਖ ਮਾਤਰ ਦਾ ਅਸਲ ਗਹਿਣਾ ਹੁੰਦੀਆਂ ਹਨ। ਸਿਆਣੇ ਕਹਿੰਦੇ ਹਨ, 'ਲਾਲਚ ਬੁਰੀ ਬਲਾ ਹੈ'। ਵਰਨਾ ਟਰੰਪ ਸਾਹਿਬ ਤਾਂ ਰੋਜ਼ ਕੈਨੇਡਾ ਨੂੰ ਆਪਣੀ 51ਵੀਂ ਸਟੇਟ ਬਣਾਉਣ ਦੇ ਸੁਪਨੇ ਲੈਂਦੇ ਰਹਿੰਦੇ ਹਨ।

ਲਿਖਤ : ਜਗਜੀਤ ਸਿੰਘ

# ਨਸ਼ਾ ਤਸਕਰਾਂ ਦਾ ਮੱਕੜਜਾਲ

ਫਿਲੌਰ ਸਥਿਤ ਪੰਜਾਬ ਪੁਲਿਸ ਅਕੈਡਮੀ ਉਹ ਸੰਸਥਾ ਹੈ ਜਿੱਥੋਂ ਪੁਲਿਸ ਕਰਮਚਾਰੀ ਤੇ ਅਧਿਕਾਰੀ ਬਾਕਾਇਦਾ ਪੇਸ਼ੇਵਰ ਸਿਖਲਾਈ ਲੈਂਦੇ ਹਨ। ਇੱਥੇ 'ਅਪਰ' ਦਾ ਕੋਰਸ ਕੀਤੇ ਬਗੈਰ ਕਿਸੇ ਵੀ ਪੁਲਿਸ ਮੁਲਾਜ਼ਮ ਨੂੰ ਆਪਣੀਆਂ ਸਰਕਾਰੀ ਸੇਵਾਵਾਂ 'ਚ ਤਰੱਕੀ ਨਹੀਂ ਮਿਲਦੀ। ਇਸ ਅਕੈਡਮੀ ਅੰਦਰ ਨਸ਼ਿਆਂ ਦੀ ਵਿਕਰੀ ਦਾ ਵੱਡੇ ਪੱਧਰ 'ਤੇ ਕਾਰੋਬਾਰ ਚੱਲਣਾ ਆਪਣੇ-ਆਪ 'ਚ ਸ਼ਰਮਨਾਕ ਹੈ। ਪੁਲਿਸ ਦੇ ਕਈ ਜਵਾਨਾਂ ਨੂੰ ਮੁਅੱਤਲ ਵੀ ਕੀਤਾ ਜਾ ਚੁੱਕਾ ਹੈ। ਇਨ੍ਹਾਂ ਹੀ ਜਵਾਨਾਂ ਨੇ ਪੰਜਾਬ ਦੇ ਕੋਨੇ-ਕੋਨੇ 'ਚ ਜਾ ਕੇ ਤਸਕਰਾਂ ਤੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਅਪਰਾਧੀਆਂ ਨੂੰ ਫੜਨਾ ਹੈ ਪਰ ਜੇ 'ਵਾੜ ਹੀ ਖੇਤ ਨੂੰ ਖਾਣ ਲੱਗ ਪਵੇ', ਫਿਰ ਤਸਕਰਾਂ ਨੂੰ ਕਾਹਦੀ ਚਿੰਤਾ? ਇਸ ਵੇਲੇ ਪੰਜਾਬ ਦੇ ਨੌਜਵਾਨਾਂ 'ਚ ਨਸ਼ਿਆਂ ਦੀ ਲਤ ਦੀ ਸਮੱਸਿਆ ਵੱਡੇ ਪੱਧਰ 'ਤੇ ਪਾਈ ਜਾ ਰਹੀ ਹੈ। ਚਿੰਤਾ ਤਾਂ ਇਹ ਹੈ ਕਿ ਨਸ਼ਿਆਂ ਦੇ ਪੀੜਤ ਨੌਜਵਾਨਾਂ ਦੀ ਗਿਣਤੀ 'ਚ ਨਿੱਤ ਵਾਧਾ ਹੁੰਦਾ ਜਾ ਰਿਹਾ ਹੈ। ਹਰ ਦੂਜੇ-ਤੀਜੇ ਦਿਨ ਕਿਸੇ ਨੌਜਵਾਨ ਦੀ ਓਵਰਡੋਜ਼ ਨਾਲ ਮੌਤ ਹੋਣ ਦੀ ਮਾੜੀ ਖ਼ਬਰ ਆ ਜਾਂਦੀ ਹੈ। ਹੁਣ ਤਾਂ ਤਸਕਰਾਂ ਨੇ ਔਰਤਾਂ ਤੇ ਬੱਚਿਆਂ ਤਕ ਤੋਂ ਵੀ ਆਪਣੇ ਮਾੜੇ ਕੰਮਾਂ 'ਚ ਸ਼ਿਰਕਤ ਕਰਵਾਉਣੀ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਕੈਡਮੀ ਫਿਲੌਰ 'ਚ ਵੀ ਨਸ਼ਿਆਂ ਦੀ ਸਪਲਾਈ ਕਰਨ ਵਾਲੀ ਇਕ ਔਰਤ ਹੀ ਦੱਸੀ ਜਾ ਰਹੀ ਹੈ। ਪਹਿਲਾਂ ਪੰਜਾਬ ਦੇ ਨੌਜਵਾਨ ਸਿਰਫ਼ ਸ਼ਰਾਬ ਜਾਂ ਅਫ਼ੀਮ ਦਾ ਨਸ਼ਾ ਹੀ ਕਰਦੇ ਹੁੰਦੇ ਸਨ ਪਰ ਹੁਣ ਉਸ ਤੋਂ ਅਗਲਾ ਪੱਧਰ ਆਣ ਪੁੱਜਾ ਹੈ। ਨੌਜਵਾਨਾਂ ਦੀ ਵੱਡੀ ਗਿਣਤੀ ਹੈਰੋਇਨ, ਹਸ਼ਿਸ਼ ਤੇ ਹੋਰ ਸਿੰਥੇਟਿਕ ਨਸ਼ਿਆਂ ਦੀ ਸ਼ਿਕਾਰ ਹੁੰਦੀ ਜਾ ਰਹੀ ਹੈ। ਸਮੱਗਲਰਾਂ ਨੂੰ ਕਾਬੂ ਕਰਨ ਲਈ 'ਸਪੈਸ਼ਲ ਟਾਸਕ ਫ਼ੋਰਸ' ਵੀ ਬਣੀ ਹੋਈ ਹੈ ਪਰ ਅਜੇ ਤਕ ਨਸ਼ੇ ਸਪਲਾਈ ਕਰਨ ਵਾਲਾ ਕੋਈ ਮਗਰਮੱਛ ਕਦੇ ਨਹੀਂ ਫੜਿਆ ਗਿਆ। ਪੁਲਿਸ ਸਿਰਫ਼ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਵਾਲੇ 'ਭਾੜੇ ਦੇ ਟੱਟੂਆਂ' ਨੂੰ ਕਾਬੂ ਕਰਨ ਤੋਂ ਕਦੇ ਵੀ ਅਗਾਂਹ ਨਹੀਂ ਗਈ। ਨਸ਼ਿਆਂ ਦੀ ਖੇਪ ਪਾਕਿਸਤਾਨ ਜਾਂ ਅਫ਼ਗਾਨਿਸਤਾਨ ਤੋਂ ਆਉਂਦੇ ਹੋਣ ਦੀ ਗੱਲ ਕਰ ਕੇ ਹੀ ਬੁੱਤਾ ਸਾਰ ਦਿੱਤਾ ਜਾਂਦਾ ਹੈ। ਨਸ਼ਾ-ਛੁਡਾਊ ਕੇਂਦਰ ਆਪਣੇ ਪੱਧਰ 'ਤੇ ਕੰਮ ਕਰ ਰਹੇ ਹਨ ਪਰ ਉਨ੍ਹਾਂ ਬਾਰੇ ਬਹੁਤਿਆਂ ਨੂੰ ਅਜਿਹੀ ਸ਼ਿਕਾਇਤ ਹੈ ਕਿ ਉੱਥੇ 'ਨੌਜਵਾਨਾਂ ਨੂੰ ਇਕ ਨਸ਼ਾ ਛੁਡਾ ਕੇ ਦੂਜੇ 'ਤੇ ਲਾ ਦਿੱਤਾ ਜਾਂਦਾ ਹੈ।' ਖ਼ੈਰ, ਇਹ ਮੈਡੀਕਲ ਖੇਤਰ ਦਾ ਵਿਸ਼ਾ ਹੈ ਪਰ ਇੰਨਾ ਜ਼ਰੂਰ ਹੈ ਕਿ ਨਸ਼ਿਆਂ ਦੀ ਸਪਲਾਈ ਦਾ ਕਾਰੋਬਾਰ ਬਿਨਾਂ ਕਿਸੇ ਉੱਚ-ਪੱਧਰੀ ਮਿਲੀਭੁਗਤ ਦੇ ਕੀਤਾ ਹੀ ਨਹੀਂ ਜਾ ਸਕਦਾ।



ਨਸ਼ਿਆਂ ਦੇ ਇਨ੍ਹਾਂ ਤਸਕਰਾਂ ਦੇ ਕਾਰਿਆਂ ਸਦਕਾ ਹੀ ਰੋਜ਼ਾਨਾ ਪੰਜਾਬ ਦੇ ਕਿਸੇ ਨਾ ਕਿਸੇ ਹਿੱਸੇ 'ਚ ਕਿਸੇ ਨੌਜਵਾਨ ਦੇ ਅਣਿਆਈ ਮੌਤ ਮਾਰੇ ਜਾਣ ਕਰਕੇ ਸੱਥਰ ਜ਼ਰੂਰ ਵਿਛਦਾ ਹੈ। ਇਨ੍ਹਾਂ ਤਸਕਰਾਂ ਦੇ ਆਪਣੇ ਵੀ ਪਰਿਵਾਰ ਹੋਣਗੇ, ਕੀ ਉਹ ਕਦੇ ਆਪਣੇ ਬੱਚਿਆਂ ਨੂੰ ਨਸ਼ਿਆਂ ਦੀ ਲਤ ਲੱਗਣ ਦੇਣਗੇ? ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ 2017 'ਚ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਆਖਿਆ ਸੀ ਕਿ ਉਹ ਪੰਜਾਬ 'ਚ ਨਸ਼ਿਆਂ ਦਾ ਕਾਰੋਬਾਰ ਇਕ ਮਹੀਨੇ ਦੇ ਅੰਦਰ ਬੰਦ ਕਰਵਾ ਦੇਣਗੇ ਪਰ ਪੰਜ ਸਾਲ ਇਵੇਂ ਹੀ ਨਿਕਲ ਗਏ। ਅਜਿਹੇ ਕਾਰੋਬਾਰੀ ਉਸ ਤੋਂ ਬਾਅਦ ਕਦੇ ਵੀ ਘਟੇ ਨਹੀਂ। ਸਾਲ 2019 'ਚ ਕੇਂਦਰੀ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰਾਲੇ ਵੱਲੋਂ ਕਰਵਾਏ ਗਏ ਇਕ ਸਰਵੇਖਣ ਅਨੁਸਾਰ ਦੇਸ਼ ਦੇ 2.26 ਕਰੋੜ ਲੋਕਾਂ ਨੂੰ ਨਸ਼ਿਆਂ ਦੀ ਲਤ ਲੱਗੀ ਹੋਈ ਹੈ। ਇਸ 'ਚ ਪੰਜਾਬੀ ਨੌਜਵਾਨਾਂ ਦੀ ਵੱਡੀ ਗਿਣਤੀ ਹੈ। ਪੰਜਾਬ ਸਰਕਾਰ ਨੂੰ ਅਜਿਹੇ ਨੌਜਵਾਨਾਂ ਨੂੰ ਬਚਾਉਣ ਲਈ ਛੇਤੀ ਤੋਂ ਛੇਤੀ ਕੋਈ ਠੋਸ ਕਦਮ ਚੁੱਕਣੇ ਚਾਹੀਦੇ ਹਨ।

# ਕਾਰਲ ਮਾਰਕਸ

## ਵਿਚਾਰਾਂ ਅਤੇ ਪ੍ਰਸੰਗਿਕਤਾ



ਬੂਟਾ ਸਿੰਘ ਮਹਿਮੂਦਪੁਰ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਨਾਬਰਾਬਰੀ ਦਿਨੋਦਿਨ ਵਧਦੀ ਜਾਂਦੀ ਹੈ। ਪਿਛਲੇ ਕੁਝ ਦਹਾਕਿਆਂ ਵਿਚ ਦੁਨੀਆ ਭਰ 'ਚ ਦੌਲਤ ਦੀ ਵੰਡ ਵਿਚ ਅਸਾਵਾਂਪਣ ਬਹੁਤ ਤੇਜ਼ੀ ਨਾਲ ਵਧਿਆ ਹੈ। ਬਹੁਤ ਸਾਰੀਆਂ ਰਿਪੋਰਟਾਂ ਖੁਲਾਸੇ ਕਰ ਚੁੱਕੀਆਂ ਹਨ ਕਿ ਸਿਖਰਲੇ ਛੋਟੀ ਜਹੀ ਗਿਣਤੀ ਸੁਪਰ ਅਮੀਰਾਂ ਅਤੇ ਹੇਠਲੇ ਆਮ ਲੋਕਾਂ ਦਰਮਿਆਨ ਇਹ ਪਾੜਾ ਕਿੰਨਾ ਵੱਡਾ ਹੈ। ਦੁਨੀਆ ਦੇ ਸਿਖਰਲੇ 10% ਕੋਲ 75% ਦੌਲਤ ਹੈ ਜਦਕਿ ਹੇਠਲੇ 50% ਕੋਲ ਸਿਰਫ਼ 2% ਹੈ। (ਇਹੀ ਸਥਿਤੀ ਭਾਰਤ ਵਿਚ ਹੈ।) ਦੌਲਤ ਦੀ ਵਧ ਰਹੀ ਕਾਣੀ ਵੰਡ ਕਾਰਨ ਵਿਕਸਤ ਸਰਮਾਏਦਾਰ ਮੁਲਕ ਸਮਾਜਿਕ ਤਣਾਅ ਅਤੇ ਰਾਜਨੀਤਿਕ ਅਸਥਿਰਤਾ ਵਿਚ ਗ੍ਰਸੇ ਹੋਏ ਹਨ।

ਨਵਉਦਾਰਵਾਦੀ ਪ੍ਰਣਾਲੀ ਹੇਠ ਕਿਰਤ ਹੋਰ ਅਸਥਿਰ ਹੋ ਗਈ ਹੈ। ਨਾਲ ਹੀ, ਡਿਜ਼ਿਟਲ ਦੌਰ ਵਿਚ ਮੁਨਾਫ਼ੇ ਦੇ ਸਰੋਤਾਂ ਵਿਚ ਸੂਚਨਾ ਟੈਕਨਾਲੋਜੀ ਖੇਤਰ ਨੇ ਬਹੁਤ ਮਹੱਤਵਪੂਰਨ ਸਥਾਨ ਬਣਾ ਲਿਆ ਹੈ। ਗੂਗਲ, ਅਮੇਜ਼ੌਨ, ਫੇਸਬੁੱਕ ਵਰਗੀਆਂ ਧੜਵੈਲ ਤਕਨੀਕੀ ਕੰਪਨੀਆਂ ਦਾ ਸੂਚਨਾ ਅਤੇ ਡਿਜ਼ਿਟਲ ਕਿਰਤ ਉੱਪਰ ਮੁਕੰਮਲ ਕੰਟਰੋਲ ਹੈ ਅਤੇ ਇਹ ਬੇਹੱਦ ਤਾਕਤ ਰੱਖਦੀਆਂ ਹਨ। ਕਿਰਤ ਦੀ ਲੁੱਟ ਅਤੇ ਅਲਹਿਦਗੀ ਦੇ ਨਵੇਂ ਰੂਪ ਉੱਭਰੇ ਹਨ।

ਗਿਗ ਆਰਥਿਕਤਾ, ਜਿਸਦੀ ਖ਼ਾਸੀਅਤ ਥੋੜ੍ਹੇ ਸਮੇਂ ਦੇ ਠੇਕੇ ਅਤੇ ਸੁਤੰਤਰ ਕੰਮ ਹੈ, ਡਿਜ਼ਿਟਲ ਯੁੱਗ ਵਿਚ ਕਿਰਤ ਦੀ ਲੁੱਟ ਦੇ ਨਵੇਂ ਰੂਪਾਂ ਦੀ ਮੁੱਖ ਮਿਸਾਲ ਹੈ। ਊਬਰ, ਅਮੇਜ਼ੌਨ ਅਤੇ ਟਾਸਕਰੈਬਿਟ ਵਰਗੇ ਪਲੇਟਫਾਰਮ ਕਾਮਿਆਂ ਦੀ ਵਾਫ਼ਰ ਕਦਰ ਨੂੰ ਬੇਕਿਰਕੀ ਨਾਲ ਨਿਚੋੜਦੇ ਹਨ, ਜਦਕਿ ਉਨ੍ਹਾਂ ਨੂੰ ਘੱਟ ਤੋਂ ਘੱਟ ਨੌਕਰੀ ਸੁਰੱਖਿਆ ਜਾਂ ਲਾਭ ਦਿੰਦੇ ਹਨ। ਇਹ ਰੂਪ ਮਾਰਕਸ ਦੀ ਮਜ਼ਦੂਰ ਦੀ ਅਲਹਿਦਗੀ ਅਤੇ ਉਜ਼ਰਤੀ ਕਿਰਤ ਦੀ ਆਲੋਚਨਾ ਨੂੰ ਰੱਦ ਨਹੀਂ ਕਰਦੇ ਸਗੋਂ ਨਵੇਂ ਹਾਲਾਤ ਵਿਚ ਉਸਦੀ ਪੁਸ਼ਟੀ ਹੀ ਕਰਦੇ ਹਨ।

ਸਰਮਾਏਦਾਰੀ ਦਾ ਉੱਚਤਮ ਰੂਪ ਸਾਮਰਾਜਵਾਦ ਵੱਖ-ਵੱਖ ਰੂਪਾਂ 'ਚ ਨਿਰਭਰਤਾ ਰਾਹੀਂ ਪਿਛੜੇ ਹੋਏ ਮੁਲਕਾਂ ਦਾ ਸੁਤੰਤਰ ਵਿਕਾਸ ਨਹੀਂ ਹੋਣ ਦਿੰਦਾ। ਵਿਕਸਤ ਅਮੀਰ ਮੁਲਕਾਂ ਦੁਆਰਾ ਵਿਕਾਸਸ਼ੀਲ ਮੁਲਕਾਂ ਦੀ ਲੁੱਟ ਗਰੀਬੀ ਅਤੇ ਅਵਿਕਾਸ ਦੇ ਚੱਕਰ ਨੂੰ ਜਾਰੀ ਰੱਖਦੀ ਹੈ। ਕੁਦਰਤੀ ਸਰੋਤਾਂ ਦਾ ਨਿਕਾਸ, ਅਸਾਵੇਂ ਵਪਾਰਕ ਸਮਝੌਤੇ ਅਤੇ ਕਰਜ਼ੇ ਉੱਤੇ ਨਿਰਭਰਤਾ ਵਰਗੀਆਂ ਅਲਾਮਤਾਂ ਅਫਰੀਕਾ, ਲਾਤੀਨੀ ਅਮਰੀਕਾ ਅਤੇ ਏਸ਼ੀਆ ਦੇ ਮੁਲਕਾਂ ਨੂੰ ਗਲੋਬਲ ਨਾਰਥ ਦੇ ਸਾਹਮਣੇ ਆਰਥਕ ਤੌਰ 'ਤੇ ਅਧੀਨ ਬਣਾਈ ਰੱਖਦੀਆਂ ਹਨ। ਇਹ ਪੱਖ ਵੀ ਦਰਸਾਉਂਦਾ ਹੈ ਕਿ ਸਰਮਾਏ ਦਾ ਸਾਮਰਾਜੀ ਰੂਪ ਮੁਲਕਾਂ ਦੇ ਸੁਤੰਤਰ ਵਿਕਾਸ ਵਿਚ ਵੱਡਾ ਅੜਿੱਕਾ ਹੈ ਅਤੇ ਇਸਦੇ ਹੁੰਦਿਆਂ ਮੁਲਕਾਂ ਦੀ ਸੁਤੰਤਰ ਹੋਂਦ ਤੇ ਪ੍ਰਭੂਸੱਤਾ ਖ਼ਤਰੇ 'ਚ ਹੈ।

ਸਰਮਾਏਦਾਰੀ ਕੁਦਰਤ ਹਿਤੈਸ਼ੀ ਸਮਾਜਿਕ ਪ੍ਰਬੰਧ ਨਹੀਂ ਹੈ। ਸਰਮਾਏਦਾਰੀ ਦੀ ਮੁਨਾਫ਼ੇ ਵਧਾਉਣ ਦੀ ਭੁੱਖ ਅਮਿੱਟ ਹੈ ਅਤੇ ਇਸਦੀ ਖ਼ਾਤਰ ਸਰਮਾਏਦਾਰੀ ਵੱਲੋਂ ਕੁਦਰਤੀ ਵਸੀਲਿਆਂ ਦੀ ਬੇਕਿਰਕ ਲੁੱਟ ਦੀ ਕੋਈ ਹੱਦ ਨਹੀਂ ਹੈ। ਸਰਮਾਏਦਾਰੀ ਦੀ ਮੁਨਾਫ਼ੇ ਦੀ ਲਗਾਤਾਰ ਅੰਨ੍ਹੀ ਦੌੜ ਵਾਤਾਵਰਣ ਦੀ ਤਬਾਹੀ, ਪੌਣਪਾਣੀ 'ਚ ਅਮੋੜ ਤਬਦੀਲੀ, ਜੰਗਲਾਂ ਦੀ ਬੇਤਹਾਸ਼ਾ ਕਟਾਈ ਅਤੇ ਜੈਵਿਕ ਵੰਨ-ਸੁਵੰਨਤਾ ਨੂੰ ਨੁਕਸਾਨ ਦੀ ਮੁੱਖ ਵਜ੍ਹਾ ਹੈ। ਸਰਮਾਏਦਾਰੀ ਦੇ ਵਿਕਾਸ ਮਾਡਲ ਕਾਰਨ ਕੁਦਰਤੀ ਚੌਗਿਰਦੇ ਦਾ ਸੰਕਟ ਇਸ ਕਦਰ ਗੰਭੀਰ ਹੋ ਗਿਆ ਹੈ ਕਿ ਧਰਤੀ ਦੀ ਹੋਂਦ ਹੀ ਖ਼ਤਰੇ 'ਚ ਪੈ ਗਈ ਹੈ। ਮਾਰਕਸ ਦੇ ਜ਼ਮਾਨੇ ਵਿਚ ਸਰਮਾਏਦਾਰਾ ਸਨਅਤੀਕਰਨ ਦੇ ਵਧਾਰੇ-ਪਸਾਰੇ ਨਾਲ ਵਾਤਾਵਰਣ ਦੀ ਤਬਾਹੀ ਦਾ ਸੰਕਟ ਭਾਵੇਂ ਅੱਜ ਜਿੰਨਾ ਗੰਭੀਰ ਨਹੀਂ ਸੀ ਪਰ ਉਸ ਵੱਲੋਂ ਸਰਮਾਏਦਾਰੀ ਦੀ ਆਲੋਚਨਾ ਵਿਚ ਬਸਤੀਵਾਦੀਆਂ ਵੱਲੋਂ ਕੁਦਰਤੀ ਵਸੀਲਿਆਂ ਦੀ ਅੰਨ੍ਹੀ ਲੁੱਟ ਦੀ ਵਿਸਤਾਰ 'ਚ ਚਰਚਾ ਮਾਰਕਸਵਾਦੀ ਵਿਚਾਰਧਾਰਾ ਦੇ ਵਾਤਾਵਰਣੀ ਸਰੋਕਾਰਾਂ ਨੂੰ ਦਰਸਾਉਂਦੀ ਹੈ। ਵਿਕਸਤ ਸਰਮਾਏਦਾਰਾ ਮੁਲਕ ਕੁਦਰਤੀ ਵਸੀਲਿਆਂ ਅਤੇ ਸਸਤੀ ਕਿਰਤ ਨੂੰ ਨਿਚੋੜਨ ਦੇ ਨਾਲ-ਨਾਲ ਆਪਣੇ ਵਾਤਾਵਰਣੀ ਸੰਕਟ ਅਤੇ ਪੈਦਾਵਾਰੀ ਲਾਗਤ ਨੂੰ ਘਟਾਉਣ ਲਈ ਉਦਯੋਗਿਕ ਯੂਨਿਟਾਂ ਨੂੰ ਪਿਛੜੇ ਮੁਲਕਾਂ ਵਿਚ ਤਬਦੀਲ ਕਰਦੇ ਆ ਰਹੇ ਹਨ। ਪਿਛੜੇ ਮੁਲਕਾਂ ਦੇ ਹੁਕਮਰਾਨ ਆਰਥਕ ਤੇ ਟੈਕਨਾਲੋਜੀ ਦੀ ਨਿਰਭਰਤਾ ਦੇ ਦਬਾਅ ਹੇਠ ਅਤੇ ਆਪਣੇ ਸਵਾਰਥੀ ਹਿਤਾਂ ਲਈ ਸਾਮਰਾਜੀ ਮੁਲਕਾਂ ਨਾਲ ਅਸਾਵੇਂ ਸਮਝੌਤੇ ਕਰਕੇ ਉਨ੍ਹਾਂ ਨੂੰ ਆਪਣੀ ਕਿਰਤ-ਸ਼ਕਤੀ ਤੇ ਕੁਦਰਤੀ ਵਸੀਲਿਆਂ ਦੀ ਲੁੱਟਮਾਰ ਕਰਨ ਦੀ ਖੁੱਲ੍ਹ ਦਿੰਦੇ ਹਨ। ਭਾਰਤ ਵਰਗੇ ਮੁਲਕਾਂ ਵਿਚ 'ਵਿਕਾਸ' ਦੇ ਨਾਂ ਹੇਠ ਚੱਲ ਰਹੀ ਬੇਰੋਕ-ਟੋਕ ਤਬਾਹੀ ਇਸਦਾ ਮੂੰਹ ਬੋਲਦਾ ਸਬੂਤ ਹੈ।

ਇਹ ਸਾਰੇ ਤੱਥ ਦਰਸਾਉਂਦੇ ਹਨ ਕਿ 'ਬੁਰਜੁਆ ਜਮਾਤ' ਅਤੇ 'ਪ੍ਰੋਲੇਤਾਰੀ ਜਮਾਤ' ਵਿਚਕਾਰ ਜਮਾਤੀ ਵੰਡ ਦਾ ਮਾਰਕਸੀ ਵਿਸ਼ਲੇਸ਼ਣ ਸਰਮਾਏਦਾਰਾ ਪੈਦਾਵਾਰੀ ਅਮਲ ਅਤੇ ਇਸਦੇ ਤਬਾਹਕੁਨ ਸਮਾਜਿਕ ਨਤੀਜਿਆਂ ਨੂੰ ਸਮਝਣ ਲਈ ਅੱਜ ਵੀ ਪ੍ਰਸੰਗਿਕ ਹੈ। ਲੈਨਿਨ ਨੇ ਮਾਰਕਸਵਾਦੀ ਨਜ਼ਰੀਏ ਨਾਲ 20ਵੀਂ ਸਦੀ ਵਿਚ ਸਰਮਾਏਦਾਰੀ ਦੇ ਅਜਾਰੇਦਾਰਾ ਵਿਕਾਸ ਨੂੰ ਸ਼ਾਨਦਾਰ ਤਰੀਕੇ ਨਾਲ ਸਮਝਿਆ ਅਤੇ ਮਾਰਕਸਵਾਦੀ ਸਿਧਾਂਤ ਨੂੰ ਹੋਰ ਭਰਪੂਰ ਕੀਤਾ। ਹੁਣ ਵੀ ਡਿਜ਼ੀਟਲ ਆਰਥਿਕਤਾ ਵਿਚ ਲੁੱਟ ਅਤੇ ਅਲਹਿਦਗੀ ਦੇ ਇਨ੍ਹਾਂ ਨਵੇਂ ਰੂਪਾਂ ਨੂੰ ਸਮਝਣ ਲਈ ਮਾਰਕਸਵਾਦੀ ਨਜ਼ਰੀਆ ਬਹੁਤ ਕਾਰਗਰ ਸਾਬਤ ਹੋਵੇਗਾ। ਇਹ ਦਲੀਲ ਦਿੱਤੀ ਜਾਂਦੀ ਹੈ ਕਿ ਮਾਰਕਸਵਾਦ ਅਜੋਕੀ ਸੰਸਾਰ ਆਰਥਿਕਤਾ ਦੀਆਂ ਪੇਚੀਦਗੀਆਂ ਦਾ ਪੂਰਾ ਹੱਲ ਪੇਸ਼ ਨਹੀਂ ਕਰ ਸਕਦਾ, ਖ਼ਾਸ ਕਰਕੇ ਪਛਾਣਾਂ ਦੀ ਰਾਜਨੀਤੀ, ਤਕਨਾਲੋਜੀ ਅਤੇ ਸੱਭਿਆਚਾਰਕ ਵਰਤਾਰਿਆਂ ਦੇ ਪ੍ਰਸੰਗ 'ਚ। ਪਰ ਮਾਰਕਸਵਾਦ ਦੇ ਧਾਰਨੀ ਇਨ੍ਹਾਂ ਨਵੀਆਂ ਚੁਣੌਤੀਆਂ ਤੋਂ ਅਣਭਿੱਜ ਨਹੀਂ ਰਹਿੰਦੇ; ਜਿਉਂ-ਜਿਉਂ ਦੁਨੀਆ ਬਦਲ ਰਹਿੰਦੀ ਹੈ, ਉਹ ਨਵੇਂ ਖੇਤਰਾਂ ਨੂੰ ਆਪਣੇ ਅਧਿਐਨ ਵਿਚ ਸ਼ਾਮਲ ਕਰਦੇ ਜਾਂਦੇ ਹਨ ਜਿਵੇਂ ਨਾਰੀਵਾਦੀ ਸਿਧਾਂਤ, ਵਾਤਾਵਰਣ ਦੇ ਵਧ ਰਹੇ ਸਰੋਕਾਰ ਅਤੇ ਡਿਜ਼ਿਟਲ ਟੈਕਨਾਲੋਜੀ ਦਾ ਵਿਕਾਸ ਆਦਿ।

ਪਛਾਣਾਂ ਦੀ ਰਾਜਨੀਤੀ ਦੇ ਪੈਰੋਕਾਰ ਇਹ ਦਲੀਲ ਦੇ ਕੇ ਮਾਰਕਸਵਾਦ ਦੀ ਆਲੋਚਨਾ ਕਰਦੇ ਹਨ ਕਿ ਇਸ ਵਿਚ ਨਸਲ, ਲਿੰਗ, ਜਾਤ, ਸੈਕਸੁਐਲਿਟੀ, ਘੱਟ-ਗਿਣਤੀ ਪਛਾਣਾਂ ਨਾਲ ਜੁੜੇ ਮੁੱਦਿਆਂ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ ਹੈ। ਦਰਅਸਲ, ਇਸ ਦਲੀਲ ਦੇ ਆਧਾਰ 'ਤੇ ਵਿਗਿਆਨਕ ਨਜ਼ਰੀਏ ਵਜੋਂ ਮਾਰਕਸਵਾਦ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਭਾਰਤ ਵਰਗੇ ਮੁਲਕਾਂ ਵਿਚ ਅਜੋਕੇ ਮਾਰਕਸਵਾਦੀ ਅਧਿਐਨ ਦੱਸਦੇ ਹਨ ਕਿ ਮਾਰਕਸਵਾਦੀ ਆਪਣੇ ਮੁਲਕ ਦੀਆਂ ਠੋਸ ਹਾਲਤਾਂ ਅੰਦਰ ਇਨ੍ਹਾਂ ਸਵਾਲਾਂ ਨੂੰ ਠੋਸ ਮੁੱਦਿਆਂ ਦੇ ਰੂਪ ਵਿਚ ਮਹੱਤਵ ਦਿੰਦੇ ਹਨ ਅਤੇ ਉਹ ਜਮਾਤੀ ਸੰਘਰਸ਼ ਨਾਲ ਇਨ੍ਹਾਂ ਦੇ ਰਿਸ਼ਤੇ ਨੂੰ ਸਮਝਣ ਲਈ ਲਗਾਤਾਰ ਯਤਨ ਕਰਦੇ ਹਨ।

ਮਾਰਕਸਵਾਦ ਨੂੰ ਇਹ ਦਲੀਲ ਦੇ ਕੇ ਰੱਦ ਕੀਤਾ ਜਾਂਦਾ ਹੈ ਕਿ ਇਸਦਾ ਟੀਚਾ ਤਾਨਾਸ਼ਾਹ ਸਟੇਟ ਕਾਇਮ ਕਰਨਾ ਹੈ ਅਤੇ ਇਹ ਜਮਹੂਰੀਅਤ ਦੀ ਧਾਰਨਾ ਨੂੰ ਹੀ ਰੱਦ ਕਰਦਾ ਹੈ। ਦਰਅਸਲ, ਮਾਰਕਸਵਾਦ ਜਮਾਤਾਂ ਵਿਚ ਵੰਡੇ ਸਮਾਜ ਅੰਦਰ ਜਮਾਤੀ ਤਾਨਾਸ਼ਾਹੀ ਦੀ ਗੱਲ ਕਰਦਾ ਹੈ ਜਿੱਥੇ ਸਮਾਜਿਕ-ਆਰਥਕ ਪਾੜੇ ਕਾਰਨ ਸਾਰਿਆਂ ਲਈ ਬਰਾਬਰ ਜਮਹੂਰੀਅਤ ਦਾ ਬਾਹਰਮੁਖੀ ਆਧਾਰ ਹੀ ਨਹੀਂ ਹੈ। ਸਰਮਾਏਦਾਰੀ ਦੇ ਵਿਦਵਾਨ ਚਲਾਕੀ ਨਾਲ ਸਿਰਫ਼ ਬਹੁ-ਪਾਰਟੀ ਚੋਣ ਪ੍ਰਣਾਲੀ ਨੂੰ ਹੀ ਜਮਹੂਰੀਅਤ ਦੱਸਦੇ ਹਨ ਅਤੇ ਇਕ ਪਾਰਟੀ ਚੋਣ ਪ੍ਰਣਾਲੀ ਦੀ ਦਲੀਲ ਦੇ ਕੇ ਸਾਬਕਾ ਸਮਾਜਵਾਦੀ ਰਾਜਾਂ ਨੂੰ ਤਾਨਾਸ਼ਾਹ ਰਾਜਾਂ ਵਜੋਂ ਰੱਦ ਕਰਦੇ ਹਨ। ਪਰ ਉਹ ਸਮਾਜਵਾਦੀ ਰਾਜਾਂ ਹੇਠ ਹੋਏ ਬੇਮਿਸਾਲ ਆਰਥਕ ਵਿਕਾਸ, ਸਮਾਜਿਕ-ਰਾਜਨੀਤਕ ਚੇਤਨਾ ਅਤੇ ਸਮੁੱਚੀ ਸਮਾਜੀ ਜ਼ਿੰਦਗੀ ਵਿਚ ਆਈਆਂ ਗਿਣਨਯੋਗ ਤਬਦੀਲੀਆਂ ਬਾਰੇ ਚੁੱਪ ਰਹਿੰਦੇ ਹਨ। ਇਨ੍ਹਾਂ ਰਾਜਾਂ ਹੇਠ ਕਥਿਤ ਆਰਥਕ ਅਕੁਸ਼ਲਤਾ, ਮਨੁੱਖੀ ਹੱਕਾਂ ਦਾ ਘਾਣ ਆਦਿ ਬਹਿਸ ਦੇ ਮੁੱਦੇ ਹਨ ਜੋ ਪੱਛਮੀ ਸਾਮਰਾਜੀ ਬਿਰਤਾਂਤ ਤੋਂ ਪਾਰ ਜਾ ਕੇ ਇਤਿਹਾਸ ਦੀ ਨਿਰਪੱਖ ਛਾਣਬੀਣ ਦੀ ਮੰਗ ਕਰਦੇ ਹਨ। ਪਰ ਸਵਾਲ ਇਹ ਹੈ ਕਿ ਅਮਰੀਕਾ, ਇੰਗਲੈਂਡ ਵਰਗੇ ਜਿਨ੍ਹਾਂ ਮੁਲਕਾਂ ਨੂੰ ਪ੍ਰਮੁੱਖ ਆਦਰਸ਼ ਬਣਾਕੇ ਪੇਸ਼ ਕੀਤਾ ਜਾਂਦਾ ਹੈ ਉਨ੍ਹਾਂ ਵਿਚ ਕਥਿਤ ਲੋਕਤੰਤਰ ਦੀ ਰਸਮੀ ਵੋਟ ਪ੍ਰਣਾਲੀ ਤੋਂ ਅੱਗੇ ਕਾਰਗੁਜ਼ਾਰੀ ਕੀ ਹੈ, ਖ਼ਾਸ ਕਰਕੇ ਮਾਨਵਤਾ ਪੱਖੀ ਫ਼ੈਸਲੇ ਲੈਣ ਅਤੇ ਉਸ ਵਿਚ ਲੋਕਾਂ ਦੀ ਸਰਗਰਮ ਹਿੱਸੇਦਾਰੀ ਪੱਖੋਂ। ਇਸਦੀ ਅਜੋਕੀ ਮਿਸਾਲ ਇਨ੍ਹਾਂ ਮੁਲਕਾਂ ਵਿਚ ਟਰੰਪ ਧੜੇ ਅਤੇ ਹਾਕਮ ਜਮਾਤ ਦੇ ਅਜਿਹੇ ਹੋਰ ਘੋਰ ਪਿਛਾਖੜੀ/ਫਾਸ਼ੀਵਾਦੀ ਹਿੱਸਿਆਂ ਦਾ ਸੱਤਾ ਵਿਚ ਆਉਣਾ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਜਮਹੂਰੀਅਤ ਦੇ ਨਾਂ ਹੇਠ ਵੱਖ-ਵੱਖ ਮੁਲਕਾਂ ਵਿਚ ਅਮਰੀਕਾ ਦੀ ਅਗਵਾਈ ਹੇਠ ਪੱਛਮੀ ਸਾਮਰਾਜੀ ਧੜਿਆਂ ਵੱਲੋਂ ਜਿਵੇਂ ਤਾਨਾਸ਼ਾਹੀਆਂ ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਵੱਲੋਂ ਜੋ ਬੇਥਾਹ ਤਬਾਹੀ ਮਚਾਈ ਗਈ ਹੈ (ਹੁਣ ਤਾਂ ਇਨ੍ਹਾਂ ਨੇ ਕਰੂਰਤਾ ਦੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਗਏ ਹਨ) ਉਹ ਸਰਮਾਏਦਾਰਾ ਜਮਹੂਰੀਅਤ ਉੱਪਰ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਸਵਾਲ ਤਾਂ ਇਹ ਵੀ ਹੈ ਕਿ ਕੀ ਸਮਾਜਵਾਦੀ ਰਾਜਾਂ ਦੇ ਤਜਰਬਿਆਂ ਦੀਆਂ ਅਸਫ਼ਲਤਾਵਾਂ ਦੇ ਆਧਾਰ 'ਤੇ ਹੀ ਇਸ ਨੂੰ ਬਤੌਰ ਵਿਗਿਆਨਕ ਵਿਚਾਰਧਾਰਾ ਰੱਦ ਕੀਤਾ ਜਾ ਸਕਦਾ ਹੈ? ਜਾਂ ਵਿਚਾਰਧਾਰਾ ਦੇ ਆਦਰਸ਼ਾਂ ਦੀ ਰੋਸ਼ਨੀ ਵਿਚ ਉਨ੍ਹਾਂ ਤਜਰਬਿਆਂ ਤੋਂ ਸਬਕ ਸਿੱਖਕੇ ਭਵਿੱਖ ਵਿਚ ਬਿਹਤਰ ਪ੍ਰਬੰਧ ਉਸਾਰਨ ਦੇ ਟੀਚੇ ਨਾਲ ਕੰਮ ਕਰਨ ਦਾ ਸਵਾਲ ਵਧੇਰੇ ਮਹੱਤਵਪੂਰਨ ਹੈ?

ਨਿਰਸੰਦੇਹ, ਨੇਪਾਲ ਵਿਚ ਮਾਓਵਾਦੀ ਅਗਵਾਈ ਹੇਠ ਰਾਜਸ਼ਾਹੀ ਵਿਰੁੱਧ ਕਾਮਯਾਬ ਬਗ਼ਾਵਤ, ਭਾਰਤ ਅਤੇ ਫਿਲੀਪਿਨਜ਼ ਵਿਚ ਸੀਮਤ ਮਾਓਵਾਦੀ ਲਹਿਰਾਂ ਤੋਂ ਬਿਨਾਂ ਸਮਾਜਵਾਦੀ ਨਿਸ਼ਾਨੇ ਵਾਲੀ ਕੋਈ ਹੋਰ ਵੱਡੀ ਲਹਿਰ ਪਿਛਲੇ ਦਹਾਕਿਆਂ ਵਿਚ ਦੁਨੀਆ ਦੇ ਨਕਸ਼ੇ ਉੱਪਰ ਨਹੀਂ ਉੱਭਰੀ, ਪਰ ਵਧ ਰਹੀ ਆਰਥਕ ਨਬਰਾਬਰੀ ਅਤੇ ਧੜਵੈਲ ਕਾਰਪੋਰੇਟ ਤਾਕਤ ਨੂੰ ਚੁਣੌਤੀ ਦੇਣ ਵਾਲੇ 'ਆਕਿਉਪਾਈ ਵਾਲ ਸਟ੍ਰੀਟ' ਅਤੇ ਵਿਸ਼ਵੀਕਰਨ-ਵਿਰੋਧੀ ਪ੍ਰਦਰਸ਼ਨਾਂ ਪਿੱਛੇ ਜੇ ਸਿੱਧੇ ਰੂਪ ਵਿਚ ਸਮਾਜਵਾਦੀ ਵਿਚਾਰਧਾਰਾ ਨਹੀਂ ਤਾਂ ਸਮਾਜਵਾਦੀ ਪ੍ਰੇਰਣਾ ਜ਼ਰੂਰ ਸੀ। ਇਨ੍ਹਾਂ ਅੰਦੋਲਨਾਂ ਨੇ ਧਨ-ਦੌਲਤ ਦੇ ਵਧ ਰਹੇ ਬੇਲਗਾਮ ਕੇਂਦਰੀਕਰਨ ਅਤੇ ਰਾਜਨੀਤੀ ਤੇ ਸਮਾਜ ਉੱਪਰ ਬਹੁਕੌਮੀ ਕਾਰਪੋਰੇਸ਼ਨਾਂ/ਕਾਰਪੋਰੇਟ ਸਰਮਾਏ ਦੀ ਪੀਡੀ ਹੋ ਰਹੀ ਜਕੜ ਨੂੰ ਧੜੱਲੇ ਨਾਲ ਉਜਾਗਰ ਕੀਤਾ ਹੈ। ਇਨ੍ਹਾਂ ਅੰਦੋਲਨਾਂ ਵਿਚ ਜਨਤਾ ਦੇ ਹਿੱਸਾ ਲੈਣ ਨੇ ਇਹ ਦੱਸ ਦਿੱਤਾ ਕਿ ਆਰਥਕ ਪਾੜੇ ਨੂੰ ਜ਼ਰਬਾਂ ਦੇਣ ਵਾਲਾ ਅਤੇ ਬੇਲਗਾਮ ਕਾਰਪੋਰੇਟ ਤਾਕਤ ਦੀ ਨੁਮਾਇੰਦਗੀ ਕਰਨ ਵਾਲਾ ਰਾਜਨੀਤਕ ਪ੍ਰਬੰਧ ਲੋਕਾਈ ਨੂੰ ਮਨਜ਼ੂਰ ਨਹੀਂ ਹੈ ਅਤੇ ਇਹ ਮਨੁੱਖਤਾ ਦਾ ਭਵਿੱਖ ਨਹੀਂ ਹੋ ਸਕਦਾ।

2008 'ਚ ਜਦੋਂ ਸੰਸਾਰ ਸਰਮਾਏਦਾਰੀ ਪ੍ਰਬੰਧ ਨੂੰ ਵਿਤੀ ਸੰਕਟ ਅਤੇ ਵਿਸ਼ਵ ਪੱਧਰ 'ਤੇ ਅਸਥਿਰਤਾ ਦਾ ਸਾਹਮਣਾ ਕਰਨਾ ਪਿਆ ਤਾਂ ਖ਼ੁਦ ਬੁਰਜੁਆ ਅਰਥਸ਼ਾਸਤਰੀਆਂ ਨੇ ਮਾਰਕਸ ਦੇ 'ਸਰਮਾਇਆ' ਨੂੰ ਮੁੜ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ। ਇਸਦਾ ਮਤਲਬ ਇਹ ਹੈ ਕਿ ਮਾਰਕਸਵਾਦ ਸਰਮਾਏਦਾਰੀ ਦੇ ਸੰਕਟਾਂ ਨੂੰ ਸਮਝਣ ਅਤੇ ਉਨ੍ਹਾਂ ਦੇ ਹੱਲ ਤਲਾਸ਼ਣ ਵਾਲਾ ਸਰਮਾਏਦਾਰੀ ਵਿਚਾਰਧਾਰਾ ਨਾਲੋਂ ਬਿਹਤਰ ਵਿਚਾਰਧਾਰਕ ਸੰਦ ਹੈ। ਜੇਕਰ ਸਰਮਾਏਦਾਰੀ ਪ੍ਰਬੰਧ ਨੂੰ ਚਿੰਬੜਿਆ ਰੋਗ ਉਹੀ ਹੈ ਜੋ ਮਾਰਕਸ ਨੇ ਦੱਸਿਆ ਸੀ, ਤਾਂ ਇਲਾਜ ਵੀ ਉਹੀ ਹੋਵੇਗਾ ਜੋ ਮਾਰਕਸ ਨੇ ਸੁਝਾਇਆ ਸੀ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਇਹ ਇਲਾਜ ਪੇਸ਼ ਕਰਨ ਵਾਲੀ ਕਮਿਊਨਿਸਟ ਲਹਿਰ ਕੁਲ ਦੁਨੀਆ ਵਿਚ ਬਹੁਤ ਹੀ ਕਮਜ਼ੋਰ ਹਾਲਤ ਵਿਚੋਂ ਲੰਘ ਰਹੀ ਹੈ। ਇਸ ਕਮਜ਼ੋਰੀ ਉੱਪਰ ਕਾਬੂ ਪਾਉਣ ਲਈ ਨਵੀਂ ਤਾਜ਼ਗੀ ਨਾਲ ਮਾਰਕਸਵਾਦੀ ਨਜ਼ਰੀਏ ਨੂੰ ਗ੍ਰਹਿਣ ਕਰਨ ਦੀ ਜ਼ਰੂਰਤ ਹੈ।

ਮਾਰਕਸਵਾਦੀ ਵਿਚਾਰਧਾਰਾ ਕੱਟੜ ਮੱਤ ਨਹੀਂ, ਅਮਲ ਦਾ ਰਾਹ-ਦਰਸਾਵਾ ਹੈ। ਮਾਰਕਸਵਾਦ, ਆਪਣੇ ਮੂਲ ਤੱਤ ਨੂੰ ਬਰਕਰਾਰ ਰੱਖਦੇ ਹੋਏ ਅਜੋਕੇ ਹਾਲਾਤਾਂ, 21ਵੀਂ ਸਦੀ ਵਿਚ ਦੀਆਂ ਨਵੀਆਂ ਚੁਣੌਤੀਆਂ ਅਤੇ ਅਜੋਕੇ ਸਮਾਜਿਕ-ਆਰਥਕ-ਸੱਭਿਆਚਾਰਕ ਮਸਲਿਆਂ ਦਾ ਠੋਸ ਅਧਿਐਨ ਕਰਕੇ ਉਨ੍ਹਾਂ ਦਾ ਵਿਹਾਰਕ ਹੱਲ ਪੇਸ਼ ਕਰਨ ਦੇ ਸਮਰੱਥ ਹੈ। ਮਾਰਕਸਵਾਦ ਸਰਮਾਏਦਾਰੀ ਦੇ ਆਪਣੇ ਵਿਸ਼ਲੇਸ਼ਣ ਅਤੇ ਜਮਾਤੀ ਸੰਘਰਸ਼ ਉੱਪਰ ਆਪਣੇ ਜ਼ੋਰ ਨਾਲ ਅੱਜ ਦੀਆਂ ਸਮਾਜਿਕ, ਆਰਥਕ ਅਤੇ ਰਾਜਨੀਤਕ ਬਣਤਰਾਂ ਨੂੰ ਸਮਝਣ ਦੀ ਸਮਰੱਥਾ ਸਾਬਤ ਕਰੇਗਾ, ਮਸਲਾ ਇਸਨੂੰ ਵਿਸ਼ਲੇਸ਼ਣੀ ਸੰਦ ਵਜੋਂ ਠੋਸ ਹਾਲਤਾਂ ਉੱਪਰ ਲਾਗੂ ਕਰਨ ਦਾ ਹੈ।

-ਸਮਾਪਤ



# ਮਿਹਨਤ ਦਾ ਫਲ

ਲਿਖਤ : ਅਮਰੀਕਾ ਸਿੰਘ ਤਲਵੰਡੀ
ਮੋ : 94635-42896



ਪਿਛਲੇ ਸਾਲ ਜਦੋਂ ਸਕੂਲ ਦਾ ਨਤੀਜਾ ਬੋਲਿਆ ਜਾਣਾ ਸੀ ਹੁਸ਼ਿਆਰ ਬੱਚੇ ਗਰਾਊਂਡ ਵਿਚ ਦੜੰਗੇ ਲਾਉਂਦੇ ਫਿਰਦੇ ਸਨ, ਕਮਜ਼ੋਰ ਅਤੇ ਕੰਮਚੋਰ ਬੱਚੇ ਬੁਰੀ ਤਰ੍ਹਾਂ ਡਰੇ ਹੋਏ ਸਨ। ਅਧਿਆਪਕਾਂ ਨੇ ਸਾਰੇ ਬੱਚੇ ਇਕੱਠੇ ਕੀਤੇ ਅਤੇ ਮੁੱਖ-ਅਧਿਆਪਕ ਨੇ ਨਤੀਜਾ ਸੁਣਾਉਣਾ ਸ਼ੁਰੂ ਕਰ ਦਿੱਤਾ ਸੀ। ਜਿਵੇਂ-ਜਿਵੇਂ ਨਤੀਜਾ ਬੋਲਿਆ ਜਾ ਰਿਹਾ ਸੀ ਹੁਸ਼ਿਆਰ ਬੱਚਿਆਂ ਦੇ ਚਿਹਰੇ ਗੁਲਾਬ ਦੇ ਫੁੱਲ ਵਾਂਗ ਖਿੜ ਰਹੇ ਸਨ। ਕਮਜ਼ੋਰ ਅਤੇ ਕੰਮਚੋਰ ਬੱਚੇ ਬੁਰੀ ਤਰ੍ਹਾਂ ਉਦਾਸ ਹੋ ਰਹੇ ਸਨ। ਨਤੀਜੇ ਤੋਂ ਬਾਅਦ ਜਦੋਂ ਮੁੱਖ-ਅਧਿਆਪਕ ਨੇ ਪਾਸ ਹੋਣ ਵਾਲੇ ਬੱਚਿਆਂ ਨੂੰ ਵਧਾਈ ਦਿੱਤੀ, ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਬੱਚਿਆਂ ਨੂੰ ਹਾਰ ਪਾ ਕੇ ਸਨਾਮਨਿਤ ਕੀਤਾ ਤਾਂ ਪੂਰਾ ਸਕੂਲ ਤਾੜੀਆਂ ਨਾਲ ਗੂੰਜ ਉਠਿਆ ਸੀ। ਜਦੋਂ ਮੁੱਖ-ਅਧਿਆਪਕ ਸਾਹਿਬ ਨੇ ਕਿਹਾ, 'ਜਾਓ ਹੁਣ ਤੁਹਾਨੂੰ ਛੁੱਟੀ ਹੈ ਤਾਂ ਪਾਸ ਹੋਣ ਵਾਲੇ ਖਾਸ ਕਰਕੇ ਹੁਸ਼ਿਆਰ ਸਨਮਾਨਿਤ ਬੱਚੇ ਦੜੰਗੇ ਲਾਉਂਦੇ ਜਾ ਰਹੇ ਸਨ ਅਤੇ ਨਾਲੇ ਉੱਚੀ-ਉੱਚੀ ਬੋਲ ਰਹੇ ਸਨ, 'ਪਾਸ ਓਏ..ਪਾਸ ਓਏ..ਕੁਝ ਕੁ ਬੱਚੇ ਪਾਸ ਹੋਣ ਦਾ ਕਹਿਣ ਦੇ ਨਾਲ-ਨਾਲ ਆਖ ਰਹੇ ਸਨ 'ਛਿੰਦਾ ਫੇਲ੍ਹ ਓਏ.....ਭਿੰਦਾ ਫੇਲ੍ਹ ਓਏ.....'। ਛਿੰਦੇ ਅਤੇ ਭਿੰਦੇ ਨੂੰ ਇਹ ਸੁਣ ਕੇ ਅੱਜ ਬਹੁਤ ਨਮੋਸ਼ੀ ਹੋ ਰਹੀ ਸੀ। ਬੱਚੇ ਦੌੜੇ ਜਾ ਰਹੇ ਸਨ ਕਿ ਕਦੋਂ ਘਰ ਜਾ ਕੇ ਦੱਸੀਏ। ਛਿੰਦਾ ਅਤੇ ਭਿੰਦਾ ਪਿੱਛੇ ਨੂੰ ਜਾ ਰਹੇ ਸਨ ਉਨ੍ਹਾਂ ਦਾ ਘਰ ਜਾਣ ਨੂੰ ਜੀਅ ਨਹੀਂ ਕਰ ਰਿਹਾ ਸੀ। ਉਨ੍ਹਾਂ ਨੂੰ ਪਤਾ ਸੀ ਪਾਸ ਹੋਣ ਵਾਲਿਆਂ ਨੂੰ ਅੱਜ ਕਿੰਨਾ ਪਿਆਰ ਮਿਲੇਗਾ ਅਤੇ ਸਾਨੂੰ ਘਰ ਵਿਚੋਂ ਕਿੰਨੀ ਨਫ਼ਰਤ ਮਿਲੇਗੀ। ਛਿੰਦੇ ਅਤੇ ਭਿੰਦੇ ਨੇ ਇਹ ਸਾਰਾ ਖੌਫ਼ਨਾਕ ਨਜ਼ਾਰਾ ਆਪਣੇ ਅੱਖੀਂ ਵੇਖ ਕੇ ਮਨ ਵਿਚ ਸਹੁੰ ਖਾ ਲਈ ਸੀ ਅਤੇ ਪੱਕਾ ਪ੍ਰਣ ਕਰ ਲਿਆ ਕਿ ਜਿਹੜੇ ਬੱਚਿਆਂ ਨੇ ਅੱਜ ਸਾਨੂੰ ਮਖੌਲ ਕੀਤੇ ਹਨ ਆਉਂਦੇ ਸਾਲ ਪੂਰੀ ਤਨਦੇਹੀ ਨਾਲ ਮਿਹਨਤ ਕਰਕੇ ਅਤੇ ਪਹਿਲੇ ਦੂਜੇ ਸਥਾਨ 'ਤੇ ਆ ਕੇ ਇਨ੍ਹਾਂ ਦੇ ਮੂੰਹ ਬੰਦ ਕਰਨੇ ਹਨ। ਛਿੰਦੇ ਅਤੇ ਭਿੰਦੇ ਨੇ ਅਗਲੇ ਦਿਨ ਤੋਂ ਹੀ ਪੂਰੀ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਥੋੜ੍ਹੇ ਦਿਨਾਂ ਬਾਅਦ ਹੀ ਇੰਚਾਰਜ ਅਧਿਆਪਕ ਨੇ ਦੋਵਾਂ ਨੂੰ ਮਨੀਟਰ ਬਣਾ ਦਿੱਤਾ ਸੀ। ਉਨ੍ਹਾਂ ਦੇ ਹੌਸਲੇ ਬੁਲੰਦ ਹੋ ਗਏ ਸਨ। ਨਫ਼ਰਤ ਦੀ ਥਾਂ ਉਨ੍ਹਾਂ ਨੂੰ ਸਕੂਲ ਅਤੇ ਘਰ ਵਿਚੋਂ ਪਿਆਰ ਮਿਲਣਾ ਸ਼ੁਰੂ ਹੋ ਗਿਆ ਸੀ। ਅੱਜ ਫਿਰ ਨਤੀਜੇ ਦਾ ਦਿਨ ਸੀ, ਛਿੰਦਾ ਜਮਾਤ ਵਿਚੋਂ ਪਹਿਲੇ ਸਥਾਨ ਅਤੇ ਭਿੰਦਾ ਜਮਾਤ ਵਿਚੋਂ ਦੂਸਰੇ ਸਥਾਨ 'ਤੇ ਆ ਗਿਆ ਸੀ। ਜਦੋਂ ਛਿੰਦੇ ਅਤੇ ਭਿੰਦੇ ਦੇ ਗਲ ਵਿਚ ਹਾਰ ਪੈ ਰਹੇ ਸਨ ਤਾਂ ਜਿਹੜੇ ਬੱਚੇ ਪਿਛਲੇ ਸਾਲ ਮਖੌਲ ਕਰਦੇ ਸਨ ਉਹ ਬੜੇ ਹੈਰਾਨ ਅਤੇ ਪ੍ਰੇਸ਼ਾਨ ਹੋਏ ਬਿੱਟ-ਬਿੱਟ ਵੇਖ ਰਹੇ ਸਨ। ਪਹਿਲੇ ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਦੇ ਨਾਂਅ ਤੇ ਮੁੱਖ ਅਧਿਆਪਕ ਜੀ ਨੇ ਜਦੋਂ ਸਾਰੇ ਬੱਚਿਆਂ ਨੂੰ ਜ਼ੋਰਦਾਰ ਤਾੜੀ ਮਾਰਨ ਦੀ ਗੱਲ ਆਖੀ ਤਾਂ ਪਿਛਲੇ ਸਾਲ ਵਾਂਗ ਹੀ ਅੱਜ ਫੇਰ ਸਾਰਾ ਸਕੂਲ ਤਾੜੀਆਂ ਨਾਲ ਗੂੰਜ ਉਠਿਆ ਸੀ। ਅੱਜ ਛਿੰਦੇ ਅਤੇ ਭਿੰਦੇ ਦੀ ਵੀ ਧਰਤੀ 'ਤੇ ਅੱਡੀ ਨਹੀਂ ਲੱਗ ਰਹੀ ਸੀ ਅੱਜ ਦੋਵੇਂ ਆੜੀ ਜੇਤੂ ਜਰਨੈਲ ਵਾਂਗ ਆਪਣੇ ਘਰ ਨੂੰ ਜਾ ਰਹੇ ਸਨ।

## ਪਤਨੀ, ਮਾਂ ਅਤੇ ਰਾਣੀ - ਤਿੰਨੋਂ ਰੂਪਾਂ ਵਿੱਚ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਵਾਲੀ

# ਮਹਾਰਾਣੀ ਅਲੈਗਜ਼ੈਂਡਰੀਨਾ ਵਿਕਟੋਰੀਆ



ਜੇਕਰ ਇਤਿਹਾਸ ਦੇ ਪੰਨੇ ਫਰੋਲੀਏ ਤਾਂ ਇਹ ਸਾਡੇ ਸਿੱਖ ਗੁਰੂਆਂ ਦੀਆਂ ਜੀਵਨੀਆਂ ,ਸ਼ਹਾਦਤਾਂ ,ਇਤਿਹਾਸਿਕ ਘਟਨਾਵਾਂ ,ਰਾਜਿਆ ਮਹਾਰਾਜਿਆਂ ਨਾਲ ਭਰਪੂਰ ਹੈ।ਅੱਜ ਉਹਨਾਂ ਪੰਨਿਆਂ ਵਿੱਚੋ ਹੀ ਅੱਜ ਗੱਲ ਕਰਦੇ ਹਾਂ ਮਹਾਰਾਣੀ ਵਿਕਟੋਰੀਆ ਦੀ।ਮਹਾਰਾਣੀ ਵਿਕਟੋਰੀਆ ਦਾ ਜਨਮ 24 ਮਈ 1819 ਵਿੱਚ ਹੋਇਆ ਸੀ। ਉਹ ਅੱਠ ਮਹੀਨਿਆਂ ਦੀ ਸੀ ਜਦੋਂ ਉਸਦੇ ਪਿਤਾ ਦੀ ਮੌਤ ਹੋ ਗਈ। ਵਿਕਟੋਰੀਆ ਦੇ ਮਾਮੇ ਨੇ ਉਸ ਦੀ ਸਿੱਖਿਆ ਅਤੇ ਦੀਖਿਆ ਨੂੰ ਬਹੁਤ ਹੁਨਰ ਨਾਲ ਸੰਭਾਲਿਆ। ਉਹ ਆਪ ਬਹੁਤ ਯੋਗ ਅਤੇ ਤਜਰਬੇਕਾਰ ਵਿਅਕਤੀ ਸਨ। ਇਸ ਦੇ ਨਾਲ ਹੀ ਉਹ ਪੁਰਾਣੀ ਸਭਿਅਤਾ ਪ੍ਰਤੀ ਪੱਖਪਾਤੀ ਸਨ। ਵਿਕਟੋਰੀਆ ਨੂੰ ਕਿਸੇ ਵੀ ਆਦਮੀ ਨੂੰ ਇਕੱਲੇ ਮਿਲਣ ਦੀ ਇਜਾਜ਼ਤ ਨਹੀਂ ਸੀ। ਵੱਡੇ ਨੌਕਰ ਵੀ ਉਸ ਕੋਲ ਨਹੀਂ ਆ ਸਕਦੇ ਸਨ। ਜਿੰਨਾ ਚਿਰ ਉਹ ਅਧਿਆਪਕਾਂ ਨਾਲ ਪੜ੍ਹਦੀ ਸੀ, ਉਸਦੀ ਮਾਂ ਜਾਂ ਵਿਕਟੋਰੀਆ ਅਠਾਰਾਂ ਸਾਲ ਦੀ ਉਮਰ ਵਿਚ ਗੱਦੀ 'ਤੇ ਬੈਠੀ। ਮਹਾਰਾਣੀ ਵਿਕਟੋਰੀਆ ਦਾ 63 ਸਾਲ ਅਤੇ ਸੱਤ ਮਹੀਨਿਆਂ ਦਾ ਲੰਬਾ ਰਾਜ ਹੈ। ਜਨਵਰੀ 1901) 20 ਜੂਨ 1837 ਤੋਂ 1901 ਵਿੱਚ ਆਪਣੀ ਮੌਤ ਤੱਕ ਯੂਨਾਈਟਿਡ ਕਿੰਗਡਮ ਆਫ਼ ਗ੍ਰੇਟ ਬ੍ਰਿਟੇਨ ਅਤੇ ਆਇਰਲੈਂਡ ਦੀ ਮਹਾਰਾਣੀ ਸੀ। ਵਿਕਟੋਰੀਆ ਆਪ ਲਿਖਦੀ ਹੈ ਕਿ ਹਰ ਰੋਜ਼ ਮੰਤਰੀਆਂ ਦੀਆਂ ਇੰਨੀਆਂ ਰਿਪੋਰਟਾਂ ਆਉਂਦੀਆਂ ਹਨ ਅਤੇ ਇੰਨੇ ਕਾਗਜ਼ਾਂ 'ਤੇ ਦਸਤਖਤ ਕਰਨੇ ਪੈਂਦੇ ਹਨ ਕਿ ਮੈਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਉਸ ਸਮੇਂ ਯੂਨਾਈਟਿਡ ਕਿੰਗਡਮ ਦੇ ਅੰਦਰ ਉਦਯੋਗਿਕ, ਰਾਜਨੀਤਿਕ, ਵਿਗਿਆਨਕ ਅਤੇ ਫੌਜੀ ਤਬਦੀਲੀਆਂ ਦਾ ਦੌਰ ਸੀ ਅਤੇ ਬ੍ਰਿਟਿਸ਼ ਸਾਮਰਾਜ ਦੇ ਇੱਕ ਮਹਾਨ ਵਿਸਤਾਰ ਦੁਆਰਾ ਚਿੰਨ੍ਹਿਤ ਕੀਤਾ ਗਿਆ ਸੀ। 1876 ਵਿੱਚ, ਸੰਸਦ ਨੇ ਉਸਨੂੰ ਭਾਰਤ ਦੀ ਮਹਾਰਾਣੀ ਦਾ ਵਾਧੂ ਖਿਤਾਬ ਦਿੱਤਾ। ਵਿਕਟੋਰੀਆ ਦਾ ਚਿੰਨ੍ਹ

ਵਿਕਟੋਰੀਆ ਪ੍ਰਿੰਸ ਐਡਵਰਡ, ਕੈਂਟ ਦੇ ਡਿਊਕ ਅਤੇ ਸਟ੍ਰੈਥਰਨ (ਕਿੰਗ ਜਾਰਜ III ਦਾ ਚੌਥਾ ਪੁੱਤਰ) ਅਤੇ ਸੈਕਸੇ-ਕੋਬਰਗ-ਸਾਲਫੀਲਡ ਦੀ ਰਾਜਕੁਮਾਰੀ ਵਿਕਟੋਰੀਆ ਦੀ ਧੀ ਸੀ।ਵਿਕਟੋਰੀਆ ਕੰਮਾਂ ਵਿੱਚ ਉਹ ਆਪਣਾ ਇੱਕੋ-ਇੱਕ ਅਧਿਕਾਰ ਸਮਝਦੀ ਸੀ। ਉਨ੍ਹਾਂ ਵਿਚ ਉਸ ਨੇ ਮਾਮੇ-ਮਾਮੀ ਦਾ ਦਖ਼ਲ ਵੀ ਸਵੀਕਾਰ ਨਹੀਂ ਕੀਤਾ। ਪਤਨੀ, ਮਾਂ ਅਤੇ ਰਾਣੀ - ਤਿੰਨੋਂ ਰੂਪਾਂ ਵਿੱਚ ਉਸਨੇ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਈ। ਘਰ ਦੇ ਨੌਕਰਾਂ ਨਾਲ ਉਸਦਾ ਵਿਹਾਰ ਬਹੁਤ ਵਧੀਆ ਸੀ। 1820 ਵਿੱਚ ਡਿਊਕ ਅਤੇ ਉਸਦੇ ਪਿਤਾ ਦੋਵਾਂ ਦੀ ਮੌਤ ਤੋਂ ਬਾਅਦ, ਉਸਦੀ ਦੇਖਭਾਲ ਉਸਦੀ ਮਾਂ ਉਸਦੇ ਸਾਥੀ, ਜੌਨ ਕੋਨਰੋਏ ਦੁਆਰਾ ਕੀਤੀ ਗਈ ਸੀ। 20 ਜੂਨ 1837 ਨੂੰ ਇੰਗਲੈਂਡ ਦੀ ਰਾਣੀ ਬਣ ਗਈ ਸੀ। ਵਿਕਟੋਰੀਆ ਨੇ 1840 ਵਿੱਚ ਸੈਕਸੇ-ਕੋਬਰਗ ਅਤੇ ਗੋਥਾ ਦੇ ਆਪਣੇ ਚਚੇਰੇ ਭਰਾ ਪ੍ਰਿੰਸ ਅਲਬਰਟ ਨਾਲ ਵਿਆਹ ਕਰਵਾ ਲਿਆ। ਉਹਨਾਂ ਦੇ ਬੱਚਿਆਂ ਨੇ ਪੂਰੇ ਮਹਾਂਦੀਪ ਵਿੱਚ ਸ਼ਾਹੀ ਅਤੇ ਨੇਕ ਪਰਿਵਾਰਾਂ ਵਿੱਚ ਵਿਆਹ ਕਰਵਾ ਲਿਆ, ਵਿਕਟੋਰੀਆ ਨੂੰ ਯੂਰਪ ਦੀ ਰਾਇਲਟੀ ਬਣਾ ਦਿੱਤਾ। "ਯੂਰਪ ਦੀ ਦਾਦੀ" ਅਤੇ ਸੋਮੋਫਿਲਿਆ ਫੈਲਾਉਣ ਲਈ ਕਮਾਈ ਕੀਤੀ।

ਜਦੋਂ ਉਸਦਾ ਵਿਆਹ ਹੋਇਆ ਤਾਂ ਉਸ ਨੇ ਆਪਣੇ ਪਤੀ ਨੂੰ ਵੀ ਪ੍ਰਸ਼ਾਸਨ ਤੋਂ ਦੂਰ ਰੱਖਿਆ। ਪਰ ਹੌਲੀ-ਹੌਲੀ ਪਤੀ ਦੇ ਪਿਆਰ, ਵਿਦਵਤਾ ਅਤੇ ਚਾਲ ਆਦਿ ਗੁਣਾਂ ਨੇ ਉਸ ਨੂੰ ਆਪਣੇ ਵੱਸ ਵਿਚ ਕਰ ਲਿਆ।ਉਹ ਆਪਣੇ ਪਤੀ ਦੀ ਇੱਛਾ ਅਨੁਸਾਰ ਚੱਲਣ ਲੱਗੀ। ਜਨਤਕ ਤੌਰ 'ਤੇ, ਉਹ ਇੱਕ ਰਾਸ਼ਟਰੀ ਪ੍ਰਤੀਕ ਬਣ ਗਈ, ਜਿਸਦੀ ਵਿਅਕਤੀਗਤ ਨੈਤਿਕਤਾ ਦੇ ਸਖਤ ਮਾਪਦੰਡਾਂ ਨਾਲ ਪਛਾਣ ਕੀਤੀ ਗਈ।ਪਰ ਉਹ 43 ਸਾਲ ਦੀ ਉਮਰ ਵਿੱਚ ਵਿਧਵਾ ਹੋ ਗਈ। ਇਸ ਦੁੱਖ ਦੇ ਬਾਵਜੂਦ ਉਸ ਨੇ 39 ਸਾਲ ਬੜੀ ਇਮਾਨਦਾਰੀ ਅਤੇ ਇਨਸਾਫ਼ ਨਾਲ ਰਾਜ ਕੀਤਾ। ਜੋ ਭਾਰ ਉਸ ਦੇ ਮੋਢਿਆਂ 'ਤੇ ਰੱਖਿਆ ਗਿਆ, ਉਸ ਨੇ ਆਪਣੀ ਤਾਕਤ ਅਤੇ ਯੋਗਤਾ ਅਨੁਸਾਰ ਅੰਤ ਤੱਕ ਉਸ ਨੂੰ ਚੁੱਕਿਆ। ਕਿਸੇ ਹੋਰ ਦੀ ਮਦਦ ਨੂੰ ਸਵੀਕਾਰ ਨਹੀਂ ਕੀਤਾ। ਉਸਦੀ ਸਮਝ ਭਾਵੇਂ ਘੱਟ ਦੱਸੀ ਗਈ ਹੈ ਸੀ, ਪਰ ਚਰਿੱਤਰ ਦੀ ਤਾਕਤ ਬਹੁਤ ਉੱਚੀ ਸੀ। ਉਸ ਦੇ ਸਮੇਂ ਦੌਰਾਨ ਰੇਲ ਅਤੇ ਤਾਰ ਵਰਗੀਆਂ ਉਪਯੋਗੀ ਕਾਢਾਂ ਕੀਤੀਆਂ ਗਈਆਂ ਸਨ।ਮਹਾਰਾਣੀ ਵਿਕਟੋਰੀਆ ਦੀ ਮੌਤ 22 ਜਨਵਰੀ 1901 ਈ ਨੂੰ ਹੋਈ।

ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ

## ਰਸਤਾ ਲੱਭੋ



## ਬਿੰਦੂ ਮਿਲਾਓ



*ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?*



# ਦੁਨੀਆ ਦੇ ਅੰਦਰ 5 ਸਭ ਤੋਂ ਔਖੀਆਂ ਡਾਕਟਰੀ ਪ੍ਰੀਖਿਆਵਾਂ

ਡਾ ਵਿਜੈ ਗਰਗ

ਡਾਕਟਰ ਬਣਨਾ ਸਿਰਫ਼ ਇੱਕ ਨੌਕਰੀ ਹਾਸਲ ਕਰਨਾ ਨਹੀਂ ਹੁੰਦਾ, ਇਹ ਸਾਲਾਂ ਦੀ ਮਿਹਨਤ, ਅਨੁਸ਼ਾਸਨ, ਮਨੋਵਿਗਿਆਨਕ ਦਬਾਅ ਅਤੇ ਸੰਘਰਸ਼ ਦੀ ਲੰਮੀ ਯਾਤਰਾ ਹੁੰਦੀ ਹੈ। ਦੁਨੀਆ ਭਰ ਵਿੱਚ ਲੱਖਾਂ ਵਿਦਿਆਰਥੀ ਚਿੱਟਾ ਕੋਟ ਪਹਿਨਣ ਦਾ ਸੁਪਨਾ ਦੇਖਦੇ ਹਨ, ਪਰ ਇਸ ਸੁਪਨੇ ਤੱਕ ਪਹੁੰਚਣ ਲਈ ਉਹਨਾਂ ਨੂੰ ਅਜਿਹੀਆਂ ਪ੍ਰੀਖਿਆਵਾਂ ਵਿਚੋਂ ਲੰਘਣਾ ਪੈਂਦਾ ਹੈ ਜੋ ਮਨੁੱਖੀ ਧੀਰਜ ਅਤੇ ਬੁੱਧੀ ਦੀ ਅਸਲੀ ਕਸੌਟੀ ਬਣ ਜਾਂਦੀਆਂ ਹਨ। ਕੁਝ ਮੈਡੀਕਲ ਪ੍ਰੀਖਿਆਵਾਂ ਇੰਨੀ ਮੁਸ਼ਕਲ ਮੰਨੀਆਂ ਜਾਂਦੀਆਂ ਹਨ ਕਿ ਉਹਨਾਂ ਦਾ ਨਾਮ ਹੀ ਵਿਦਿਆਰਥੀਆਂ ਦੇ ਮਨ ਵਿੱਚ ਡਰ ਅਤੇ ਤਣਾਅ ਪੈਦਾ ਕਰ ਦਿੰਦਾ ਹੈ। ਕਿਤੇ ਸੀਟਾਂ ਘੱਟ ਹਨ, ਕਿਤੇ ਸਿਲੇਬਸ ਬੇਹੱਦ ਵੱਡਾ ਹੈ ਅਤੇ ਕਿਤੇ ਪ੍ਰਤੀਯੋਗਤਾ ਇੰਨੀ ਜ਼ਿਆਦਾ ਹੈ ਕਿ ਸਾਲਾਂ ਦੀ ਤਿਆਰੀ ਵੀ ਕਾਫ਼ੀ ਨਹੀਂ ਲੱਗਦੀ। ਆਓ ਜਾਣਦੇ ਹਾਂ ਦੁਨੀਆ ਦੀਆਂ 5 ਸਭ ਤੋਂ ਔਖੀਆਂ ਡਾਕਟਰੀ ਪ੍ਰੀਖਿਆਵਾਂ ਬਾਰੇ, ਜਿਹਨਾਂ ਨੇ ਲੱਖਾਂ ਨੌਜਵਾਨਾਂ ਦੇ ਭਵਿੱਖ ਦੀ ਦਿਸ਼ਾ ਤੈਅ ਕੀਤੀ ਹੈ।

### ਐਮਸੀਸੀਕਿਊਈ (ਕੈਨੇਡਾ)

ਕੈਨੇਡਾ ਦੀ ਮੈਡੀਕਲ ਕੌਂਸਲ ਯੋਗਤਾ ਪ੍ਰੀਖਿਆ ਕੈਨੇਡਾ ਵਿੱਚ ਡਾਕਟਰੀ ਪ੍ਰੈਕਟਿਸ ਲਈ ਲਾਜ਼ਮੀ ਪ੍ਰੀਖਿਆ ਹੈ।

ਕੈਨੇਡਾ ਦੀ ਸਿਹਤ ਪ੍ਰਣਾਲੀ ਨੂੰ ਦੁਨੀਆ ਦੀਆਂ ਸਭ ਤੋਂ ਵਧੀਆ ਪ੍ਰਣਾਲੀਆਂ ਵਿੱਚ ਗਿਣਿਆ ਜਾਂਦਾ ਹੈ, ਇਸ ਲਈ ਉੱਥੇ ਡਾਕਟਰ ਬਣਨ ਲਈ ਮਿਆਰ ਵੀ ਬਹੁਤ ਉੱਚੇ ਹਨ।

ਇਸ ਪ੍ਰੀਖਿਆ ਵਿੱਚ ਵਿਦਿਆਰਥੀਆਂ ਦੀ ਕਲੀਨੀਕਲ ਸਮਝ, ਨੈਤਿਕਤਾ, ਮਰੀਜ਼ ਸੁਰੱਖਿਆ ਅਤੇ ਤੁਰੰਤ ਫੈਸਲਾ ਕਰਨ ਦੀ ਸਮਰੱਥਾ ਦੀ ਜਾਂਚ ਹੁੰਦੀ ਹੈ।

ਵਿਦੇਸ਼ੀ ਡਾਕਟਰਾਂ ਲਈ ਇਹ ਪ੍ਰੀਖਿਆ ਖ਼ਾਸ ਤੌਰ 'ਤੇ ਮੁਸ਼ਕਲ ਮੰਨੀ ਜਾਂਦੀ ਹੈ ਕਿਉਂਕਿ ਉਹਨਾਂ ਨੂੰ ਨਵੀਂ ਸਿਹਤ ਪ੍ਰਣਾਲੀ ਅਤੇ ਨਵੇਂ ਮੈਡੀਕਲ ਮਾਹੌਲ ਨਾਲ ਖੁਦ ਨੂੰ ਢਾਲਣਾ ਪੈਂਦਾ ਹੈ।

### ਯੂਐਸਐੱਮਐੱਲਈ (ਅਮਰੀਕਾ)

ਸੰਯੁਕਤ ਰਾਜ ਅਮਰੀਕਾ ਦੀ ਮੈਡੀਕਲ ਲਾਇਸੈਂਸਿੰਗ ਪ੍ਰੀਖਿਆ ਅਮਰੀਕਾ ਵਿੱਚ ਡਾਕਟਰ ਬਣਨ ਲਈ ਲਾਜ਼ਮੀ ਪ੍ਰੀਖਿਆਵਾਂ ਦੀ ਲੜੀ ਹੈ। ਇਸਨੂੰ ਦੁਨੀਆ ਦੀਆਂ ਸਭ ਤੋਂ ਔਖੀਆਂ ਮੈਡੀਕਲ ਲਾਇਸੈਂਸਿੰਗ ਪ੍ਰੀਖਿਆਵਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

ਯੂਐਸਐੱਮਐੱਲਈ ਦੇ ਕਈ ਪੜਾਅ ਹੁੰਦੇ ਹਨ — ਸਟਪ 1, ਸਟਪ 2 ਅਤੇ ਸਟਪ 3 ਇਹ ਪ੍ਰੀਖਿਆ ਸਿਰਫ਼ ਰਟਨ ਯਾਦਸ਼ਕਤੀ ਦੀ ਜਾਂਚ ਨਹੀਂ ਕਰਦੀ, ਸਗੋਂ ਵਿਦਿਆਰਥੀ ਦੀ ਕਲੀਨੀਕਲ ਸੋਚ ਅਤੇ ਮਰੀਜ਼ਾਂ ਨਾਲ ਜੁੜੀਆਂ ਅਸਲ ਸਥਿਤੀਆਂ ਵਿੱਚ ਫੈਸਲਾ ਕਰਨ ਦੀ ਸਮਰੱਥਾ ਨੂੰ ਵੀ ਪਰਖਦੀ ਹੈ।

ਦੁਨੀਆ ਭਰ ਦੇ ਹਜ਼ਾਰਾਂ ਡਾਕਟਰ ਅਮਰੀਕਾ ਵਿੱਚ ਕਰੀਅਰ ਬਣਾਉਣ ਲਈ ਇਹ ਪ੍ਰੀਖਿਆ ਦਿੰਦੇ ਹਨ।

### ਪੀਐਲਏਬੀ (ਬ੍ਰਿਟੇਨ)

ਪੀਐਲਏਬੀ ਬ੍ਰਿਟੇਨ ਵਿੱਚ ਵਿਦੇਸ਼ੀ ਮੈਡੀਕਲ ਗ੍ਰੈਜੂਏਟਸ ਲਈ ਲਾਜ਼ਮੀ ਪ੍ਰੀਖਿਆ ਹੈ।

ਇਹ ਦੋ ਭਾਗਾਂ ਵਿੱਚ ਹੁੰਦੀ ਹੈ। ਪਹਿਲੇ ਭਾਗ ਵਿੱਚ ਮੈਡੀਕਲ ਗਿਆਨ ਦੀ ਜਾਂਚ ਕੀਤੀ ਜਾਂਦੀ ਹੈ, ਜਦਕਿ ਦੂਜੇ ਭਾਗ ਵਿੱਚ ਅਸਲ ਹਸਪਤਾਲੀ ਸਥਿਤੀਆਂ ਵਿੱਚ ਡਾਕਟਰ ਦੀ ਪ੍ਰੈਕਟੀਕਲ ਸਮਰੱਥਾ ਨੂੰ ਪਰਖਿਆ ਜਾਂਦਾ ਹੈ।

ਇਸ ਪ੍ਰੀਖਿਆ ਦੀ ਸਭ ਤੋਂ ਵੱਡੀ ਚੁਣੌਤੀ ਸਿਰਫ਼ ਪੜ੍ਹਾਈ ਨਹੀਂ, ਸਗੋਂ ਭਾਸ਼ਾ, ਮਰੀਜ਼ਾਂ ਨਾਲ ਸੰਚਾਰ ਅਤੇ ਬ੍ਰਿਟਿਸ਼ ਸਿਹਤ ਪ੍ਰਣਾਲੀ ਨੂੰ ਸਮਝਣਾ ਵੀ ਹੁੰਦਾ ਹੈ।

ਪੀਐਲਏਬੀ ਇਹ ਸਾਬਤ ਕਰਦੀ ਹੈ ਕਿ ਡਾਕਟਰੀ ਸਿਰਫ ਵਿਗਿਆਨ ਨਹੀਂ, ਮਨੁੱਖੀ ਸੰਵੇਦਨਾ ਦੀ ਕਲਾ ਵੀ ਹੈ।

### ਗਾਓਕਾਓ ਮੈਡੀਕਲ ਸਟ੍ਰੀਮ (ਚੀਨ)

ਗਾਓਕਾਓ ਚੀਨ ਦੀ ਰਾਸ਼ਟਰੀ ਦਾਖਲਾ ਪ੍ਰੀਖਿਆ ਹੈ। ਮੈਡੀਕਲ ਸਟ੍ਰੀਮ ਵਿੱਚ ਦਾਖਲਾ ਲੈਣ ਲਈ ਵਿਦਿਆਰਥੀਆਂ ਨੂੰ ਬੇਹੱਦ ਉੱਚ ਅੰਕ ਹਾਸਲ ਕਰਨੇ ਪੈਂਦੇ ਹਨ।

ਚੀਨ ਵਿੱਚ ਵਿਦਿਆਰਥੀ ਸਾਲਾਂ ਤੱਕ ਕਠੋਰ ਰੁਟੀਨ ਨਾਲ ਤਿਆਰੀ ਕਰਦੇ ਹਨ। ਕਈ ਸਕੂਲਾਂ ਵਿੱਚ ਵਿਦਿਆਰਥੀ ਸਵੇਰੇ ਤੋਂ ਲੈ ਕੇ ਰਾਤ ਦੇਰ ਤੱਕ ਪੜ੍ਹਾਈ ਕਰਦੇ ਹਨ। ਗਾਓਕਾਓ ਨੂੰ ਸਿਰਫ਼ ਇੱਕ ਪ੍ਰੀਖਿਆ ਨਹੀਂ, ਸਗੋਂ ਜੀਵਨ ਬਦਲਣ ਵਾਲਾ ਮੋੜ ਮੰਨਿਆ ਜਾਂਦਾ ਹੈ। ਇੱਕ ਛੋਟਾ ਜਿਹਾ ਅੰਕ ਵੀ ਵਿਦਿਆਰਥੀ ਦੇ ਭਵਿੱਖ ਦੀ ਦਿਸ਼ਾ ਤੈਅ ਕਰ ਸਕਦਾ ਹੈ।

ਇਸ ਪ੍ਰੀਖਿਆ ਦਾ ਮਨੋਵਿਗਿਆਨਕ ਦਬਾਅ ਇੰਨਾ ਵੱਧ ਹੁੰਦਾ ਹੈ ਕਿ ਕਈ ਵਿਸ਼ੇਸ਼ਗਿਆਨ ਇਸਨੂੰ "ਜੀਵਨ ਦੀ ਸਭ ਤੋਂ ਵੱਡੀ ਅਕਾਦਮਿਕ ਜੰਗ" ਕਹਿੰਦੇ ਹਨ।

### ਨੀਟ ਯੂਜੀ (ਭਾਰਤ)

ਨੀਟ ਯੂਜੀ ਭਾਰਤ ਦੀ ਸਭ ਤੋਂ ਵੱਡੀ ਮੈਡੀਕਲ ਦਾਖਲਾ ਪ੍ਰੀਖਿਆ ਹੈ। ਐਮਬੀਬੀਐਸ ਅਤੇ ਬੀਡੀਐਸ ਵਰਗੇ ਕੋਰਸਾਂ ਵਿੱਚ ਦਾਖਲਾ ਲੈਣ ਲਈ ਇਹ ਪ੍ਰੀਖਿਆ ਲਾਜ਼ਮੀ ਹੈ।

ਹਰ ਸਾਲ 20 ਲੱਖ ਤੋਂ ਵੱਧ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਬੈਠਦੇ ਹਨ, ਜਦਕਿ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਸੀਟਾਂ ਬਹੁਤ ਘੱਟ ਹਨ। ਇਸ ਕਰਕੇ ਬੇਹੱਦ ਉੱਚ ਪੱਧਰੀ ਮੁਕਾਬਲਾ ਬਣ ਜਾਂਦਾ ਹੈ।

ਨੀਟ ਦੀ ਸਭ ਤੋਂ ਵੱਡੀ ਮੁਸ਼ਕਲ ਸਿਰਫ਼ ਪ੍ਰਸ਼ਨਾਂ ਦੀ ਕਠਿਨਾਈ ਨਹੀਂ, ਸਗੋਂ ਉਹ ਮਾਨਸਿਕ ਦਬਾਅ ਹੈ ਜੋ ਵਿਦਿਆਰਥੀਆਂ 'ਤੇ ਬਣਦਾ ਹੈ। ਕਈ ਵਿਦਿਆਰਥੀ ਇੱਕ ਜਾਂ ਦੋ ਸਾਲ ਦਾ "ਡ੍ਰੌਪ" ਲੈ ਕੇ ਤਿਆਰੀ ਕਰਦੇ ਹਨ। ਕੋਚਿੰਗ ਸੰਸਕ੍ਰਿਤੀ, ਪਰਿਵਾਰ ਦੀਆਂ ਉਮੀਦਾਂ ਅਤੇ ਸਮਾਜਕ ਦਬਾਅ ਇਸਨੂੰ ਹੋਰ ਵੀ ਮੁਸ਼ਕਲ ਬਣਾ ਦਿੰਦੇ ਹਨ।

## ਇਹ ਪ੍ਰੀਖਿਆਵਾਂ ਇੰਨੀਆਂ ਔਖੀਆਂ ਕਿਉਂ ਹਨ?

ਇਹਨਾਂ ਪ੍ਰੀਖਿਆਵਾਂ ਦੀ ਮੁਸ਼ਕਲ ਦੇ ਪਿੱਛੇ ਕਈ ਕਾਰਣ ਹਨ:

- ਸੀਟਾਂ ਘੱਟ ਅਤੇ ਮੁਕਾਬਲਾ ਬਹੁਤ ਵੱਧ
- ਵਿਸ਼ਾਲ ਸਿਲੇਬਸ
- ਸਾਲਾਂ ਦੀ ਤਿਆਰੀ
- ਪਰਿਵਾਰ ਅਤੇ ਸਮਾਜ ਦਾ ਦਬਾਅ
- ਅਸਫਲਤਾ ਦਾ ਡਰ
- ਮਾਨਸਿਕ ਥਕਾਵਟ ਅਤੇ ਇਕੱਲਾਪਣ



ਅੱਜ ਡਾਕਟਰੀ ਸਿੱਖਿਆ ਸਿਰਫ਼ ਅਕਾਦਮਿਕ ਯੋਗਤਾ ਨਹੀਂ, ਸਗੋਂ ਮਾਨਸਿਕ ਸਹਿਨਸ਼ੀਲਤਾ ਦੀ ਵੀ ਪਰਖ ਬਣ ਚੁੱਕੀ ਹੈ।

ਕੀ ਸਿਰਫ਼ ਪ੍ਰੀਖਿਆ ਪਾਸ ਕਰਨਾ ਹੀ ਸਫਲਤਾ ਹੈ?

ਦੁਨੀਆ ਭਰ ਵਿੱਚ ਹੁਣ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਇੱਕ ਔਖੀ ਪ੍ਰੀਖਿਆ ਹੀ ਕਿਸੇ ਚੰਗੇ ਡਾਕਟਰ ਦੀ ਪਹਿਚਾਣ ਹੋ ਸਕਦੀ ਹੈ?

ਇੱਕ ਵਧੀਆ ਡਾਕਟਰ ਬਣਨ ਲਈ ਸਿਰਫ਼ ਅੰਕ ਨਹੀਂ, ਸਗੋਂ ਸੰਵੇਦਨਸ਼ੀਲਤਾ, ਸੰਚਾਰ ਕੌਸ਼ਲ, ਨੈਤਿਕਤਾ ਅਤੇ ਮਰੀਜ਼ਾਂ ਪ੍ਰਤੀ ਮਨੁੱਖੀ ਦ੍ਰਿਸ਼ਟੀਕੋਣ ਵੀ ਜ਼ਰੂਰੀ ਹੁੰਦੇ ਹਨ।

ਕਈ ਵਿਦਿਆਰਥੀ ਅਸਫਲਤਾ ਤੋਂ ਬਾਅਦ ਆਪਣੇ ਆਪ ਨੂੰ ਨਿਕੰਮਾ ਸਮਝਣ ਲੱਗਦੇ ਹਨ, ਜਦਕਿ ਹਕੀਕਤ ਇਹ ਹੈ ਕਿ ਇੱਕ ਪ੍ਰੀਖਿਆ ਕਿਸੇ ਮਨੁੱਖ ਦੀ ਪੂਰੀ ਸਮਰੱਥਾ ਦਾ ਫ਼ੈਸਲਾ ਨਹੀਂ ਕਰ ਸਕਦੀ।

### ਨਿਸ਼ਕਰਸ਼

ਦੁਨੀਆ ਦੀਆਂ ਸਭ ਤੋਂ ਔਖੀਆਂ ਡਾਕਟਰੀ ਪ੍ਰੀਖਿਆਵਾਂ ਸਿਰਫ਼ ਅਕਾਦਮਿਕ ਟੈਸਟ ਨਹੀਂ ਹਨ; ਇਹ ਨੌਜਵਾਨਾਂ ਦੀ ਮਾਨਸਿਕ ਤਾਕਤ, ਧੀਰਜ ਅਤੇ ਸੰਘਰਸ਼ ਦੀ ਕਹਾਣੀ ਵੀ ਹਨ।

ਇਹ ਪ੍ਰੀਖਿਆਵਾਂ ਪਾਸ ਕਰਨ ਵਾਲੇ ਵਿਦਿਆਰਥੀ ਸਾਲਾਂ ਦੀ ਮਿਹਨਤ ਤੋਂ ਬਾਅਦ ਡਾਕਟਰ ਬਣਦੇ ਹਨ। ਪਰ ਇਸਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਸਿੱਖਿਆ ਪ੍ਰਣਾਲੀਆਂ ਵਿਦਿਆਰਥੀਆਂ ਦੇ ਮਾਨਸਿਕ ਸਿਹਤ ਅਤੇ ਜੀਵਨ ਦੀ ਗੁਣਵੱਤਾ ਨੂੰ ਵੀ ਮਹੱਤਵ ਦੇਣ।

ਕਿਉਂਕਿ ਆਖ਼ਿਰਕਾਰ ਡਾਕਟਰੀ ਦਾ ਮਕਸਦ ਸਿਰਫ਼ ਡਾਕਟਰ ਬਣਾਉਣਾ ਨਹੀਂ, ਸਗੋਂ ਮਨੁੱਖਤਾ ਦੀ ਸੇਵਾ ਕਰਨ ਵਾਲੇ ਸੰਵੇਦਨਸ਼ੀਲ ਚਿਕਿਤਸਕ ਤਿਆਰ ਕਰਨਾ ਹੈ।

ਡਾਕਟਰੀ ਦੇ ਖੇਤਰ ਵਿੱਚ ਸਫ਼ਲਤਾ ਪਾਉਣ ਦੀ ਇਹ ਯਾਤਰਾ ਸਿਰਫ਼ ਕਿਤਾਬੀ ਗਿਆਨ ਤੱਕ ਸੀਮਤ ਨਹੀਂ ਹੁੰਦੀ, ਸਗੋਂ ਇਹ ਵਿਦਿਆਰਥੀਆਂ ਦੀ ਮਾਨਸਿਕ ਦ੍ਰਿੜਤਾ ਅਤੇ ਸਮਰਪਣ ਦੀ ਪਰਖ ਕਰਦੀ ਹੈ। ਇਹ 5 ਸਭ ਤੋਂ ਮੁਸ਼ਕਲ ਪ੍ਰੀਖਿਆਵਾਂ ਸਾਬਤ ਕਰਦੀਆਂ ਹਨ ਕਿ ਇੱਕ ਯੋਗ ਡਾਕਟਰ ਬਣਨ ਲਈ ਕਿੰਨੀ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ। ਜਿਹੜੇ ਵਿਦਿਆਰਥੀ ਇਸ ਅਥਾਹ ਦਬਾਅ, ਅਸਫ਼ਲਤਾ ਦੇ ਡਰ ਅਤੇ ਦਿਨ-ਰਾਤ ਦੀ ਸਖ਼ਤ ਮਿਹਨਤ ਦਾ ਸਾਹਮਣਾ ਕਰਕੇ ਅੱਗੇ ਨਿਕਲਦੇ ਹਨ, ਉਹੀ ਮਨੁੱਖਤਾ ਦੀ ਸੇਵਾ ਕਰਨ ਦੇ ਯੋਗ ਬਣਦੇ ਹਨ। ਚਿੱਟੇ ਕੋਟ ਅਤੇ ਸਟੈਥੋਸਕੋਪ ਦੇ ਪਿੱਛੇ ਲੁਕਿਆ ਇਹ ਸੰਘਰਸ਼ ਹੀ ਡਾਕਟਰੀ ਦੇ ਪੇਸ਼ੇ ਨੂੰ ਦੁਨੀਆ ਦਾ ਸਭ ਤੋਂ ਸਤਿਕਾਰਤ ਅਤੇ ਪਵਿੱਤਰ ਅਹੁਦਾ ਬਣਾਉਂਦਾ ਹੈ।



# ਨਾਰੀ ਸੰਸਾਰ







## ਇੰਟਰਨੈੱਟ ਗੇਮਾਂ ਅਤੇ ਬੱਚੇ

**ਲਿਖਤ : ਪ੍ਰਭ ਸਿਮਰਨਪਾਲ ਸਿੰਘ**
**ਮੋਬਾ: 95920-61456**

ਦੋਸਤੋ, ਪਹਿਲਾਂ ਅਸੀਂ ਅੱਜ ਤੱਕ ਇਹ ਸੁਣਦੇ ਆਏ ਹਾਂ ਕਿ ਹਿੰਦੁਸਤਾਨ ਵਿਚ ਅਨੇਕਾਂ ਹੀ ਤਰ੍ਹਾਂ ਦਾ ਨਸ਼ਾ ਚੱਲ ਰਿਹਾ ਹੈ ਜਿਵੇਂ ਕਿ ਚਿੱਟਾ, ਅਫੀਮ, ਪੋਸਤ ਆਦਿ ਹੋਰ ਕਈ ਤਰ੍ਹਾਂ ਦੇ ਸਿੰਥੈਟਿਕ ਨਸ਼ੇ। ਪਰ ਜ਼ਰਾ ਗੌਰ ਕਰੋ, ਇਨ੍ਹਾਂ ਸਭ ਦੇ ਨਾਲ ਨੌਜਵਾਨ ਪੀੜ੍ਹੀ ਇਕ ਹੋਰ ਨਸ਼ੇ ਦਾ ਸੇਵਨ ਕਰ ਰਹੀ ਹੈ, ਜਿਸ ਦਾ ਨਾਂਅ ਹੈ ਇੰਟਰਨੈੱਟ ਗੇਮਾਂ ਦਾ ਨਸ਼ਾ। ਇੰਟਰਨੈੱਟ ਗੇਮਾਂ 'ਚ ਕਈ ਤਰ੍ਹਾਂ ਦੀਆਂ ਗੇਮਾਂ ਹਨ ਜਿਵੇਂ ਕਿ ਪੱਬ ਜੀ, ਮਿੰਨੀ ਮਿਲਟੀਆ, ਏਟ ਬਾਲ ਪੂਲ, ਬਲੂ ਵੇਲ, ਪਾਕਿਮਾਨ ਗੋ ਆਦਿ। ਹਾਲਾਂਕਿ ਇਨ੍ਹਾਂ ਵਿਚੋਂ ਕਈ ਜਾਨਲੇਵਾ ਗੇਮਾਂ 'ਤੇ ਸਰਕਾਰ ਵਲੋਂ ਰੋਕ ਲਗਾ ਦਿੱਤੀ ਗਈ ਹੈ। ਜਿਸ ਤਰ੍ਹਾਂ ਨਸ਼ੇ ਨੌਜਵਾਨਾਂ ਦੀ ਬਰਬਾਦੀ ਦਾ ਕਾਰਨ ਬਣ ਰਹੇ ਹਨ, ਉਸੇ ਤਰ੍ਹਾਂ ਇਹ ਗੇਮਾਂ ਵੀ ਨੌਜਵਾਨਾਂ ਦੇ ਭਵਿੱਖ ਅਤੇ ਸਰੀਰ ਦੀ ਬਰਬਾਦੀ ਦਾ ਕਾਰਨ ਬਣ ਰਹੀਆਂ ਹਨ। ਅੱਜ ਦੇ ਨੌਜਵਾਨ ਆਪਣਾ ਬਹੁਤ ਜ਼ਿਆਦਾ ਕੀਮਤੀ ਸਮਾਂ ਇਨ੍ਹਾਂ ਗੇਮਾਂ ਨੂੰ ਖੇਡਦੇ ਹੋਏ ਬਰਬਾਦ ਕਰ ਦਿੰਦੇ ਹਨ। ਇਨ੍ਹਾਂ ਗੇਮਾਂ ਨੂੰ ਖੇਡਦੇ ਸਮੇਂ ਉਹ ਆਪਣੀਆਂ ਜ਼ਿੰਮੇਵਾਰੀਆਂ ਭਾਵੇਂ ਪੜ੍ਹਾਈ ਹੋਵੇ ਜਾਂ ਕੋਈ ਕੰਮਕਾਰ, ਭੁੱਲ ਜਾਂਦੇ ਹਨ। ਇਹ ਗੇਮਾਂ ਵੀ ਇਸ ਤਰ੍ਹਾਂ ਤਿਆਰ ਕੀਤੀਆਂ ਗਈਆਂ ਹਨ, ਜਿਵੇਂ-ਜਿਵੇਂ ਤੁਸੀਂ ਅੱਗੇ ਵਧਦੇ ਜਾਓਗੇ, ਉਵੇਂ ਹੀ ਤੁਹਾਡਾ ਰੁਝਾਨ ਵਧਦਾ ਜਾਵੇਗਾ ਤੇ ਤੁਹਾਨੂੰ ਹੋਰ ਜ਼ਿਆਦਾ ਪੁਆਇੰਟ ਬਣਾਉਣ ਦੀ ਰੁਚੀ ਬਣੇਗੀ। ਇਹ ਵੀ ਬਿਲਕੁਲ ਉਸੇ ਤਰ੍ਹਾਂ ਹੀ ਹੈ ਜਿਵੇਂ ਕਿਸੇ ਦੂਜੇ ਨਸ਼ੇ ਦੀ ਤੋੜ ਲਗਦੀ ਹੈ। ਅੱਜਕਲ੍ਹ ਤਾਂ ਬੱਚਿਆਂ ਨੂੰ ਇਨ੍ਹਾਂ ਗੇਮਾਂ ਦੀ ਵੀ ਤੋੜ ਲੱਗਣ ਲੱਗ ਗਈ ਹੈ। ਕਈ ਵਾਰ ਤਾਂ ਆਪਣਾ ਕੰਮਕਾਰ ਅਧੂਰਾ ਛੱਡ ਕੇ ਇਨ੍ਹਾਂ ਗੇਮਾਂ ਦੁਆਲੇ ਲੱਗ ਜਾਂਦੇ ਹਨ। ਮੰਨ ਲਓ ਉਸ ਤੋਂ ਫੋਨ ਜਾਂ ਲੈਪਟਾਪ ਖੋਹ ਲਿਆ ਜਾਵੇ ਤਾਂ ਉਹ ਬਿਲਕੁਲ ਉਸ ਤਰ੍ਹਾਂ ਹੀ ਹਰਕਤਾਂ ਕਰਦਾ ਹੈ, ਜਿਵੇਂ ਕਿਸੇ ਨਸ਼ੇੜੀ ਤੋਂ ਕੋਈ ਨਸ਼ਾ ਖੋਹ ਲਿਆ ਜਾਵੇ। ਅੱਜਕਲ੍ਹ ਇਹ ਆਮ ਹੀ ਦੇਖਣ ਨੂੰ ਮਿਲਦਾ ਹੈ ਕਿ ਕਾਲਜਾਂ ਦੇ ਅਤੇ ਸਕੂਲਾਂ ਦੇ ਬੱਚੇ ਸਕੂਲ ਵਿਚ ਹੀ 5-7 ਵਿਅਕਤੀਆਂ ਦਾ ਗਰੁੱਪ ਬਣਾ ਕੇ ਖੇਡਦੇ ਹਨ। ਇਸ ਦਾ ਪੱਧਰ ਤਾਂ ਇਥੋਂ ਤੱਕ ਚਲਾ ਗਿਆ ਹੈ ਕਿ ਕਈ-ਕਈ ਵਿਦਿਆਰਥੀ ਤਾਂ ਲੈਕਚਰ ਦੇ ਸਮੇਂ ਵੀ ਕਲਾਸ ਰੂਮ ਵਿਚ ਇਹ ਗੇਮਾਂ ਖੇਡਦੇ ਦੇਖੇ ਜਾ ਸਕਦੇ ਹਨ। ਹੁਣ ਇਕ ਹੋਰ ਪਤੇ ਦੀ ਗੱਲ ਕਰੀਏ ਤਾਂ ਸਾਨੂੰ ਇਹ ਗੇਮਾਂ ਖੇਡ ਕੇ ਇਕ ਫੁੱਟੀ ਕੌਡੀ ਦਾ ਵੀ ਫਾਇਦਾ ਨਹੀਂ ਹੁੰਦਾ। ਦੂਜੇ ਪਾਸੇ ਜਿਹੜੇ ਇਹ ਗੇਮਾਂ ਦੇ ਨਿਰਮਾਤਾ ਹਨ, ਉਹ ਕਰੋੜਾਂ ਰੁਪਿਆ ਕਮਾ ਰਹੇ ਹਨ। ਅਸੀਂ ਆਪਣਾ ਬਹੁਤ ਕੁਝ ਗਵਾ ਰਹੇ ਹਾਂ ਇਹ ਗੇਮਾਂ ਖੇਡ ਕੇ। ਦੋਸਤੋ, ਇਨ੍ਹਾਂ ਗੇਮਾਂ ਦਾ ਸਾਡੇ ਅਤੇ ਸਾਡੀ ਸਿਹਤ 'ਤੇ ਬਹੁਤ ਹੀ ਮਾੜਾ ਅਸਰ (ਦੁਸ਼ਪ੍ਰਭਾਵ) ਪੈ ਰਿਹਾ ਹੈ, ਜਿਵੇਂ ਕਿ ਜਦੋਂ ਅਸੀਂ ਘੰਟਿਆਂ ਬੱਧੀ ਇਨ੍ਹਾਂ 'ਤੇ ਅੱਖਾਂ ਟਿਕਾਈ ਰੱਖਦੇ ਹਾਂ ਤਾਂ ਸਾਡੀਆਂ ਅੱਖਾਂ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ, ਉਵੇਂ ਹੀ ਅਸੀਂ ਹੱਥਾਂ ਵਿਚ ਮੋਬਾਈਲ ਫੜ ਕੇ ਬੈਠੇ ਰਹਿੰਦੇ ਹਾਂ ਤਾਂ ਸਾਡੇ ਹੱਥਾਂ ਦੀਆਂ ਮਾਸਪੇਸ਼ੀਆਂ 'ਤੇ ਸਿੱਧਾ-ਸਿੱਧਾ ਅਸਰ ਪੈਂਦਾ ਹੈ। ਇਹ ਗੇਮਾਂ ਖੇਡਣ ਨਾਲ ਸਾਡੇ ਦਿਮਾਗ 'ਤੇ ਵੀ ਸਿੱਧਾ ਅਸਰ ਪੈਂਦਾ ਹੈ। ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਤੋਂ ਇਕਾਗਰਤਾ ਹਟਣ ਦਾ ਇਹ ਮੁੱਖ ਕਾਰਨ ਹੈ। ਕਈ ਵਾਰ ਬੱਚੇ ਕਿਤਾਬ ਬਾਅਦ 'ਚ ਚੁੱਕਦੇ ਹਨ ਤੇ ਇਨ੍ਹਾਂ ਖੇਡਾਂ ਬਾਰੇ ਸੋਚਣ ਲੱਗ ਜਾਂਦੇ ਹਨ। ਇਕ ਰੋਜ਼ਾਨਾ ਅਖ਼ਬਾਰ ਦੇ ਅਨੁਸਾਰ ਇਹ ਪਤਾ ਲੱਗਾ ਹੈ ਕਿ ਪਿਛਲੇ ਸਮੇਂ ਨਾਲੋਂ ਹੁਣ ਦੇ ਸਮੇਂ ਵਿਚ ਫੌਜ ਦਾ ਸਰੀਰਕ ਟੈਸਟ ਪਾਸ ਕਰਨ ਵਾਲੇ ਨੌਜਵਾਨਾਂ ਵਿਚ ਕਾਫੀ ਕਮੀ ਆਈ ਹੈ। ਇਨ੍ਹਾਂ ਗੇਮਾਂ ਨੂੰ ਛੱਡ ਕੇ ਸਾਨੂੰ ਉਹ ਗੇਮਾਂ ਖੇਡਣੀਆਂ ਚਾਹੀਦੀਆਂ ਹਨ, ਜਿਸ ਨਾਲ ਸਾਡਾ ਸਰੀਰ ਤਰੋਤਾਜ਼ਾ ਹੋਵੇ ਤੇ ਸਰੀਰ ਨੂੰ ਥੋੜ੍ਹੀ-ਬਹੁਤ ਖੇਚਲ ਮਿਲੇ। ਬਾਹਰਲੀਆਂ ਖੇਡਾਂ ਖੇਡਣ ਨਾਲ ਸਾਡਾ ਸਰੀਰ ਤੰਦਰੁਸਤ ਹੁੰਦਾ ਹੈ ਤੇ ਬਿਮਾਰੀ-ਰਹਿਤ ਹੁੰਦਾ ਹੈ। ਦੋਸਤੋ, ਨਸ਼ਾ ਤਾਂ ਨਸ਼ਾ ਹੀ ਹੁੰਦਾ ਹੈ, ਭਾਵੇਂ ਉਹ ਅਫੀਮ, ਸ਼ਰਾਬ ਦਾ ਹੋਵੇ, ਭਾਵੇਂ ਉਹ ਇੰਟਰਨੈੱਟ ਗੇਮਾਂ ਦਾ। ਅਜੇ ਵੀ ਸਮਾਂ ਹੈ, ਸਾਨੂੰ ਰੱਬ ਨੇ ਦਿਮਾਗ ਦਿੱਤਾ, ਸਾਨੂੰ ਉਸ ਤੋਂ ਕੰਮ ਲੈਣਾ ਚਾਹੀਦਾ ਹੈ, ਨਹੀਂ ਤਾਂ ਉਹ ਦਿਨ ਦੂਰ ਨਹੀਂ, ਜਿਸ ਦਿਨ ਸਾਡਾ ਸਰੀਰ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਵੇਗਾ। ਅੱਜਕਲ੍ਹ ਕਈ ਵਾਰ ਛੋਟੀ ਉਮਰ ਦੇ ਬੱਚਿਆਂ ਨੂੰ ਹੀ ਫੋਨ ਫੜਾ ਦਿੱਤਾ ਜਾਂਦਾ ਹੈ, ਜੋ ਕਿ ਬਹੁਤ ਗ਼ਲਤ ਹੈ। ਉਸ ਨਾਲ ਬੱਚੇ ਦੇ ਵਿਕਾਸ ਦੀ ਦਰ ਘਟ ਜਾਂਦੀ ਹੈ। ਮਾਂ-ਪਿਓ ਨੂੰ ਵੀ ਥੋੜ੍ਹਾ ਜਾਗਰੂਕ ਹੋਣਾ ਪਵੇਗਾ। ਆਸ ਕਰਦਾ ਹਾਂ ਕਿ ਆਪਾਂ ਸਾਰੇ ਆਪਣੀ ਸਿਹਤ ਅਤੇ ਤਰੱਕੀ ਵੱਲ ਧਿਆਨ ਦੇਈਏ ਤੇ ਜ਼ਿੰਦਗੀ ਵਿਚ ਸਫ਼ਲ ਹੋਈਏ, ਕਿਉਂਕਿ ਇਕ ਅੰਗਰੇਜ਼ੀ ਦੀ ਕਹਾਵਤ 'ਹੈਲਥ ਇਜ ਵੈਲਥ' ਅਨੁਸਾਰ 'ਤੰਦਰੁਸਤੀ ਹੀ ਇਨਸਾਨ ਦੀ ਸਭ ਤੋਂ ਵੱਡੀ ਦੌਲਤ ਹੈ।'



## ਚਾਕਲੇਟ ਕਾਜੂ ਕਤਲੀ

**ਸਮੱਗਰੀ : * 2 ਕੱਪ ਕਾਜੂ, * 1 ਕੱਪ ਚੀਨੀ, * 100 ਮਿ: ਲਿ: ਪਾਣੀ, * 1 ਕੱਪ ਦੁੱਧ ਚਾਕਲੇਟ ਜਾਂ ਕਾਲਾ ਚਾਕਲੇਟ।**

ਵਿਧੀ : ਚਾਕਲੇਟ ਕਾਜੂ ਕਤਲੀ ਬਣਾਉਣ ਲਈ ਸਭ ਤੋਂ ਪਹਿਲਾਂ ਕਾਜੂ ਲੈ ਕੇ ਉਨ੍ਹਾਂ ਨੂੰ ਮਿਕਸੀ ਵਿਚ ਬਰੀਕ ਪਾਊਡਰ ਬਣਾ ਲਓ। ਇਕ ਮੋਟੇ ਤਲੇ ਵਾਲਾ ਪੈਨ ਲਓ। ਇਸ ਵਿਚ ਚੀਨੀ ਅਤੇ ਪਾਣੀ ਪਾਓ। ਅੱਗ 'ਤੇ ਰੱਖੋ ਅਤੇ ਉਬਲਣ ਦਿਓ। ਜਦੋਂ ਚੀਨੀ ਚੰਗੀ ਤਰ੍ਹਾਂ ਘੁਲ ਜਾਵੇ ਤਾਂ ਗੈਸ ਘੱਟ ਕਰ ਦਿਓ ਅਤੇ ਇਸ ਨੂੰ ਇਕ ਤਾਰ ਦੀ ਚਾਸ਼ਣੀ ਬਣਨ ਤੱਕ ਉਬਲਣ ਦਿਓ। ਇਹ ਦੇਖਣ ਲਈ ਕਿ ਕੀ ਇਹ ਠੀਕ ਬਣ ਗਈ ਹੈ ਤਾਂ ਇਸ ਘੋਲ ਦੇ ਕੁਝ ਤੁਪਕੇ ਇਕ ਸਾਫ਼ ਪਲੇਟ ਵਿਚ ਪਾਓ ਅਤੇ 15-20 ਮਿੰਟ ਤੱਕ ਠੰਢਾ ਹੋਣ ਦਿਓ ਅਤੇ ਇਸ ਨੂੰ ਆਪਣੀ ਪਹਿਲੀ ਉਂਗਲ ਤੇ ਅੰਗੂਠੇ ਵਿਚਕਾਰ ਇਕ ਤਾਰ ਬਣਾ ਕੇ ਦੇਖੋ। ਜੇਕਰ ਇਹ ਘੋਲ ਇਕ ਤਾਰ ਦਾ ਬਣ ਗਿਆ ਹੈ ਤਾਂ ਕਾਜੂ ਪਾਊਡਰ ਇਸ ਵਿਚ ਪਾ ਦਿਓ ਅਤੇ 4-5 ਮਿੰਟ ਲਈ ਮਿਲਾਓ। ਇਹ ਮਿਕਸਚਰ ਸੰਘਣੀ ਹੋ ਜਾਵੇਗੀ। ਹੁਣ ਇਸ ਮਿਕਸਚਰ ਨੂੰ ਅੱਗ ਤੋਂ ਉਤਾਰ ਲਓ ਅਤੇ ਠੰਢਾ ਹੋਣ ਦਿਓ। ਜਦੋਂ ਇਹ ਆਮ ਤਾਪਮਾਨ 'ਤੇ ਠੰਢਾ ਹੋ ਜਾਵੇ ਤਾਂ ਆਪਣੇ ਹੱਥਾਂ ਨੂੰ ਘਿਓ ਲਗਾ ਕੇ ਇਸ ਨੂੰ ਇਕੋ ਜਿਹਾ ਹੋਣ ਤੱਕ ਗੁੰਨੋ। ਹੁਣ ਇਕ ਬਟਰ ਪੇਪਰ ਦੀ ਸ਼ੀਟ ਨੂੰ ਸੈਲਫ ਉੱਪਰ ਵਿਛਾਓ ਤੇ ਇਸ ਉੱਪਰ ਗੁੰਨੇ ਮਿਕਸਚਰ ਨੂੰ ਫੈਲਾਓ। ਰੋਲਿੰਗ ਪਿੰਨ ਜਿਸ ਦੀ ਮੋਟਾਈ 5-6 ਐਮ.ਐਮ. ਹੈ, ਨਾਲ ਰੋਲ ਕਰੋ। ਹੁਣ ਇਕ ਪੈਨ ਵਿਚ ਪਾਣੀ ਪਾ ਕੇ ਅੱਗ 'ਤੇ ਰੱਖੋ। ਇਸ ਉੱਪਰ ਹੀਟ ਪਰੂਫ਼ ਬਾਊਲ ਰੱਖੋ ਅਤੇ ਉਸ ਵਿਚ ਚਾਕਲੇਟ ਪਿਘਲਾਓ। ਪਾਣੀ ਦੀ ਗਰਮੀ ਨਾਲ ਚਾਕਲੇਟ ਹੌਲੀ-ਹੌਲੀ ਪਿਘਲਣ ਲੱਗੇਗੀ। ਧਿਆਨ ਰੱਖੋ ਕਿ ਪੈਨ ਵਿਚ ਉਬਲਦਾ ਪਾਣੀ ਚਾਕਲੇਟ ਵਾਲੀ ਹੀਟ ਪਰੂਫ ਬਾਊਲ ਨੂੰ ਨਹੀਂ ਛੂਹਣਾ ਚਾਹੀਦਾ। ਜਦੋਂ ਚਾਕਲੇਟ ਚੰਗੀ ਤਰ੍ਹਾਂ ਪਿਘਲ ਜਾਵੇ ਤਾਂ ਇਸ ਨੂੰ ਸਪੈਟਲਾ ਦੀ ਮਦਦ ਨਾਲ ਕਾਜੂ ਕਤਲੀ ਡੋ (ਟੁਕੜਿਆਂ) ਉੱਪਰ ਫੈਲਾਓ। ਹੁਣ ਇਸ ਨੂੰ ਕੁਝ ਸਮੇਂ ਲਈ ਠੰਢਾ ਹੋਣ ਦਿਓ ਅਤੇ ਫਿਰ 15-20 ਮਿੰਟ ਤੱਕ ਫਰਿੱਜ ਵਿਚ ਠੰਢਾ ਹੋਣ ਲਈ ਰੱਖੋ। ਜਦੋਂ ਚਾਕਲੇਟ ਸੈੱਟ ਹੋ ਜਾਵੇ ਤਾਂ ਤੁਸੀਂ ਚਾਕਲੇਟ, ਕਾਜੂ ਕਤਲੀ ਨੂੰ ਤਿਰਛੇ ਰੂਪ ਵਿਚ ਕੱਟਦੀਆਂ ਹੋਈਆਂ ਲਾਈਨਾਂ ਵਿਚ ਕੱਟ ਸਕਦੇ ਹੋ, ਤਾਂ ਜੋ ਡਾਇਮੰਡ ਸ਼ੇਪ (ਬਰਫੀ ਦੇ ਆਕਾਰ) ਵਿਚ ਬਣ ਜਾਵੇ। ਲਓ ਇਸ ਤਰ੍ਹਾਂ ਚਾਕਲੇਟ ਕਾਜੂ ਕਤਲੀ ਤਿਆਰ ਹੈ।



## ਰਿਸ਼ਤਿਆਂ ਨੂੰ ਕਿਵੇਂ ਬਚਾਈਏ!

**ਲਿਖਤ : ਵਿਜੈ ਗਰਗ**

ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਇਨਸਾਨ ਕੋਲ ਇਹਨਾਂ ਸਮਾਂ ਵੀ ਨਹੀਂ ਹੈ ਕਿ ਉਹ ਆਪਣੇ ਪਰਿਵਾਰ, ਰਿਸ਼ਤੇਦਾਰੀਆਂ ਨੂੰ ਦੇ ਸਕੇ। ਆਧੁਨਿਕਤਾ ਦੇ ਘੇਰੇ ਨੇ ਆਦਮੀ ਦੀ ਸੋਚ ਨੂੰ ਪਦਰਾਥਵਾਦੀ, ਮਤਲਬੀ ਬਣਾ ਦਿੱਤਾ ਹੈ। ਜਿਸ ਨਾਲ ਉਹ ਰਿਸ਼ਤਿਆਂ ਦੇ ਨਿੱਘ ਤੋਂ ਵਾਂਝਾ ਹੋ ਚੁੱਕਾ ਹੈ ਅਤੇ ਰਿਸ਼ਤੇ ਟੁੱਟਣ ਦੀ ਕਾਗਾਰ ਤੇ ਖੜੇ ਹਨ। ਜਿਸ ਨਾਲ ਰਿਸ਼ਤਿਆਂ ਵਿੱਚ ਦੂਰੀਆਂ ਵੱਧ ਰਹੀਆਂ ਹਨ। ਇੱਥੋਂ ਤੱਕ ਕਿ ਇਕੱਲੇ ਪਰਿਵਾਰ ਨੂੰ ਸੰਭਾਲਣ ਤੇ ਆਦਮੀ ਦਾ ਬਹੁਤ ਜ਼ੋਰ ਲੱਗਦਾ ਜਾ ਰਿਹਾ ਕਿਉਂਕਿ ਇਨਸਾਨ ਸਬਰ ਸੰਤੋਖ ਦੀ ਜ਼ਿੰਦਗੀ ਜਿਉਂਣੀ ਛੱਡ ਚੁੱਕਾ ਹੈ ਅਤੇ ਦਿਨ-ਰਾਤ ਬਸ ਪੈਸੇ ਮਗਰ ਭੱਜਿਆ ਫਿਰਦਾ ਹੈ, ਜਿਸ ਨਾਲ ਉਹ ਮਾਨਸਿਕ ਪ੍ਰੇਸ਼ਾਨ ਹੋਣ ਦੇ ਨਾਲ-ਨਾਲ ਆਪਣੇ ਨਿੱਜਤਾ ਦੇ ਦਾਇਰੇ ਨੂੰ ਵੀ ਵਧਾ ਰਿਹਾ ਹੈ। ਜਿੱਥੇ ਉਸ ਨੂੰ ਸਿਰਫ਼ ਆਪਣੀ ਹੀ ਫ਼ਿਕਰ ਹੈ। ਕਿਸੇ ਪ੍ਰਤੀ ਮੋਹ, ਪਿਆਰ, ਦਰਦ ਉਸ ਦੀ ਜ਼ਿੰਦਗੀ ਵਿੱਚੋਂ ਮਨਫ਼ੀ ਹੋ ਚੁੱਕੇ ਤੇ ਉਹ ਇੱਕ ਮਸ਼ੀਨ ਵਾਂਗ ਦਿਨ-ਰਾਤ ਕੰਮ ਕਰ ਰਿਹਾ ਹੈ।ਉਹ ਘਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦੂਰ-ਦੁਰਾਡੇ ਕੰਮ ਕਰਨ ਜਾਂਦਾ ਹੈ। ਇਸ ਤਰ੍ਹਾਂ ਦੀਆਂ ਪਰਿਸਥਿਤੀਆਂ ਹਰ ਇੱਕ ਇਨਸਾਨ ਦੇ ਜੀਵਨ ਵਿੱਚ ਆਉਂਦੀਆਂ ਹਨ ਪਰ ਇਹਨਾਂ ਸਭਨਾਂ ਵਿੱਚ ਜੋ ਇਨਸਾਨ ਆਪਣੇ ਪਰਿਵਾਰ ਅਤੇ ਰਿਸ਼ਤੇਦਾਰੀਆਂ ਨਾਲ ਜੁੜਿਆ ਰਹਿੰਦਾ ਹੈ ਉਹ ਕਾਬਲੇ-ਤਾਰੀਫ਼ ਵਾਲਾ ਇਨਸਾਨ ਹੁੰਦਾ ਹੈ।

ਮਨੁੱਖ ਆਦਿ ਕਾਲ ਤੋਂ ਝੁੰਡਾਂ, ਗਰੁੱਪਾਂ ਵਿੱਚ ਰਿਹਾ ਹੈ। ਇਨਸਾਨ ਦੇ ਜਨਮ ਤੋਂ ਰਿਸ਼ਤਿਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ ਅਤੇ ਸਾਰੀ ਉਮਰ ਇਨਸਾਨ ਉਹਨਾਂ ਰਿਸ਼ਤਿਆਂ ਦਾ ਅਨੰਦ ਮਾਣਦਾ ਹੈ। ਇਕੱਲੇ ਮਨੁੱਖ ਦਾ ਕੋਈ ਰਿਸ਼ਤਾ ਨਹੀਂ ਹੁੰਦਾ। ਉਸ ਦਾ ਤਾਂ ਇਕੱਲਾਪੇ ਨਾਲ ਰਿਸ਼ਤਾ ਹੁੰਦਾ। ਜਿਸ ਦੀ ਸਮਾਜ ਨੂੰ ਕੋਈ ਦੇਣ ਨਹੀਂ ਹੁੰਦੀ ਹੈ।ਰਿਸ਼ਤੇ ਚਾਹੇ ਉਹ ਖ਼ੂਨ ਨਾਲ ਸਬੰਧਤ ਹੋਣ ਜਾਂ ਸਮਾਜਿਕ ਰਿਸ਼ਤੇ। ਰਿਸ਼ਤਿਆਂ ਵਿੱਚ ਪਿਆਰ, ਸਤਿਕਾਰ, ਮਾਣ-ਸਨਮਾਨ ਦਾ ਹੋਣਾ ਬਹੁਤ ਜ਼ਰੂਰੀ ਹੈ। ਪਿਆਰ ਦੇ ਬਗੈਰ ਕੋਈ ਵੀ ਰਿਸ਼ਤਾ ਬਹੁਤੀ ਦੇਰ ਤੱਕ ਨਿਭਾਇਆ ਨਹੀਂ ਜਾ ਸਕਦਾ।ਸਾਫ਼ ਮਨ ਨਾਲ ਨਿਭਾਏ ਰਿਸ਼ਤਿਆਂ ਦੀ ਉਮਰ ਲੰਮੀ ਹੁੰਦੀ ਹੈ। ਪੈਸੇ ਦਾ ਹੰਕਾਰ,ਰੁਤਬੇ ਦਾ ਰੋਅਬ ਆਦਿ ਗੱਲਾਂ ਨਾਲ ਰਿਸ਼ਤੇ ਨਹੀਂ ਨਿਭਾਏ ਜਾ ਸਕਦੇ। ਸੁੱਖ-ਦੁੱਖ ਵਿੱਚ ਹੀ ਸਾਨੂੰ ਆਪਣਿਆਂ ਤੇ ਰਿਸ਼ਤੇਦਾਰੀਆਂ ਦਾ ਪਤਾ ਲੱਗਦਾ ਹੈ। ਕੁਝ ਰਿਸ਼ਤੇ ਇਹੋ-ਜਿਹੇ ਹੁੰਦੇ ਹਨ ਜਿਨ੍ਹਾਂ ਦਾ ਕੋਈ ਨਾਮ ਨਹੀਂ ਹੁੰਦਾ ਪਰ ਉਹਨਾਂ ਦੀ ਜ਼ਿੰਦਗੀ ਵਿੱਚ ਅਹਿਮੀਅਤ ਬਹੁਤ ਹੁੰਦੀ ਹੈ। ਜਿਸ ਤਰ੍ਹਾਂ ਕਿਸੇ ਮੁਸੀਬਤ ਵਿੱਚ ਫਸੇ ਵਿਅਕਤੀ ਦੀ ਮਦਦ ਕਰਕੇ ਅਸੀਂ ਇਨਸਾਨੀਅਤ ਦਾ ਰਿਸ਼ਤਾ ਨਿਭਾਉਂਦੇ ਹਾਂ।

ਪਰ ਅੱਜ ਇਨਸਾਨ ਕੇਵਲ ਰਸਮੀ ਰਵੱਈਏ ਨਾਲ ਹੀ ਸਮਾਜ ਵਿੱਚ ਵਿਚਰ ਰਿਹਾ ਹੈ। ਪਰ ਅੱਜ ਕੱਲ੍ਹ ਦੇਖਣ ਵਿੱਚ ਆਇਆ ਕਿ ਇੰਟਰਨੈਟ, ਮੋਬਾਈਲ ਆਦਿ ਇਲੈਕਟ੍ਰਾਨਿਕ ਯੰਤਰਾਂ ਨੇ ਸਾਡੇ ਰਿਸ਼ਤਿਆਂ ਵਿੱਚ ਦਰਾੜ ਪਾ ਦਿੱਤੀ ਹੈ। ਅਸੀਂ ਕਿਸੇ ਨੂੰ ਮਿਲਣ ਦੀ ਬਜਾਏ, ਕਿਸੇ ਨਾਲ ਸੁੱਖ-ਦੁੱਖ ਸਾਂਝਾ ਕਰਨ ਦੀ ਥਾਂ ਸਭ ਕੁਝ ਮੋਬਾਈਲ ਫੋਨਾਂ ਦੇ ਜਾਰੀਏ ਕਰਦੇ ਹਾਂ। ਜਿਸ ਨਾਲ ਆਪਸੀ ਪਿਆਰ ਬਿਲਕੁੱਲ ਖਤਮ ਹੋ ਗਿਆ ਹੈ ਤੇ ਰਸਮੀ ਤੌਰ ਦਿਖਾਵੇ ਦੇ ਰਿਸ਼ਤੇ ਰਹਿ ਗਏ ਹਨ। ਇੱਕ ਘਰ ਦੇ ਸਾਰੇ ਪਰਿਵਾਰਕ ਮੈਂਬਰ ਆਪਸ ਵਿੱਚ ਗੱਲਬਾਤ ਕਰਨ ਦੀ ਬਜਾਏ ਮੋਬਾਈਲ ਤੇ ਸਮਾਂ ਬਿਤਾਉਣਾ ਜ਼ਿਆਦਾ ਪਸੰਦ ਕਰਦੇ ਹਨ ਤੇ ਆਪਣੀ ਹੀ ਦੁਨੀਆ ਵਿੱਚ ਮਗਨ ਰਹਿੰਦੇ ਹਨ। ਇਹ ਸਾਰੀਆਂ ਗੱਲਾਂ ਜਿੱਥੇ ਸਾਡੇ ਰਿਸ਼ਤਿਆਂ ਵਿੱਚ ਰੁੱਖਾਪਣ ਲੈ ਕੇ ਆਉਂਦੀਆਂ ਹਨ ਉੱਥੇ ਅਸੀ ਸਾਰੀ ਉਮਰ ਇੱਕ ਛੱਤ ਥੱਲੇ ਰਹਿ ਕੇ ਵੀ ਕਿਸੇ ਦੇ ਜਜ਼ਬਾਤ ਨੂੰ ਸਮਝ ਨਹੀਂ ਸਕਦੇ।

ਰਿਸ਼ਤੇ ਬਹੁਤ ਕੋਮਲ ਹੁੰਦੇ ਹਨ। ਇਹਨਾਂ ਵਿੱਚ ਸੰਵੇਦਨਸ਼ੀਲਤਾ ਦਾ ਪ੍ਰਵਾਹ ਹੁੰਦਾ ਹੈ ਇਸ ਲਈ ਇਹਨਾਂ ਨੂੰ ਬਚਾਉਣਾ ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਜੇਕਰ ਰਿਸ਼ਤਿਆਂ ਵਿੱਚ ਕਹਾ-ਸੁਣੀ ਹੋ ਜਾਂਦੀ ਹੈ ਤਾਂ ਮਨ ਵਿੱਚ ਕੋਈ ਈਰਖਾ-ਦੁਵੈਸ਼ ਦੀ ਭਾਵਨਾ ਨੂੰ ਨਹੀਂ ਰੱਖਣਾ ਚਾਹੀਦਾ ਸਗੋ ਗੱਲਬਾਤ ਨਾਲ ਮੁੜ ਤੋਂ ਪਿਆਰ ਪੈਦਾ ਕਰਨਾ ਚਾਹੀਦਾ ਹੈ। ਰਿਸ਼ਤਿਆਂ ਨੂੰ ਖ਼ਤਮ ਹੋਣ ਤੋਂ ਬਚਾਉਣ ਲਈ ਇਨਸਾਨ ਦਾ ਮੇਲ-ਮਿਲਾਪ ਬਹੁਤ ਜ਼ਰੂਰੀ ਹੈ। ਮੇਲ-ਮਿਲਾਪ ਨਾਲ ਜਿੱਥੇ ਸਾਂਝ ਬਣੀ ਰਹਿੰਦੀ ਹੈ। ਉੱਥੇ ਅਸੀਂ ਕਿਸੇ ਸਮੱਸਿਆ ਦਾ ਹੱਲ ਵੀ ਮਿਲ ਜਾਂਦਾ ਹੈ। ਰਿਸ਼ਤੇਦਾਰੀ ਵਿੱਚ ਮਤਲਬ ਦੀ ਭਾਵਨਾ ਦਿਲ ਵਿੱਚ ਨਹੀਂ ਹੋਣੀ ਚਾਹੀਦੀ । ਸਗੋ ਪਿਆਰ,ਮੋਹ ਅਤੇ ਸੁਹਿਰਦਤਾ ਨਾਲ ਰਿਸ਼ਤੇਦਾਰੀ ਨੂੰ ਨਿਭਾਉਣਾ ਹੈ। ਰਿਸ਼ਤੇ ਨਿਭਾਉਂਣੇ ਕੇਵਲ ਮਨੁੱਖ ਦੇ ਹਿੱਸੇ ਹੀ ਆਏ ਹਨ। ਰਿਸ਼ਤੇਦਾਰੀਆਂ , ਰਿਸ਼ਤੇ ਮਨੁੱਖ ਤੋਂ ਮਨੁੱਖ ਵਿਚਕਾਰ ਇੱਕ ਸਬੰਧ ਸਥਾਪਿਤ ਕਰਨ ਦਾ ਜਰੀਆ ਹਨ।ਜੋਕਿ ਮਨੁੱਖ ਦੀਆਂ ਸਮਾਜਿਕ, ਆਰਥਿਕ ਲੋੜਾਂ ਦੀ ਪੂਰਤੀ ਵੀ ਕਰਦੇ ਹਨ।



# ਕਾਵਿ-ਲਹਿਰਾਂ

## ਪਹਿਲੀ ਪਾਤਸ਼ਾਹੀ

ਬਾਵਾਂ, ਹਵਾਵਾਂ ਟਹਿਕੀਆਂ ਨੇ
ਸਭ ਰਸਤੇ ਰੁਸ਼ਨਾ ਗਏ ਨੇ
ਦਰਵਾਜ਼ੇ ਖੁੱਲ੍ਹੇ ਬਹਿਸ਼ਤ ਦੇ
ਧਰਤ ਨੂੰ ਭਾਗ ਲਗਾ ਗਏ ਨੇ।

ਹਰ ਕਿਣਕੇ 'ਚ ਮਹਿਕਾਂ ਸੱਚ ਦੀਆਂ
ਝੂਠ ਨੂੰ ਰਾਹ ਨਾ ਲੱਭਦੇ ਨੇ
ਸੀ ਦੱਬੇ ਕੁਚਲੇ ਜੋ ਜ਼ੁਲਮਾਂ ਦੇ
ਹੁਣ ਵਾਂਗ ਖੰਡੇ ਦੇ ਗੱਜਦੇ ਨੇ।

ਮਿੱਟੀ ਵਿੱਚ ਵਿਸਮਾਦ ਮਹਿਕੇ
ਵਹਿ ਤੁਰੇ ਨੇ ਝਰਨੇ ਨੂਰ ਦੇ
ਉਹ ਵੰਡਦਾ ਬਾਣੀ ਸ਼ਹਿਦ ਜਿਹੀ
ਭਰ -ਭਰ ਕੇ ਬਾਟੇ ਸਰੂਰ ਦੇ।

ਕਿਰਤ ਦੀ ਬਾਤ ਪਾਂਵਦਾ ਉਹ
ਕਰਤਾਰਪੁਰ ਚ ਹੱਲ ਚਲਾਂਵਦਾ
ਬਾਬਰ ਨੂੰ ਸ਼ਬਦੀਂ ਲਲਕਾਰ ਕੇ
ਮਾਨਵਤਾ ਦੀ ਜੜ੍ਹ ਉਹ ਲਾਂਵਦਾ।

ਭਲਾ ਸਰਬੱਤ ਦਾ ਮੰਗੇ ਉਹ
ਪੈਗੰਬਰੀ ਝੋਲਾ ਪਾਇਆ ਏ
ਮਿਟ ਧੁੰਦ ਸਭ ਹਨੇਰ ਗਏ
ਸੂਹੇ ਸੂਰਜਾਂ ਦਾ ਜਾਇਆ ਏ।

**ਲਿਖਤ : ਦਿਲਬਾਗ ਰਿਉਂਦ**
**ਜਿਲ੍ਹਾ ਮਾਨਸਾ (ਪੰਜਾਬ)**

## ਬੰਦਾ

ਗੱਲ ਗੱਲ ਉੱਤੇ ਜੋ ਗਰੀਬਾਂ ਨੂੰ ਹੈ ਘੂਰਦਾ।
ਠਾਣਿਆਂ ਚ ਝੂਠਿਆਂ ਦਾ ਹੋਵੇ ਪੱਖ ਪੂਰਦਾ।

ਨਿੱਕੀ ਜਿਹੀ ਗੱਲ ਪਿੱਛੇ ਨੇਮ ਉੱਤੇ ਅੜ ਜੇ।
ਰੱਬ ਦੀ ਸੌਂਹ ਬੰਦੇ ਵਿੱਚੋਂ ਉਦੋਂ ਬੰਦਾ ਮਰਜੇ।

ਆਪਣੀ ਜ਼ਨਾਨੀ ਦੇ ਜੋ ਬਾਹਰ ਭੇਤ ਖੋਲਦਾ।
ਅੱਧਾ ਸੱਚ ਦੱਸੇ ਨਾਲ ਅੱਧਾ ਝੂਠ ਬੋਲਦਾ।

ਪੀਕੇ ਘੁੱਟ ਦਾਰੂ ਕਿਸੇ ਹੋਰ ਘਰੇ ਵੜ ਜੇ
ਰੱਬ ਦੀ ਸੌਂਹ ਬੰਦੇ ਵਿੱਚੋਂ, ਉਦੋਂ ਬੰਦਾ ਮਰਜੇ।

ਕਿਸੇ ਦੀ ਲੜਾਈ ਦੇਖ,ਕੋਲੋਂ ਲੰਘ ਜਾਂਵਦਾ।
ਮਾਤਮ ਕਿਸੇ ਦੇ ਵਿੱਚ ਖ਼ੁਸ਼ੀਆਂ ਮਨਾਂਵਦਾ।

ਵੇਖਕੇ ਜ਼ੁਲਮ ਜਿਹੜਾ, ਅੱਖ ਨੀਵੀਂ ਕਰਜੇ।
ਰੱਬ ਦੀ ਸੌਂਹ ਬੰਦੇ ਵਿਚੋਂ ਓਦੋਂ ਬੰਦਾ ਮਰਜੇ।

ਬੁਢੇ ਮਾਪਿਆਂ ਦੀ ਜਿਹੜਾ ਬਾਤ ਨਹੀਓਂ ਪੁੱਛਦਾ।
ਟਲਦਾ ਜੋ ਕੰਮ ਤੋਂ, ਸਵੇਰੇ ਲੇਟ ਉੱਠਦਾ।

ਬਿਨਾਂ ਲੜੇ ਪਹਿਲਾਂ ਹੀ ਹਾਲਾਤਾਂ ਕੋਲੋਂ ਡਰਜੇ।
ਰੱਬ ਦੀ ਸੌਂਹ ਬੰਦੇ ਵਿੱਚੋਂ ਓਦੋਂ ਬੰਦਾ ਮਰਜੇ।

ਵੇਚ ਜੇ ਈਮਾਨ ਜਿਹੜਾ,ਪੈਸੇ ਪਿੱਛੇ ਲੱਗ ਕੇ।
ਭੋਲੇ ਬੰਦਿਆਂ ਨੂੰ "ਖਾਨਾਂ",ਭੱਜ ਜਾਵੇ ਠੱਗ ਕੇ।

ਸੱਚ ਤੋਂ ਕਲਮ "ਕਾਮੀ ਵਾਲੇ" ਦੀ ਜੇ ਖੜਜੇ।
ਰੱਬ ਦੀ ਸੌਂਹ ਬੰਦੇ ਵਿੱਚੋਂ ਉਦੋਂ ਬੰਦਾ ਮਰਜੇ।

**ਲਿਖਤ : ਸੁਕਰ ਦੀਨ**
**ਸੰਪਰਕ : 95923-84393**

## ਬਿਆਈਆਂ ਦੀ ਟੀਸ

ਪੈਰਾਂ ਦੀਆਂ ਪਾਟੀਆਂ
ਬਿਆਈਆਂ ਦੀ ਟੀਸ ਨੂੰ
ਜੀ ਚਾਹੁੰਦਾ ਹੈ ਕਹਾਂ,
"ਐਵੇਂ ਨਾ ਰੌਲਾ ਪਾਇਆ ਕਰ।
ਪਤਾ ਹੈ ਮੈਨੂੰ ਵੀ,
ਜਦ ਵੀ ਪਿਛਾਂਹ ਝਾਤੀ ਮਾਰਦਾ ਹਾਂ,
ਤੇਰੀਆਂ ਪੈੜਾਂ ਦਾ ਸਫਰ
ਦੂਰ ਅਤੀਤ ਚੋਂ
ਬੰਜਰਾਂ, ਵੱਤਰਾਂ ਤੋਂ
ਕੱਚੇ ਪਹਿਆਂ ਤੇ
ਤਾਰਕੋਲੀ ਸੜਕਾਂ ਨੂੰ ਗਾਹੁੰਦਾ
ਮਹਾਂ ਨਗਰਾਂ ਦੀਆਂ ਸੀਮਾਵਾਂ ਵੀ
ਸਰ ਕਰਦਾ ਹੈ।
ਵਕਤ ਦੇ ਹਰ ਸਿਤਮ ਨੂੰ ਜਰਦਾ ਹੈ।"
ਫਿਰ ਅੰਦਰਲਾ ਹਾਉਕਾ
ਕਰਵਟ ਲੈਂਦਾ ਹੈ
"ਯਾ ਮੌਲਾ
ਕਦੀ ਤਾਂ ਇਧਰ ਵੀ ਨਜ਼ਰ ਕਰ
ਮੈਂ ਕਿੱਥੇ ਕਿੱਥੇ ਥਾਹ ਪਾਵਾਂ,
ਪੁਸ਼ਤ ਦਰ ਪੁਸ਼ਤ
ਸਫ਼ਰ ਇਸ ਟੀਸ ਦਾ ਹੈ ਕਿ
ਮੁੱਕਦਾ ਹੀ ਨਹੀਂ।
ਜੇ ਕਿਸਮਤ ਦੀ ਪੱਤਰੀ ਖੁੱਲਾਂ,
ਘਰ ਦੇ ਕੱਚੇ,
ਕਦੀ ਸੁਲਘਦੇ,
ਕਦੀ ਫਾਕੇ ਕੱਟਦੇ,
ਚੁੱਲ੍ਹੇ ਨੂੰ ਪੁੱਛਾਂ,
ਹਉਕਾ ਜਿਹਾ ਭਰਦਾ
ਉਹ ਵੀ ਕਹਿੰਦਾ ਹੈ
'ਤੂੰ ਵੀ ਤਾਂ
ਕੁੱਝ ਕਰ ਨਹੀਂ ਪਾਇਆ
ਉੱਥੇ ਹੀ ਖਲੋਤਾ ਹੈਂ
ਜਿੱਥੇ
ਤੇਰੇ ਬਾਪ ਦੇ ਬਾਪ ਦਾ ਬਾਪ
ਖੜ੍ਹਾ ਸੀ।
ਤੂੰ ਵੀ ਕਿਹੜਾ ਛੱਡੀ ਹੈ
ਸਮੇਂ ਤੇ ਕੋਈ ਛਾਪ।
ਨਾ ਤੇਰੀ ਕਿਸਮਤ ਬਦਲੀ ਹੈ,
ਨਾ ਮੇਰਾ ਮੂੰਹ-ਮੱਥਾ ਸੰਵਰਿਆ ਹੈ।'
ਤੇ ਮੈਂ ਨਿੰਮੋਝੂਣਾ ਜਿਹਾ ਹੋ
ਕਹਿੰਦਾ ਹਾਂ
ਨਹੀਂ, ਨਹੀਂ
ਹੁਣ ਵਕਤ ਬਦਲ ਗਿਆ ਹੈ,
ਅੰਬਰ ਦੀ ਤਾਸੀਰ ਬਦਲੀ ਹੈ।
ਮੈਂ ਤੁਰਾਂਗਾ,
ਵਕਤ ਤੇ ਹਵਾ ਦੇ
ਥਪੇੜਿਆਂ ਨਾਲ ਲੜਾਂਗਾ
ਦੂਰ ਦੁਮੇਲ ਤੇ ਉੱਗਦੀ ਲਾਲੀ
ਦੇ ਬੂਹੇ ਤੇ ਦਸਤਕ ਦਿਆਂਗਾ।
ਮੇਰਾ ਬੇਟਾ ਕਦੀ ਵੀ ਤੇਰਾ
ਇਹ ਉਲਾਂਭਾ ਨਹੀਂ ਸੁਣੇਗਾ
ਕਿ ਤੂੰ ਵੀ ਉੱਥੇ ਹੀ ਖੜ੍ਹਾ ਹੈਂ
ਜਿੱਥੇ ਤੇਰਾ ਬਾਪ ਖੜ੍ਹਾ ਸੀ। "

**ਲਿਖਤ : ਜਗਤਾਰ ਸਿੰਘ ਹਿੱਸੋਵਾਲ**
**ਸੰਪਰਕ : 98783-30324**

## ਉੱਡਦਾ ਤੀਰ

ਦਹੀਂ ਦੇ ਭੁਲੇਖੇ ਫੁੱਟ ਸੀ ਕਪਾਹ ਖਾ ਲਿਆ।
ਬੈਠੇ ਹੀ ਬਿਠਾਏ ਨੇ ਕੀ ਜੱਭ ਪਾ ਲਿਆ॥
ਹੋਸ਼ਪੁਣੇ ਵਿੱਚ ਬੈਠਾ ਮਾਰ ਲਲਕਾਰ ਸੀ।
ਵੜ ਕੇ ਵਿਖਾਵੇ ਜਿੱਥੇ ਸਾਡੇ ਹੱਥ ਚਾਰ ਜੀ॥

ਆਲੇ ਦੁਆਲੇ ਪਿੰਡਾਂ ਵਿੱਚ ਸਾਡੀ ਸਰਦਾਰੀ ਐ।
ਐਰਾਂ ਗੈਰਾਂ ਵਾਸਤੇ ਆਉਣਾ ਏਥੇ ਭਾਰੀ ਐ॥
ਸੀਨੇ ਲੱਗੀ ਬੋਲੀ, ਬੋਲ ਗਿਆ ਨਾ ਸਹਾਰਿਆ।
ਇਹੋ ਜਿਹੇ ਦਬਕਿਆਂ, ਪਹਿਲਾਂ ਵੀ ਸੀ ਮਾਰਿਆ॥

ਲੱਗੀ ਨਾ ਸੀ ਦੇਰ ਜਦ ਗੱਡੀਆਂ ਦਾ ਕਾਫ਼ਲਾ।
ਚੜ੍ਹਿਆ ਸੀ ਆ ਲੰਬਾ ਤਹਿ ਕਰ ਫ਼ਾਸਲਾ॥
ਪੈ ਗਈਆਂ ਪਦੀੜਾਂ ਵੇਖ ਘੂਕਦੀਆਂ ਜੀਪਾਂ ਨੂੰ।
ਕਰ ਲਏ ਬੰਦ ਕੰਨ ਸੁਣਦੀਆਂ ਚੀਕਾਂ ਨੂੰ॥

ਕੋਈ ਵੀ ਨਾ ਦਿਸਿਆ ਜੋ, ਆਕੜਾਂ ਦਿਖਾਉਂਦਾ ਸੀ।
ਬਿਨਾਂ ਨੀਂਦ ਸੌਂ ਗਿਆ ਜੋ ਕਾਲ਼ ਨੂੰ ਡਰਾਉਂਦਾ ਸੀ॥
ਆਪਣੇ ਹੀ ਆਪ ਵਿੱਚ ਬਣੇ ਰਹੀਏ 'ਭਗਤਾ'।
ਤੁਰੀਏ ਨਾ ਭੁੱਲ ਕੇ ਵੀ ਜੰਗ ਵਾਲਾ ਰਸਤਾ॥

**ਬਰਾੜ 'ਭਗਤਾ ਭਾਈ ਕਾ'**
**1-604-751-1113**

## ਮਾਂ

ਰੁਤਬਾ ਜੰਨਤ ਦਾ ਕਦਮਾਂ ਵਿੱਚ ਰੱਖਦੀ ਹੈ,
ਲਫ਼ਜ਼ ਕਹਿਣ ਨੂੰ ਛੋਟਾ ਜਾ ਮਾਂ ਲੋਕੋ।

ਬਿਨਾਂ ਮਾਵਾਂ ਦੇ ਆਖਦੇ ਸੱਚ ਸਿਆਣੇ,
ਟੁਕ ਖੋਹ ਲੈਂਦੇ ਹੱਥਾਂ ਚੋਂ ਕਾਂ ਲੋਕੋ।

ਡਾਕੂ,ਚੋਰ ਜਾਂ ਦੇਵਤਾ ਸਾਧ ਹੋਵੇ,
ਸੁੱਖ ਮੰਗਦੀ ਰਹੇ ਹਰ ਸਾਂਹ ਲੋਕੋ।

ਬਿਨਾਂ ਮੋਤੋਂ ਮੁਸੀਬਤਾਂ ਟਾਲ ਦਿੰਦੀ,
ਜਦੋਂ ਪੁੱਤ ਲਈ ਮੰਗੇ ਦੁਆ ਲੋਕੋ।

ਮਾਂ ਦੇ ਪਿਆਰ ਦੀ ਤੁਲਨਾ ਨਹੀਂ ਹੋ ਸਕਦੀ,
ਲਾਕੇ ਮਾਸੀਆਂ ਵੇਖ ਲਈ ਵਾਹ ਲੋਕੋ।

ਜੁੱਗਾਂ ਜੁੱਗਾਂ ਤੱਕ ਜਿਉਂਦੀਆਂ ਰਹਿਣ ਮਾਵਾਂ,
ਦਿਲ ਨੂੰ ਦਿਓ ਨਾ ਮਾਂ ਦੇ ਦੁਖਾ ਲੋਕੋ।

"ਕਾਮੀ ਵਾਲਿਆ" ਗੁੱਸੇ ਜੇ ਮਾਂ ਹੋ ਗਈ,
ਗੁੱਸੇ ਹੋ ਗਿਆ ਸਮਝੋ ਖੁਦਾ ਲੋਕੋ।

**ਲਿਖਤ : ਸੁਕਰ ਦੀਨ**
**95923-84393**

## ਏਹ ਕੇਹੀ ਮਾਨਸਿਕਤਾ

ਮਾਂ ਦੇ ਦਿਨ ਤੇ ਮਦਰ ਡੇ ਮਨਾਉਂਦੇ ਹਾਂ,
ਸਾਰਾ ਦਿਨ ਫਿਰ ਮਾਂ ਦੇ ਹੀ ਗੁਣ ਗਾਉਂਦੇ ਹਾਂ ।
ਚੰਗੀ ਲੱਗੇ ਪਤਨੀ ਤੇ ਸਾਲੀ ਲੱਗੇ ਘੱਟ ਨਾ,
ਰੱਖੜੀ ਦੇ ਦਿਨ ਤੇ ਭੈਣਾਂ ਤਾਈਂ ਸਰਾਹੁੰਦੇ ਹਾਂ ।

ਭਾਬੀਆਂ ਵੀ ਆ ਵੀਰਾਂ ਘਰ ਚਾਰ ਚੰਦ ਲਾਉਂਦੀਆਂ,
ਰਲ ਭਾਵੇਂ ਸਾਰੇ ਕਦੇ ਭਾਬੀਆਂ ਤਾਈਂ ਸਤਾਉਂਦੇ ਹਾਂ ।
ਸੱਸ ਬਣਾ ਲੈਂਦੀ ਦੂਜੇ ਘਰੋਂ ਆਈ ਧੀ ਨੂੰਹ ਰਾਣੀ ਨੂੰ,
ਇਹੋ ਜਿਹਾ ਪਿਆਰ ਅਸੀਂ ਟੱਬਰਾਂ 'ਚ ਚਾਹੁੰਦੇ ਹਾਂ ।

ਤਾਈ, ਚਾਚੀ, ਮਾਮੀ, ਭੂਆ, ਮਾਸੀ ਅਤੇ ਦਾਦੀ,
ਸਾਰੇ ਰਿਸ਼ਤਿਆਂ ਨੂੰ ਕਹਿੰਦੇ ਬਹੁਤ ਮਨਭਾਉਂਦੇ ਹਾਂ ।
ਗੱਲ ਇਹੋ ਮੈਨੂੰ ਬਿਲਕੁਲ ਸਮਝ ਨਾ ਲੱਗੇ,
ਕੁੜੀਆਂ ਕੁੱਖ ਵਿੱਚ ਫਿਰ ਕਿਉਂ ਕਤਲ ਕਰਾਉਂਦੇ ਹਾਂ?

ਜੀਵ ਹੱਤਿਆ ਪਾਪ ਦਾ ਹੋਕਾ ਭਾਵੇਂ ਦੇਈ ਜਾਈਏ,
ਕਈ ਵਾਰੀ ਜਾਨਵਰ ਛੱਡ ਇਨਸਾਨ ਮਰਾਉਂਦੇ ਹਾਂ ।
ਮਨੁੱਖਤਾ ਦੀ ਸਾਰੀ ਜਾਤ ਭਾਵੇਂ ਹੈਗੀ ਇੱਕ ਆ,
ਮਨੁੱਖ ਦੀ ਜਾਤ ਪਰ ਦੇਖ ਕੇ ਹੀ ਗਲ ਲਾਉਂਦੇ ਹਾਂ ।
ਧੰਨਵਾਨ ਪਤਵੰਤਿਆਂ ਨੂੰ ਅੱਗੇ ਕਰਕੇ ਬਿਠਾਉਂਦੇ ਹਾਂ ।
ਮਾੜੇ ਹਲਾਤਾਂ ਵੇਲੇ ਪਿੱਛੇ ਕਰਕੇ ਔਕਾਤ ਦਿਖਾਉਂਦੇ ਹਾਂ ।

ਪੁੱਤ ਜੰਮੇ ਤੇ ਸਿਰ ਸਾਡਾ ਮਾਣ ਨਾਲ ਉੱਚਾ ਹੋਈ ਜਾਵੇ,
ਸਾਰੀ ਉਮਰ ਭਾਵੇਂ ਕੁੜੀਆਂ ਦੇ ਕਾਤਲ ਕਹਾਉਂਦੇ ਹਾਂ ।
ਖੁਰਦਪੁਰੀਆ ਸਭ ਕੁੱਝ ਕਰ ਨਾ ਰਤਾ ਪਛਤਾਉਂਦੇ ਹਾਂ,
ਅਵਤਾਰ ਨਾਗਾ ਪਾਏ ਬਿਨਾਂ ਰੱਬ ਵੀ ਧਿਆਉਂਦੇ ਹਾਂ ।

**ਲਿਖਤ : ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਸੰਪਰਕ : 006421392147**

## ਸਿਆਸਤ

ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।
ਟਿਕਟਾਂ ਦਾ ਵਿਕਣਾ ਸ਼ਰਿਆਮ ਹੈ ਜਿਥੇ
ਜਿੱਤ ਕੇ ਵੀ ਵਿਕ ਜਾਣਾ ਆਮ ਹੈ ਜਿਥੇ ,
ਹਰ ਪਾਰਟੀ ਚੰਦੇ ਤੇ ਖੜੀ ਹੈ ਜਿਥੇ
ਰਾਜਨੀਤੀ ਧੰਦੇ ਤੇ ਖੜੀ ਹੈ ਜਿਥੇ,
ਵਿਕਦੀਆਂ ਨੇ ਵੋਟਾਂ ਜਿਥੇ
ਕੌਡੀਆਂ ਦੇ ਭਾਅ ।
ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ ?
ਜਹਾਜ਼ਾਂ ਦੇ ਘੁਟਾਲੇ ਨੇ ਜਿਥੇ
ਤੋਪਾਂ ਤੇ ਟੈਂਕਾ ਦੇ ਘੁਟਾਲੇ ਨੇ ਜਿਥੇ,
ਰੇਲਾਂ ਤੇ ਬੈਂਕਾਂ ਦੇ ਘੁਟਾਲੇ ਨੇ ਜਿਥੇ
ਕਾਲਾ ਧੰਨ ਰਿਹਾ ਵਿਦੇਸ਼ਾਂ ਚ ਜਾ
ਕਿੰਝ ਮੱਘੇਗਾ ,ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।
ਸਰਮਾਏਦਾਰੀ ਅਤੇ ਹਾਕਮਾਂ ਦੀ
ਸਾਂਝ ਹੈ ਬੜੀ ਪੁਰਾਣੀ ਜਿਥੇ,
ਆਮ ਨੂੰ ਸਮਝ ਨਹੀਂ ਆਉਣੀ
ਇਹ ਸਭ ਰਾਮ ਕਹਾਣੀ ਜਿਥੇ ,
ਕਿਰਤੀਆਂ ਤੇਰੇ ਹੱਕ ਸੀ ਜਿਹੜੇ
ਕੌਣ ਰਿਹਾ ਏ ਖਾ,
ਕਿੰਝ ਮੱਘੇਗਾ ,ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।

**ਲਿਖਤ : ਕੁਲਦੀਪ ਸਾਹਿਲ**
**ਸੰਪਰਕ : 94179-90040**

## ਅੰਬਰੋਂ ਤਾਰੇ ਤੋੜਦਿਆਂ

ਸਾਰੀ ਰਾਤ ਗੁਜ਼ਾਰ ਲਈ ਹੈ, ਅੰਬਰੋਂ ਤਾਰੇ ਤੋੜਦਿਆਂ।
ਰਹਿੰਦੀ ਉਮਰ ਬਿਤਾਵਾਂਗਾ ਹੁਣ,ਟੁੱਟੇ ਟੁਕੜੇ ਜੋੜਦਿਆਂ।
ਮੇਰਾ ਦਿਲ ਦਰਿਆ ਨਹੀਂ ਮੰਨਦਾ,ਕੰਢੇ ਲੱਗੀਆਂ ਰੋਕਾਂ ਨੂੰ,
ਬਹੁਤ ਵਰਜਿਆ, ਇਹ ਨਹੀਂ ਟਲਦਾ ਆਪਣੀ ਮਿੱਟੀ ਰੋੜ੍ਹਦਿਆਂ ।
ਗਿਆਨ ਪੋਟਲੀ ਲੈ ਕੇ ਫਿਰਦਾਂ,ਹੋਕਾ ਵੀ ਕੋਈ ਸੁਣਦਾ ਨਾ,
ਜੀਅ ਕਰਦਾ ਏ, ਚੌਂਕ-ਚੁਰਸਤੇ, ਭਰਮੀ ਭਾਂਡਾ ਫੋੜ ਦਿਆਂ।
ਵਾਗ ਤੁੜਾਈ ਅੱਥਰੇ ਘੋੜੇ,ਇਹ ਨਾ ਮੇਰੇ ਕਾਬੂ ਵਿੱਚ,
ਮੇਰੇ ਹੱਥੋਂ ਨਿਕਲ ਗਿਆ ਹੈ, ਵਕਤ ਕਿਵੇਂ ਮੈਂ ਮੋੜ ਦਿਆਂ।
ਤੁਰ ਜਾ ਤੂੰ ਬੇਅਕਲਾ ਏਥੋਂ,ਬਾਗ ਦੇ ਕਾਬਿਲ ਲੱਗਦਾ ਨਹੀਂ,
ਆਖ ਰਿਹਾ ਏ,ਮੈਨੂੰ ਉਹ ਹੀ,ਡੋਡੀ ਸਿਖ਼ਰ ਮਰੋੜਦਿਆਂ।
ਕੂੜ-ਬਾਜ਼ਾਰ ਦੇ ਕਾਇਦੇ ਵੱਖਰੇ,ਪੜ੍ਹ ਲੈ, ਪਰ ਇਹ ਮੰਨਦਾ ਨਾ,
ਤੇਰੇ ਸੱਚ ਨੂੰ ਕਿਹੜਾ ਸਮਝੂ,ਮਰ ਚੱਲਿਆ ਮੈਂ ਹੋੜਦਿਆਂ।
ਜਿਹੜੀ ਦੌੜ ' ਚ ਮੈਂ ਨਹੀਂ ਸ਼ਾਮਿਲ, ਕਹਿੰਦੇ ਨੇ ਤੂੰ ਹਾਰ ਗਿਆ,
ਚਾਰ ਚੁਫ਼ੇਰੇ ਸ਼ੋਰ ਮਚਾਇਆ ,ਜੇਤੂ ਚੂਹੇ-ਦੌੜ ਦਿਆਂ।

**ਲਿਖਤ : ਗੁਰਭਜਨ ਗਿੱਲ**

## ਗ਼ਜ਼ਲ

ਮਹਿੰਗਾਈ ਨੇ ਤੋੜ ਦਿੱਤਾ ਹੈ ਸਭ ਲੋਕਾਂ ਦਾ ਲੱਕ,
ਪਰ ਹਾਕਮ ਦੇ ਕੰਨ ਤੇ ਜੂੰ ਨ੍ਹੀ ਸਰਕੀ ਹਾਲੇ ਤੱਕ।
ਬਾਗੀ ਹੋ ਕੇ ਲੋਕੀਂ ਫਿਰ ਸੜਕਾਂ ਤੇ ਆ ਜਾਂਦੇ ਨੇ,
ਜਦ ਉਹ ਜਾਬਰ ਤੇ ਲੋਟੂਆਂ ਤੋਂ ਜਾਂਦੇ ਨੇ ਅੱਕ।
ਇਹ ਹੱਸਦੇ, ਵੱਸਦੇ ਘਰਾਂ ਦੇ ਵਿੱਚ ਲਾ ਦਿੰਦਾ ਏ ਅੱਗ,
ਭੁੱਲ ਕੇ ਵੀ ਨਾ ਕਰੀਏ ਯਾਰੋ ਇੱਕ, ਦੂਜੇ ਤੇ ਸ਼ੱਕ।
ਰੁੱਖਾਂ ਦਾ ਲੇਖਾ ਤਾਂ ਉਹ ਮਰਦੇ ਦਮ ਤੱਕ ਨ੍ਹੀ ਦੇ ਸਕਦਾ,
ਬੰਦੇ ਦੀ ਜਾਨ ਬਚਾਂਦੇ ਨੇ ਕੁੱਝ ਰੁੱਖਾਂ ਦੇ ਸੱਕ।
ਐਵੇਂ ਨਾ ਇੱਕ, ਦੂਜੇ ਨੂੰ ਚੰਗਾ, ਮਾੜਾ ਕਹੀ ਜਾਉ,
ਇਸ ਦੇਸ਼ ਦੇ ਵਿੱਚ ਰਹਿਣੇ ਦਾ ਹੈ ਸਭ ਨੂੰ ਬਰਾਬਰ ਹੱਕ।
ਮੀਂਹ ਦੀ ਇੱਕ ਕਣੀ ਵੀ ਇਨ੍ਹਾਂ ਲਈ ਹਾਨੀਕਾਰਕ ਹੋਵੇ,
ਜਦ ਖੇਤਾਂ ਵਿੱਚ ਕਿਸਾਨ ਦੀਆਂ ਫਸਲਾਂ ਜਾਵਣ ਪੱਕ।
ਸੂਬੇ ਨੂੰ ਖਾਲੀ ਹੋਣ ਤੋਂ ਰੋਕਣ ਦਾ ਹੈ ਇਹੋ ਹੱਲ,
ਰੁਜ਼ਗਾਰ ਦੇ ਕੇ ਮੁੰਡੇ, ਕੁੜੀਆਂ ਨੂੰ ਲੈ ਹਾਕਮਾ ਡੱਕ।

**ਮਹਿੰਦਰ ਸਿੰਘ ਮਾਨ, 9915803554**

# ਸਿਹਤ ਸੰਸਾਰ



## ਕੁਦਰਤੀ ਤਰੀਕੇ ਨਾਲ ਰਹੋ ਫਿੱਟ



- ਫਲ ਖਾਣ ਤੋਂ ਪਹਿਲਾਂ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਾਅਦ ਨਾ ਖਾਓ। ਫਲ ਇਕ ਸਮੇਂ ਦੇ ਭੋਜਨ ਦੀ ਜਗ੍ਹਾ 'ਤੇ ਖਾਓ।
- ਫਲ ਹਮੇਸ਼ਾ ਇਕ ਸਮੇਂ 'ਤੇ ਇਕ ਹੀ ਤਰ੍ਹਾਂ ਦਾ ਖਾਓ, ਜਿਵੇਂ ਸੇਬ, ਕੇਲਾ, ਸੰਤਰਾ ਇਕੱਠੇ 2 ਤੋਂ 3 ਖਾ ਸਕਦੇ ਹੋ ਪਰ ਇਕ-ਇਕ ਮਿਲਾ ਕੇ ਇਕੱਠੇ ਨਾ ਖਾਓ।
- ਜਿੰਨੀ ਮਿਹਨਤ ਕਰੋ, ਓਨਾ ਹੀ ਖਾਣਾ ਖਾਓ।
- ਖਾਣਾ ਭੁੱਖ ਲੱਗਣ 'ਤੇ ਹੀ ਚਬਾ-ਚਬਾ ਕੇ ਖਾਓ।
- ਪਾਣੀ ਵੀ ਪਿਆਸ ਲੱਗਣ 'ਤੇ ਪੀਓ, ਇਕਦਮ ਪੂਰਾ ਗਿਲਾਸ ਪਾਣੀ ਇਕੱਠਾ ਨਾ ਪੀਓ, ਥੋੜ੍ਹਾ-ਥੋੜ੍ਹਾ ਕਰਕੇ ਪੀਓ। ਲੋੜ ਤੋਂ ਜ਼ਿਆਦਾ ਪੀਤਾ ਪਾਣੀ ਗੁਰਦੇ 'ਤੇ ਬੋਝ ਪਾਉਂਦਾ ਹੈ।
- ਸਲਾਦ ਵਿਚ ਵੱਖ-ਵੱਖ ਕੱਚੀਆਂ ਸਬਜ਼ੀਆਂ ਮਿਲਾ ਕੇ ਖਾਓ। ਇਨ੍ਹਾਂ ਨੂੰ ਵੀ ਖਾਣੇ ਦੇ ਨਾਲ, ਖਾਣੇ ਤੋਂ ਪਹਿਲਾਂ ਜਾਂ ਖਾਣੇ ਤੋਂ ਬਾਅਦ ਨਾ ਖਾਓ। ਦੋ ਖਾਣਿਆਂ ਦੇ ਵਿਚਕਾਰ ਸਨੈਕ ਦੀ ਤਰ੍ਹਾਂ ਸਲਾਦ ਦਾ ਸੇਵਨ ਕਰੋ।
- ਸਲਾਦ ਵਿਚ ਕਿਸੇ ਤਰ੍ਹਾਂ ਦਾ ਨਮਕ ਜਾਂ ਨਿੰਬੂ ਨਾ ਮਿਲਾਓ। ਸਲਾਦ ਵਾਲੀਆਂ ਚੀਜ਼ਾਂ ਅਲਕਲਾਈਨ ਹੁੰਦੀਆਂ ਹਨ। ਨਿੰਬੂ ਅਤੇ ਲੂਣ ਵਿਚ ਐਸਿਡ ਹੁੰਦਾ ਹੈ।
- ਹੋ ਸਕੇ ਤਾਂ ਦਿਨ ਦੀ ਸ਼ੁਰੂਆਤ ਨਾਰੀਅਲ ਪਾਣੀ ਅਤੇ ਸਫੈਦ ਪੇਠੇ ਦੇ ਰਸ ਨਾਲ ਕਰੋ।
- ਪੱਕਿਆ ਹੋਇਆ ਭੋਜਨ ਇਕ ਵਾਰ ਲੈਣਾ ਬਹੁਤ ਉੱਤਮ ਹੁੰਦਾ ਹੈ। ਰਾਤ ਨੂੰ ਪੱਕਿਆ ਹੋਇਆ ਭੋਜਨ ਛੇਤੀ 6 ਤੋਂ 7 ਵਜੇ ਤੱਕ ਕਰ ਲਓ ਤਾਂ ਲਾਭ ਪੂਰਾ ਮਿਲਦਾ ਹੈ। ਦੇਰ ਰਾਤ ਵਿਚ ਪੱਕਿਆ ਭੋਜਨ ਲੈਣ ਨਾਲ ਪਾਚਣ ਪ੍ਰਕਿਰਿਆ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ ਅਤੇ ਪੂਰਾ ਪਚਦਾ ਵੀ ਨਹੀਂ ਹੈ।
- ਬੈਠਣ ਅਤੇ ਸੌਣ ਵਾਲੀ ਜਗ੍ਹਾ ਸਖ਼ਤ ਹੋਣੀ ਬਿਹਤਰ ਹੁੰਦੀ ਹੈ। ਜ਼ਿਆਦਾ ਨਰਮ ਗੱਦੇ ਜਾਂ ਕੁਰਸੀ ਦੀ ਗੱਦੀ ਸਰੀਰ ਲਈ ਠੀਕ ਨਹੀਂ।
- ਖੁਸ਼ ਰਹੋ। ਵਾਤਾਵਰਨ ਵਿਚ ਖੁਸ਼ੀ ਫੈਲਾਓ ਤਾਂ ਕਿ ਖੁਸ਼ੀ ਵਾਲੀ ਸਾਕਾਰਾਤਮਿਕ ਊਰਜਾ ਤੁਹਾਨੂੰ ਵਾਪਸ ਮਿਲ ਸਕੇ।
- ਕਿਸੇ ਲੋੜਵੰਦ ਦੀ ਮਦਦ ਹੋ ਸਕੇ ਤਾਂ ਜ਼ਰੂਰ ਕਰੋ।
- ਆਪਣੀ ਜ਼ਬਾਨ ਮਿੱਠੀ ਰੱਖੋ। ਜੋ ਬੋਲੋ, ਤੋਲ ਕੇ ਬੋਲੋ। ਦੂਜਿਆਂ ਨੂੰ ਆਪਣੀ ਭਾਸ਼ਾ ਨਾਲ ਆਹਤ ਨਾ ਕਰੋ।

## ਘਰੇਲੂ ਨੁਸਖ਼ੇ



- ਸਬਜ਼ੀਆਂ ਨੂੰ ਹਮੇਸ਼ਾ ਵੱਡੇ-ਵੱਡੇ ਡੱਕਰਿਆਂ ਵਿਚ ਕੱਟੋ। ਇਸ ਤਰ੍ਹਾਂ ਉਨ੍ਹਾਂ ਦੇ ਵਿਟਾਮਿਨ ਵੱਧ ਤੋਂ ਵੱਧ ਰਹਿ ਸਕਣਗੇ ਅਤੇ ਤੁਹਾਨੂੰ ਪੂਰਾ ਪੋਸ਼ਣ ਮਿਲ ਜਾਵੇਗਾ।
- ਮੌਸਮ ਕੋਈ ਵੀ ਹੋਵੇ, ਦਿਨ ਵਿਚ ਬਾਹਰ ਨਿਕਲਣ ਤੋਂ ਪਹਿਲਾਂ ਇਕ ਗਿਲਾਸ ਪਾਣੀ ਜ਼ਰੂਰ ਪੀਓ।
- ਆਇਰਨ ਅਤੇ ਵਿਟਾਮਿਨ 'ਬੀ' ਆਪਣੀ ਖ਼ੁਰਾਕ ਵਿਚ ਜ਼ਰੂਰ ਸ਼ਾਮਿਲ ਕਰੋ। ਇਹ ਸਰੀਰ ਨੂੰ ਊਰਜਾ ਦਿੰਦਾ ਹੈ। ਵਿਦਿਆਰਥੀਆਂ ਲਈ ਇਹ ਕਾਫੀ ਲਾਭਦਾਇਕ ਹੈ।
- ਮਟਰ ਵਿਚ ਪ੍ਰੋਟੀਨ ਦੀ ਮਾਤਰਾ ਬਹੁਤ ਜ਼ਿਆਦਾ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਦੁੱਧ, ਟੋਫੂ, ਯੋਗਰਟ ਅਤੇ ਸੋਇਆ ਵੀ ਪ੍ਰੋਟੀਨ ਦੇ ਚੰਗੇ ਸਰੋਤ ਹਨ। ਇਨ੍ਹਾਂ ਚੀਜ਼ਾਂ ਦਾ ਸੇਵਨ ਸਿਹਤ ਨੂੰ ਫਿੱਟ ਰੱਖਣ ਵਿਚ ਫਾਇਦੇਮੰਦ ਹੁੰਦਾ ਹੈ। ਵਧਦੇ ਬੱਚਿਆਂ ਲਈ ਇਹ ਚੀਜ਼ਾਂ ਬਹੁਤ ਜ਼ਰੂਰੀ ਹੈ।
- ਜੇ ਤੁਸੀਂ ਰੋਜ਼ਾਨਾ ਦੁੱਧ ਨਾਲ ਥੋੜ੍ਹੀ ਜਿਹੀ ਹਲਦੀ ਲੈਂਦੇ ਹੋ ਤਾਂ ਇਸ ਨਾਲ ਤੁਹਾਡੀਆਂ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਇਹ ਆਸਟਿਓਪੋਰੋਸਿਸ ਤੋਂ ਵੀ ਬਚਾਉਂਦਾ ਹੈ।
- ਮੂਲੀ ਕਈ ਤਰ੍ਹਾਂ ਦੇ ਰੋਗਾਂ ਵਿਚ ਵਧੀਆ ਦਵਾਈ ਹੈ। ਜਿਵੇਂ ਪੀਲੀਏ ਵਿਚ ਮੂਲੀ ਦਾ ਰਸ ਪੀਣ ਨਾਲ ਇਹ ਕਾਫੀ ਹੱਦ ਤੱਕ ਠੀਕ ਹੋ ਜਾਂਦਾ ਹੈ। ਇਸ ਵਿਚ ਗੰਨੇ ਦਾ ਰਸ ਵੀ ਕਾਫੀ ਅਸਰਦਾਰ ਹੁੰਦਾ ਹੈ।
- ਬਦਾਮ ਖਾਣਾ ਸਿਹਤ ਲਈ ਕਾਫੀ ਫਾਇਦੇਮੰਦ ਹੁੰਦਾ ਹੈ। ਇਹ ਦਿਲ ਦੀ ਬਿਮਾਰੀ ਹੋਣ ਦੀ 50 ਫੀਸਦੀ ਸੰਭਾਵਨਾ ਘੱਟ ਕਰ ਦਿੰਦਾ ਹੈ। ਨਾਲ ਹੀ ਬਦਾਮ ਦੇ ਤੇਲ ਦੀ ਮਸਾਜ ਵਾਲਾਂ ਅਤੇ ਤੁਹਾਡੇ ਸਰੀਰ ਨੂੰ ਵੀ ਮਜ਼ਬੂਤ ਬਣਾਉਂਦੀ ਹੈ।
- ਛਿੱਲ ਵਾਲੀ ਕਣਕ, ਜੌਂ, ਚੌਲ, ਮੂੰਗੀ ਦੀ ਦਾਲ, ਖੀਰਾ, ਤੋਰੀ, ਲੌਕੀ, ਬਾਥੂ, ਮੇਥੀ ਅਤੇ ਮੱਕੀ ਹਲਕੇ ਅਤੇ ਪਚਣਯੋਗ ਹਨ, ਇਸ ਲਈ ਇਨ੍ਹਾਂ ਨੂੰ ਆਪਣੇ ਖਾਣੇ ਵਿਚ ਵੱਧ ਤੋਂ ਵੱਧ ਮਾਤਰਾ ਵਿਚ ਸ਼ਾਮਿਲ ਕਰੋ।
- ਇਕ ਵਾਰ ਵਿਚ ਪੇਟ ਭਰ ਕੇ ਨਾ ਖਾਓ। ਦਿਨ ਭਰ ਵਿਚ 4 ਜਾਂ 5 ਵਾਰ ਖਾਣਾ ਖਾਓ। ਇਸ ਨਾਲ ਮੋਟਾਪਾ ਨਹੀਂ ਵਧਦਾ ਅਤੇ ਤੁਹਾਨੂੰ ਦਿਨ ਭਰ ਵਿਚ ਕਈ ਤਰ੍ਹਾਂ ਦੇ ਪੋਸ਼ਕ ਤੱਤ ਪ੍ਰਾਪਤ ਹੋ ਜਾਂਦੇ ਹਨ।

## ਆਓ ਡੇਂਗੂ ਦੇ ਡੰਗ ਤੋਂ ਬਚੀਏ



**ਲਿਖਤ : ਜਗਤਾਰ ਸਿੰਘ ਸਿੱਧ**
**ਸੰਪਰਕ** 9814107374

ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋ ਆਪਣੇ ਦੇਸ਼ ਵਿੱਚ ਹੀ ਨਹੀਂ ਸਗੋਂ ਸੰਸਾਰ ਪੱਧਰ ਤੇ ਆਪਣਾ ਜਲਵਾ ਵਿਖਾ ਚੁੱਕਿਆ ਹੈ। ਸੰਸਾਰ ਸਿਹਤ ਸੰਸਥਾ ਵੱਲੋਂ ਡੇਂਗੂ ਦੀ ਗੰਭੀਰਤਾ ਨੂੰ ਦੇਖਦੇ ਹੋਏ ਕਾਫੀ ਕੰਮ ਕੀਤਾ ਹੈ । ਹਰ ਸਾਲ 16 ਮਈ ਨੂੰ ਮਨਾਏ ਜਾਂਦੇ ਰਾਸ਼ਟਰੀ ਡੇਂਗੂ ਦਿਵਸ ਲਈ ਇੱਕ ਥੀਮ (ਇੱਕ ਵਿਸ਼ੇਸ਼ ਸਲੋਗਨ ਜਾਂ ਨਾਹਰਾ ) ਦਿੱਤਾ ਜਾਂਦਾਂ ਹੈ ਜੋ ਇਸ ਸਾਲ (2022) ਲਈ "ਡੇਂਗੂ ਰੋਕਥਾਮ ਯੋਗ ਹੈ ਆਓ ਹੱਥ ਮਿਲਾਈਏ"। ਮਾਦਾ ਮੱਛਰ ਏਡੀਜ ਏਜਿਪਟੀ ਨਾਂਅ ਨਾਲ ਫੈਲਣ ਵਾਲੇ ਇਸ ਰੋਗ ਦੇ ਮਰੀਜ਼ਾਂ ਦੀ ਗਿਣਤੀ ਹਜਾਰਾਂ ਤੋਂ ਲੱਖਾਂ ਹੁੰਦੀ ਗਈ । ਮੁਲਕ ਵਿੱਚ ਹਰ ਸਾਲ 390 ਮਿਲੀਅਨ ਕੇਸ ਪਾਏ ਜਾਂਦੇ ਹਨ । 2014 ਤੋ 2017 ਤੱਕ ਇਸ 3 ਸਾਲ ਦੇ ਸਮੇਂ ਦਰਮਿਆਨ ਅਮਰੀਕਾ, ਟੌਂਗਾ, ਫਰਾਂਸ, ਬਰਾਜੀਲ,ਫਿਲਪਾਈਨਜ਼, ਥਾਈਲੈਂਡ, ਮਲੇਸ਼ੀਆ, ਪਨਾਮਾ, ਪੀਰੂ,ਅਰੂਬਾ, ਅਸਟ੍ਰੇਲੀਆ, ਕੋਲੰਬੀਆ, ਚੀਨ, ਸਿੰਘਾਪੁਰ, ਵੀਅਤਨਾਮ, ਤਨਜ਼ਾਨੀਆ ਜਿਹੇ ਦੇਸ਼ਾਂ ਵਿੱਚ ਡੇਂਗੂ ਦੀਆਂ ਵੱਖ ਵੱਖ ਕਿਸਮਾਂ ਦੇ ਵਾਇਰਸ ਪਾਏ ਗਏ । ਇੱਕਲੇ ਅਮਰੀਕਾ ਵਿੱਚ 2015 ਵਿੱਚ 10200 ਡੇਂਗੂ ਦੇ ਮਰੀਜ਼ ਪਾਏ ਗਏ ਜਿਹਨਾਂ ਵਿੱਚੋਂ 1181 ਮਰੀਜ਼ਾਂ ਦੀ ਮੌਤ ਹੋ ਗਈ ਸੀ ।ਭਾਰਤ ਵਿੱਚ ਸਿਹਤ ਵਿਭਾਗ ਵੱਲੋਂ ਹਰ ਸਾਲ 16 ਮਈ ਨੂੰ ਨੈਸ਼ਨਲ ਡੇਂਗੂ ਦਿਹਾੜੇ ਵੱਜੋਂ ਮਨਾਇਆ ਜਾਂਦਾ ਹੈ । ਇਸ ਮੌਕੇ ਦੇਸ਼ ਅਤੇ ਪ੍ਰਾਤਕ ਸਰਕਾਰਾਂ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ, ਅਰਧ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ, ਸਿੱਖਿਆ ਸੰਸਥਾਵਾਂ, ਸਹਿਰਾਂ,ਪਿੰਡਾਂ, ਕਸਬਿਆਂ, ਝੁੱਗੀਆਂ ਝੌਂਪੜੀਆਂ ਆਦਿ ਤੱਕ ਪਹੁੰਚ ਕਰਕੇ ਡੇਂਗੂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ ।ਜਿੱਥੇ ਦੇਸ਼ ਵਿੱਚ 2009 ਵਿੱਚ 60000 ਲੋਕ ਡੇਂਗੂ ਦੀ ਲਪੇਟ ਚ ਆਏ ਉੱਥੇ 2017 ਵਿੱਚ ਇਹ ਗਿਣਤੀ 188401 ਹੋ ਗਈ ।ਡੇਂਗੂ ਹੈਮੋਰੈਜਿਕ ਬੁਖਾਰ ਦਾ ਪਹਿਲਾ ਕੇਸ 1953 ਵਿੱਚ ਮਨੀਲਾ ਵਿੱਚ ਦਰਜ ਕੀਤਾ ਗਿਆ ।ਭਾਰਤ ਵਿੱਚ 1963 ਵਿੱਚ ਕਲਕੱਤਾ ਵਿਖੇ ਪਹਿਲੀ ਵਾਰੀ ਹੰਗਾਮੀ ਰੂਪ ਵਿੱਚ ਸਾਹਮਣੇ ਆਇਆ ।1996 ਵਿੱਚ ਡੇਂਗੂ ਨੇ ਦਿੱਲੀ ਵਿੱਚ ਕਾਫੀ ਜਾਨੀ ਨੁਕਸਾਨ ਕੀਤਾ । 2018 ਵਿੱਚ ਦਿੱਲੀ ਵਿੱਚ ਇਸਦੇ 2406 ਮਾਮਲੇ ਦਰਜ ਕੀਤੇ ਗਏ । ਨੈਸ਼ਨਲ ਵੈਕਟਰ ਬੌਰਨ ਡਿਜੀਜਜ ਕੰਟਰੋਲ ਪ੍ਰੋਗਰਾਮ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ 9143 ਕੇਸ ਪਾਏ ਗਏ । ਸਭ ਤੋਂ ਵੱਧ ਮਰੀਜ਼ ਪਟਿਆਲਾ ਜਿਲੇ 'ਚ ਰਿਪੋਰਟ ਕੀਤੇ ਗਏ ।ਪੰਜਾਬ ਵਿੱਚ ਸ਼ੁਰੂ ਕੀਤੇ ਨੈਸ਼ਨਲ ਵੈਕਟਰ ਬੋਰਨ ਡਿਜੀਜਜ ਕੰਟਰੋਲ ਪ੍ਰੋਗਰਾਮ ਵਿੱਚ ਸ਼ਾਮਿਲ ਕੀਤੀਆਂ 6 ਬੀਮਾਰੀਆਂ ਵਿੱਚ ਡੇਂਗੂ ਨੂੰ ਵਿਸ਼ੇਸ਼ ਥਾਂ ਦਿੱਤੀ ਗਈ ਹੈ ।

*ਡੇਂਗੂ ਦੇ ਲੱਛਣ*

ਡੇਂਗੂ ਜਿਸਨੂੰ ਹੱਡੀ ਤੋੜ ਬੁਖਾਰ (ਭਰਏਓਕ ਭੋਨਏ ਫ਼ਏਵਏਰ) ਵੀ ਕਿਹਾ ਜਾਂਦਾ ਹੈ ਦੀਆਂ ਵੱਖ ਵੱਖ ਨਿਸ਼ਾਨੀਆਂ ਵਿੱਚ ਤੇਜ ਬੁਖਾਰ,ਸਿਰ ਦਰਦ, ਅੱਖਾਂ ਦੇ ਪਿਛਲੇ ਪਾਸੇ ਦਰਦ,ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ,ਜੀਅ ਕੱਚਾ ਅਤੇ ਉਲਟੀਆਂ, ਥਕਾਵਟ, ਚਮੜੀ ਤੇ ਦਾਣੇ ਅਤੇ ਜ਼ਿਆਦਾ ਹਾਲਤ ਖਰਾਬ ਹੋਣ ਤੇ ਨੱਕ ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਸ਼ਾਮਲ ਹਨ। ਡੇਂਗੂ ਹੋਣ ਦੀ ਸੂਰਤ ਵਿੱਚ ਸਾਡੇ ਸਰੀਰ ਵਿਚਲੇ ਲਾਲ ਲਹੂ ਕਣ(ਪਲੇਟਲੈੱਟਸ) ਆਮ ਤੌਰ ਤੇ ਘੱਟ ਜਾਂਦੇ ਹਨ। ਇਹਨਾਂ ਦੀ ਗਿਣਤੀ ਇੱਕ ਤੰਦਰੁਸਤ ਵਿਅਕਤੀ ਵਿਚ ਡੇਢ ਲੱਖ ਤੋਂ ਸਾਢੇ ਚਾਰ ਲੱਖ ਤੱਕ ਹੁੰਦੀ ਹੈ। ਮਰੀਜ਼ ਨੂੰ ਹਸਪਤਾਲ ਦਾਖਲ ਕਰਨ ਦੀ ਲੋੜ ਉੱਦੋ ਪੈਂਦੀ ਹੈ ਜਦੋਂ ਪਲੇਟਲੈੱਟਸ ਦੀ ਗਿਣਤੀ ਘਟ ਕੇ ਵੀਹ ਹਜ਼ਾਰ ਰਹਿ ਜਾਂਦੀ ਹੈ। ਵੈਸੇ ਡੇਂਗੂ ਤੋਂ ਡਰਨ ਦੀ ਲੋੜ ਨਹੀਂ ਹੈ । ਬੁਖਾਰ ਠੀਕ ਕਰਨ ਲਈ ਸਿਰਫ ਪੇਰਾਸੀਟਾਮਮੋਲ ਦੀ ਗੋਲੀ ਹੀ ਲਈ ਜਾਵੇ।

*ਬਚਾਓ ਦੇ ਤਰੀਕੇ*

ਡੇਂਗੂ ਫੈਲਾਉਣ ਵਾਲੇ ਮੱਛਰ ਸਾਫ ਅਤੇ ਖੜ੍ਹੇ ਪਾਣੀ ਵਿੱਚ ਪਲਦੇ ਹਨ। ਇਹ ਸੁਵਖਤੇ ਅਤੇ ਸ਼ਾਮ ਵੇਲੇ ਕੱਟਦੇ ਹਨ। ਸਾਨੂੰ ਸੌਣ ਵੇਲੇ ਮੱਛਰਦਾਨੀ ਦੀ ਵਰਤੋਂ, ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਕੂਲਰਾਂ, ਫਰਿੱਜਾਂ, ਗਮਲਿਆਂ , ਪੰਛੀਆਂ ਲਈ ਰੱਖੇ ਭਾਂਡਿਆਂ ਆਦਿ ਦੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰੀ ਜਰੂਰ ਬਦਲੋ। ਛੱਤਾਂ ਉਪਰ ਰੱਖੀਆਂ ਪਾਣੀ ਵਾਲੀਆਂ ਟੈਂਕੀਆਂ ਦੇ ਢੱਕਣ ਚੰਗੀ ਤਰ੍ਹਾਂ ਬੰਦ ਰੱਖੋ। ਬਰਸਾਤੀ ਸਮਿਆਂ ਦੌਰਾਨ ਛੱਤਾਂ ਤੇ ਪਏ ਕਬਾੜ, ਟੁੱਟੇ ਫੁੱਟੇ ਬਰਤਨਾਂ ਵਿੱਚ ਅਕਸਰ ਪਾਣੀ ਭਰ ਜਾਂਦਾ ਹੈ। ਉਹਨਾਂ ਨੂੰ ਨਸਟ ਕਰੋ। ਨੀਵੀਆਂ ਥਾਵਾਂ ਜਾ ਘਰਾਂ ਦੇ ਆਲੇ ਦੁਆਲੇ ਪਾਣੀ ਇਕੱਠਾ ਨਾ ਹੋਣ ਦਿਓ ਜਾਂ ਇਸ ਵਿੱਚ ਕਾਲਾ ਤੇਲ ਪਾਇਆ ਜਾਵੇ। ਇਹ ਮੱਛਰ ਅਕਸਰ ਦਿਨ ਵੇਲੇ ਕੱਟਦਾ ਹੈ ਇਸ ਲਈ ਅਜਿਹੇ ਕੱਪੜੇ ਪਹਿਨੋ ਜਿਸ ਨਾਲ ਪੂਰਾ ਸਰੀਰ ਢੱਕਿਆ ਰਹੇ। ਡੇਂਗੂ ਦੇ ਲੱਛਣ ਪਾਏ ਜਾਣ ਤੇ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕਰੋ। ਇਸ ਦੀ ਜਾਂਚ ਅਤੇ ਇਲਾਜ ਹਰ ਤਹਿਸੀਲ ਅਤੇ ਜਿਲਾ ਪੱਧਰੀ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਹੁੰਦਾ ਹੈ। ਜਦੋਂ ਮਰੀਜ ਦਾ ਬੁਖਾਰ ਠੀਕ ਹੋ ਜਾਂਦਾ ਹੈ ਤਾਂ ਪਲੇਟਲੈੱਟਸ ਦੀ ਗਿਣਤੀ ਆਪਣੇ ਆਪ ਹੀ ਵਧ ਜਾਂਦੀ ਹੈ ਬਸ਼ਰਤੇ ਵਾਰ ਵਾਰ ਬੁਖਾਰ ਨਾ ਚੜ੍ਹੇ। ਸਿਹਤ ਵਿਭਾਗ ਦੀ ਰੀੜ ਹੱਡੀ ਸਮਝੇ ਜਾਂਦੇ ਮਲਟੀਪਰਪਜ ਹੈਲਥ ਵਰਕਰ ਅਤੇ ਸੁਪਰਵਾਈਜਰ ਘਰ ਘਰ ਜਾ ਕੇ ਡੇਂਗੂ ਗਤੀਵਿਧੀਆਂ ਕਰਦੇ ਹੋਏ ਲੋਕਾਂ ਨੂੰ ਜਾਗਰੂਕ ਕਰਦੇ ਹਨ। ਇਹਨਾਂ ਬਹੁਮੰਤਵੀ ਸਿਹਤ ਕਾਮਿਆਂ ਨੂੰ ਘਰ ਘਰ ਜਾਣ ਦਾ ਜੋ ਬੱਝਵਾਂ ਸਫ਼ਰੀ ਭੱਤਾ ਮਿਲਦਾ ਸੀ ਪਿਛਲੀ ਚੰਨੀ ਸਰਕਾਰ ਨੇ ਬੰਦ ਕਰ ਦਿੱਤਾ ਹੈ ਪਰ ਇਹ ਸਿਹਤ ਕਾਮਿਆਂ ਨੇ ਘਰ ਘਰ ਜਾਣ ਦਾ ਕੰਮ ਬੰਦ ਨਹੀਂ ਕੀਤਾ ਅਤੇ ਭੱਤਾ ਬੰਦ ਕਰਨ ਦੀ ਬਾਵਜੂਦ ਵੀ ਟੂਰ ਕਰ ਰਹੇ ਹਨ। ਪਿੰਡਾਂ ਵਿੱਚ ਜਾਣਕਾਰੀ ਕੈਂਪ ਲਗਾਉਣ ਦੇ ਨਾਲ ਘਰ ਘਰ ਟੂਰ ਕਰਕੇ ਡੇਂਗੂ ਜਾਣਕਾਰੀ ਦੇ ਪਰਚੇ ਵੰਡਦੇ ਹਨ। ਖੂਨ ਦੀ ਜਾਂਚ ਕਰਦੇ ਹਨ। ਪਰ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪਦਾਰਥ ਵਾਦੀ ਇਸ ਸਮਾਜ ਦੇ ਕੁੱਝ ਝੋਲਾਛਾਪ ਅਖੌਤੀ ਡਾਕਟਰ ਅਤੇ ਆਪੂੰ ਬਣੇ ਵੈਦ ਆਪਣੀਆਂ ਜੇਬਾਂ ਭਰਨ ਨੂੰ ਮੁੱਖ ਰੱਖ ਕੇ ਭੋਲੇ ਭਾਲੇ ਲੋਕਾਂ ਨੂੰ ਹਥੌਲਾ ਪਾ ਕੇ ਅਤੇ ਡੇਂਗੂ ਦੇ ਸ਼ਰਤੀਆ ਇਲਾਜ ਦੀਆਂ ਪੁੜੀਆਂ ਅਤੇ ਕਿਸੇ ਖਾਸ ਪਸ਼ੂ ਦਾ ਦੁੱਧ ਅਤੇ ਖਾਸ ਫਲ ਦਾ ਜੂਸ ਪੀਣ ਦੀਆਂ ਸਲਾਹਾਂ ਦੇ ਕੇ ਸਮਾਜ ਨੂੰ ਗੁੰਮਰਾਹ ਕਰਦੇ ਹਨ। ਥਾਂ ਥਾਂ ਤੇ ਮੈਂ ਫੱਟੇ ਲੱਗੇ ਵੇਖੇ ਹਨ ਕਿ ਇੱਕ ਪੁੜੀ ਨਾਲ ਪੰਜ ਹਜ਼ਾਰ ਤੱਕ ਸੈੱਲ ਵਧਾਓ। ਸਿਹਤ ਵਿਭਾਗ ਨੂੰ ਅਜਿਹੇ ਅਨਸਰਾਂ ਖਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਜਨਤਾ ਦੀ ਲੁੱਟ ਬੰਦ ਹੋ ਸਕੇ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Professionally qualified match from khatri/Arora decent family for our son 1990 born, 5' 7" . Working in Vancouver as data migration analyst, earning $90000. Contact: 9988315117, 604-781-9080

............................................

Canadian-born, Vegetarian, Jatt Sikh boy. 30 years old. Medical Professional; currently working at Vancouver Coastal Health. Seeking a match with a girl from a Gursikh family who is also Canadian-born and Vegetarian. Please call 778-709-9910

............................................

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ 32 ਸਾਲਾ 6 ਫੁੱਟ ਸਰਦਾਰ ਤਲਾਕਸ਼ੁਦਾ ਕੈਲਗਰੀ ਵਿੱਚ ਰਹਿੰਦੇ ਲੜਕੇ ਲਈ ਘੱਟੋ-ਘੱਟ 5.5 ਕੱਦ ਵਾਲੀ ਕਨੇਡਾ ਵਿੱਚ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 422 1833, 604 441 2723 17-04

....................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

## BRIDE WANTED

ਜੌਹਲ ਪਰਿਵਾਰ ਦਾ ਖ਼ੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ 'ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ। ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ : 604-616-2171 RS- 05-12

Looking For
WEDDING &
ENGAGEMENT FILMS
BOOK NOW!
PACKAGES STARTING
AT $350 ONLY*



soul
ONE SOUL FILMS
Call or Text : 604-584-5577
*T&C Apply

# ਕੁਆਲੀਕਮ ਬੀਚ ਨੇੜੇ ਘੱਟ ਪਾਣੀ ਵਿੱਚ ਫਸੀਆਂ 15 ਡਾਲਫਿਨਾਂ ਸੁਰੱਖਿਅਤ ਸਮੁੰਦਰ ਵਾਪਸ ਛੱਡੀਆਂ



ਸਰੀ, (ਏਕਜੋਤ ਸਿੰਘ): ਕੁਆਲੀਕਮ ਬੀਚ ਦੇ ਨੇੜੇ ਇੱਕ ਘੱਟ ਡੂੰਘੇ ਟਾਈਡਲ ਪੂਲ ਵਿੱਚ ਅਸਥਾਈ ਤੌਰ ਉੱਤੇ ਫਸੀਆਂ 15 ਪੈਸੀਫਿਕ ਵ੍ਹਾਈਟ-ਸਾਈਡਡ ਡਾਲਫਿਨਾਂ ਸੁਰੱਖਿਅਤ ਗਹਿਰੇ ਪਾਣੀ ਵਿੱਚ ਵਾਪਸ ਛੱਡ ਦਿੱਤੀਆਂ ਗਈਆਂ ਹਨ। ਇਹ ਘਟਨਾ 16 ਮਈ ਨੂੰ ਵਾਪਰੀ ਜਦੋਂ ਸਮੁੰਦਰ ਵਿੱਚ ਘੱਟ ਲਹਿਰਾਂ (ਲੋਅ ਟਾਈਡ) ਹੋਣ ਕਾਰਨ ਇਹ ਡਾਲਫਿਨਾਂ ਲਗਭਗ ਤਿੰਨ ਤੋਂ ਚਾਰ ਫੁੱਟ ਡੂੰਘੇ ਪਾਣੀ ਵਿੱਚ ਇਕੱਲੀਆਂ ਰਹਿ ਗਈਆਂ ਸਨ ਅਤੇ ਅੱਗੇ ਵਧਣ ਤੋਂ ਅਸਮਰੱਥ ਸਨ। ਸੂਚਨਾ ਮਿਲਦੇ ਹੀ ਡੀਐਫਓ (ਮੱਛੀ ਪਾਲਣ ਅਤੇ ਮਹਾਂਸਾਗਰ ਵਿਭਾਗ) ਦੇ ਕਰਮਚਾਰੀਆਂ ਨੇ ਤੁਰੰਤ ਮੌਕੇ ਉੱਤੇ ਪਹੁੰਚ ਕੇ ਸਥਿਤੀ ਨੂੰ ਸੰਭਾਲਿਆ।

ਵਿਭਾਗ ਦੇ ਕਰਮਚਾਰੀਆਂ ਨੇ ਮੌਕੇ ਉੱਤੇ ਇਕੱਠੇ ਹੋਏ ਲੋਕਾਂ ਦੀ ਭੀੜ ਨੂੰ ਡਾਲਫਿਨਾਂ ਤੋਂ ਇੱਕ ਸੁਰੱਖਿਅਤ ਦੂਰੀ ਉੱਤੇ ਰੱਖਿਆ ਤਾਂ ਜੋ ਜੀਵਾਂ ਨੂੰ ਵਾਧੂ ਮਾਨਸਿਕ ਤਣਾਅ ਨਾ ਹੋਵੇ ਅਤੇ ਉਹ ਉੱਚੀਆਂ ਲਹਿਰਾਂ (ਹਾਈ ਟਾਈਡ) ਦੇ ਆਉਣ ਨਾਲ ਕੁਦਰਤੀ ਤੌਰ ਉੱਤੇ ਬਾਹਰ ਨਿਕਲ ਸਕਣ। ਲਗਭਗ 12 ਘੰਟਿਆਂ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਸ਼ਾਮ 6:15 ਵਜੇ ਦੇ ਕਰੀਬ ਜਦੋਂ ਸਮੁੰਦਰ ਵਿੱਚ ਪਾਣੀ ਦਾ ਪੱਧਰ ਵਧਿਆ, ਤਾਂ ਸਾਰੀਆਂ ਡਾਲਫਿਨਾਂ ਬਿਨਾਂ ਕਿਸੇ ਬਾਹਰੀ ਮਦਦ ਦੇ ਖੁਦ ਹੀ ਰੇਤ ਦੇ ਬਾਰ ਨੂੰ ਪਾਰ ਕਰਕੇ ਡੂੰਘੇ ਪਾਣੀ ਵਿੱਚ ਚਲੀਆਂ ਗਈਆਂ।

ਸਮੁੰਦਰੀ ਜੀਵਾਂ ਦੀ ਸੁਰੱਖਿਆ ਲਈ ਬਣਾਏ ਗਏ ਨਿਯਮਾਂ ਅਨੁਸਾਰ ਸਮੁੰਦਰੀ ਜੀਵਾਂ ਨੂੰ ਕਿਸੇ ਵੀ ਤਰ੍ਹਾਂ ਪਰੇਸ਼ਾਨ ਕਰਨਾ ਸਖਤ ਕਾਨੂੰਨੀ ਅਪਰਾਧ ਹੈ। ਇਹਨਾਂ ਨਿਯਮਾਂ ਵਿੱਚ ਜੀਵਾਂ ਨੂੰ ਖੁਆਉਣ ਦੀ ਕੋਸ਼ਿਸ਼ ਕਰਨਾ, ਉਹਨਾਂ ਨਾਲ ਤੈਰਨਾ, ਉਹਨਾਂ ਦੇ ਰਹਿਣ ਵਾਲੇ ਸਥਾਨ ਤੋਂ ਉਹਨਾਂ ਨੂੰ ਹਟਾਉਣਾ ਜਾਂ ਭਜਾਉਣਾ, ਅਤੇ ਬੱਚਿਆਂ ਨੂੰ ਉਹਨਾਂ ਦੇ ਸਮੂਹ ਤੋਂ ਵੱਖ ਕਰਨਾ ਸ਼ਾਮਲ ਹੈ। ਇਹ ਨਿਯਮ ਸਾਰੀਆਂ ਬੇੜੀਆਂ, ਕਯਾਕ ਅਤੇ ਪੈਡਲਬੋਰਡਾਂ ਉੱਤੇ ਬਰਾਬਰ ਲਾਗੂ ਹੁੰਦੇ ਹਨ। ਡੀਐਫਓ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਜੇਕਰ ਕੋਈ ਵ੍ਹੇਲ ਜਾਂ ਡਾਲਫਿਨ ਆਰਾਮ ਦੀ ਸਥਿਤੀ ਵਿੱਚ ਹੋਵੇ ਤਾਂ ਉਸ ਤੋਂ 200 ਮੀਟਰ ਅਤੇ ਆਮ ਸਥਿਤੀ ਵਿੱਚ ਘੱਟੋ-ਘੱਟ 100 ਮੀਟਰ ਦੀ ਦੂਰੀ ਬਣਾ ਕੇ ਰੱਖਣੀ ਲਾਜ਼ਮੀ ਹੈ। This report was written by Ekjot Singh as part of the Local Journalism Initiative.

# ਬੀ.ਸੀ. ਵਿੱਚ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਮਿਲੇਗੀ ਕਿਰਾਏ ਵਿੱਚ ਵਿੱਤੀ ਮਦਦ

ਸਰੀ, (ਏਕਜੋਤ ਸਿੰਘ): ਮਹਿੰਗਾਈ ਦੇ ਮੌਜੂਦਾ ਦੌਰ ਵਿੱਚ ਰਿਹਾਇਸ਼ ਦਾ ਖਰਚਾ ਆਮ ਲੋਕਾਂ ਲਈ ਬਹੁਤ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਖਾਸ ਤੌਰ 'ਤੇ ਉਨ੍ਹਾਂ ਬਜ਼ੁਰਗਾਂ ਲਈ ਇਹ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ, ਜਿਨ੍ਹਾਂ ਦੀ ਆਮਦਨ ਬਹੁਤ ਸੀਮਤ ਹੁੰਦੀ ਹੈ ਅਤੇ ਉਨ੍ਹਾਂ ਨੂੰ ਆਪਣੇ ਰੋਜ਼ਾਨਾ ਦੇ ਖਰਚਿਆਂ ਦੇ ਨਾਲ-ਨਾਲ ਭਾਰੀ ਕਿਰਾਇਆ ਵੀ ਅਦਾ ਕਰਨਾ ਪੈਂਦਾ ਹੈ। ਜੇਕਰ ਕੋਈ ਬਜ਼ੁਰਗ ਕਿਰਾਏ ਦੇ ਭੁਗਤਾਨ ਨੂੰ ਲੈ ਕੇ ਆਰਥਿਕ ਤੰਗੀ ਦਾ ਸਾਹਮਣਾ ਕਰ ਰਿਹਾ ਹੈ, ਤਾਂ ਉਹ ਬ੍ਰਿਟਿਸ਼ ਕੋਲੰਬੀਆ ਸਰਕਾਰ ਦੇ ਵਿਸ਼ੇਸ਼ ਪ੍ਰੋਗਰਾਮ 'ਸੇਫਰ' (SAFER) ਯਾਨੀ ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਸ ਰਾਹੀਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ ਸਕਦਾ ਹੈ। ਇਹ ਪ੍ਰੋਗਰਾਮ ਖਾਸ ਤੌਰ 'ਤੇ ਬਜ਼ੁਰਗਾਂ ਦੀ ਰਿਹਾਇਸ਼ ਨੂੰ ਸੁਰੱਖਿਅਤ ਅਤੇ ਕਿਫਾਇਤੀ ਬਣਾਉਣ ਲਈ ਡਿਜ਼ਾਈਨ ਕੀਤਾ ਗਿਆ ਹੈ। ਬੀ.ਸੀ. ਹਾਊਸਿੰਗ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਜਾਣਕਾਰੀ ਅਨੁਸਾਰ, ਇਹ ਪ੍ਰੋਗਰਾਮ ਬ੍ਰਿਟਿਸ਼ ਕੋਲੰਬੀਆ ਦੇ ਉਨ੍ਹਾਂ ਯੋਗ ਨਿਵਾਸੀਆਂ ਨੂੰ ਹਰ ਮਹੀਨੇ ਕਿਰਾਏ ਦੀ ਸਬਸਿਡੀ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੀ ਉਮਰ 60 ਸਾਲ ਜਾਂ ਇਸ ਤੋਂ ਵੱਧ ਹੈ। ਇਸ ਸਬਸਿਡੀ ਦਾ ਮੁੱਖ ਉਦੇਸ਼ ਬਜ਼ੁਰਗਾਂ ਨੂੰ ਮਕਾਨ ਦੇ ਕਿਰਾਏ ਦੇ ਬੋਝ ਤੋਂ ਕੁਝ ਰਾਹਤ ਦਿਵਾਉਣਾ ਹੈ ਤਾਂ ਜੋ ਉਹ ਆਪਣਾ ਜੀਵਨ ਸਨਮਾਨ ਨਾਲ ਬਤੀਤ ਕਰ ਸਕਣ। ਇਸ ਯੋਜਨਾ ਦਾ ਲਾਭ ਲੈਣ ਲਈ ਕੁਝ ਸ਼ਰਤਾਂ ਨਿਰਧਾਰਤ ਕੀਤੀਆਂ ਗਈਆਂ ਹਨ। ਬਿਨੈਕਾਰ ਦੀ ਉਮਰ 60 ਸਾਲ ਹੋਣ ਦੇ ਨਾਲ-ਨਾਲ ਉਸ ਦੀ ਸਾਲਾਨਾ ਆਮਦਨ 40,000 ਡਾਲਰ ਜਾਂ ਇਸ ਤੋਂ ਘੱਟ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ, ਬਿਨੈਕਾਰ ਦਾ ਘੱਟੋ-ਘੱਟ 1 ਸਾਲ ਤੋਂ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿਣਾ ਲਾਜ਼ਮੀ ਹੈ। ਇੱਕ ਹੋਰ ਅਹਿਮ ਸ਼ਰਤ ਇਹ ਹੈ ਕਿ ਬਿਨੈਕਾਰ ਆਪਣੀ ਕੁੱਲ ਮਾਸਿਕ ਆਮਦਨ ਦਾ 30 ਫੀਸਦੀ ਤੋਂ ਵੱਧ ਹਿੱਸਾ ਕਿਰਾਏ ਵਜੋਂ ਅਦਾ ਕਰ ਰਿਹਾ ਹੋਵੇ। ਇਹ ਵਿੱਤੀ ਗ੍ਰਾਂਟ ਉਨ੍ਹਾਂ ਬਜ਼ੁਰਗਾਂ ਲਈ ਉਪਲਬਧ ਨਹੀਂ ਹੈ ਜੋ ਲੰਬੇ ਸਮੇਂ ਦੀ ਦੇਖਭਾਲ ਵਾਲੀਆਂ ਸਹੂਲਤਾਂ (ਲਾਂਗ ਟਰਮ ਕੇਅਰ) ਵਿੱਚ ਰਹਿ ਰਹੇ ਹਨ ਜਾਂ ਜਿਨ੍ਹਾਂ ਦੀ ਰਿਹਾਇਸ਼ ਪਹਿਲਾਂ ਹੀ ਕਿਸੇ ਹੋਰ ਸਰਕਾਰੀ ਏਜੰਸੀ ਦੁਆਰਾ ਸਬਸਿਡੀ ਪ੍ਰਾਪਤ ਹੈ। ਇਹ ਨਿਯਮ ਇਸ ਲਈ ਬਣਾਏ ਗਏ ਹਨ ਤਾਂ ਜੋ ਲੋੜਵੰਦ ਲੋਕਾਂ ਤੱਕ ਸਿੱਧੀ ਮਦਦ ਪਹੁੰਚਾਈ ਜਾ ਸਕੇ। ਜਿਹੜੇ ਬਿਨੈਕਾਰ ਸੇਫਰ ਸਬਸਿਡੀ ਲਈ ਮਨਜ਼ੂਰ ਹੋ ਜਾਂਦੇ ਹਨ, ਉਨ੍ਹਾਂ ਨੂੰ ਘੱਟੋ-ਘੱਟ 50 ਡਾਲਰ ਪ੍ਰਤੀ ਮਹੀਨਾ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਹ ਭੁਗਤਾਨ ਉਸੇ ਮਹੀਨੇ ਤੋਂ ਸ਼ੁਰੂ ਹੋ ਜਾਂਦਾ ਹੈ ਜਿਸ ਮਹੀਨੇ ਅਰਜ਼ੀ ਪ੍ਰਾਪਤ ਹੁੰਦੀ ਹੈ, ਜਿਸ ਨਾਲ ਬਿਨੈਕਾਰ ਨੂੰ ਤੁਰੰਤ ਰਾਹਤ ਮਿਲਦੀ ਹੈ। ਇਸ ਯੋਜਨਾ ਦਾ ਲਾਭ ਨਿਰੰਤਰ ਜਾਰੀ ਰੱਖਣ ਲਈ ਗਾਹਕਾਂ ਨੂੰ ਹਰ ਸਾਲ ਸਬਸਿਡੀ ਲਈ ਮੁੜ ਅਰਜ਼ੀ ਦੇਣੀ ਪੈਂਦੀ ਹੈ, ਤਾਂ ਜੋ ਉਨ੍ਹਾਂ ਦੀ ਮੌਜੂਦਾ ਵਿੱਤੀ ਸਥਿਤੀ ਦਾ ਸਹੀ ਮੁਲਾਂਕਣ ਕੀਤਾ ਜਾ ਸਕੇ। ਇਸ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲੈਣ ਜਾਂ ਅਪਲਾਈ ਕਰਨ ਲਈ ਸੰਪਰਕ ਨੰਬਰ 604-433-2218 'ਤੇ ਕਾਲ ਕੀਤੀ ਜਾ ਸਕਦੀ ਹੈ ਜਾਂ ਬੀ.ਸੀ. ਹਾਊਸਿੰਗ ਦੀ ਵੈੱਬਸਾਈਟ 'ਤੇ ਵਿਜ਼ਿਟ ਕੀਤਾ ਜਾ ਸਕਦਾ ਹੈ।




# .ਗ਼ਜ਼ਲ ਮੰਚ ਸਰੀ ਵੱਲੋਂ 24 ਮਈ ਨੂੰ ਸਜਾਈ ਜਾਵੇਗੀ .ਗ਼ਜ਼ਲ ਗਾਇਕੀ ਦੀ 'ਸੁਰੀਲੀ ਸ਼ਾਮ'




ਸਰੀ, (ਹਰਦਮ ਮਾਨ): ਸਰੀ ਦੀ ਨਾਮਵਰ ਸੰਸਥਾ 'ਗ਼ਜ਼ਲ ਮੰਚ ਸਰੀ' ਵੱਲੋਂ ਗ਼ਜ਼ਲ ਪ੍ਰੇਮੀਆਂ ਲਈ ਇੱਕ ਬਹੁਤ ਹੀ ਸ਼ਾਨਦਾਰ ਗ਼ਜ਼ਲ ਗਾਇਕੀ ਦਾ ਪ੍ਰੋਗਰਾਮ 'ਸੁਰੀਲੀ ਸ਼ਾਮ-2026' ਕਰਵਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ 24 ਮਈ 2026 ਨੂੰ ਰਿਫ਼ਲੈਕਸ਼ਨ ਬੈਂਕੁਇੱਟ ਹਾਲ (6638 152A St, Surrey BC V3S 7J1) ਵਿਖੇ ਸਵੇਰੇ 11:00 ਵਜੇ ਤੋਂ ਦੁਪਹਿਰ 3:30 ਵਜੇ ਤੱਕ ਹੋਵੇਗਾ।

ਇਸ ਸੰਗੀਤਮਈ ਸ਼ਾਮ ਦੀ ਖ਼ਾਸੀਅਤ ਇਹ ਹੋਵੇਗੀ ਕਿ ਇਸ ਵਿੱਚ ਸਥਾਨਕ ਅਤੇ ਅੰਤਰਰਾਸ਼ਟਰੀ ਪੱਧਰ ਦੇ ਨਾਮਵਰ ਫ਼ਨਕਾਰ ਆਪਣੀ ਆਵਾਜ਼ ਦਾ ਜਾਦੂ ਬਿਖੇਰਨਗੇ। ਪ੍ਰੋਗਰਾਮ ਵਿੱਚ ਮੁੱਖ ਤੌਰ 'ਤੇ ਅਭਿਸ਼ੇਕ, ਭਗਤਜੀਤ ਸਿੰਘ, ਪਰਖਜੀਤ ਸਿੰਘ, ਸਾਂਝ ਜੌੜਾ ਅਤੇ ਸੁਖਦੇਵ ਸਾਹਿਲ ਆਪਣੀ ਗਾਇਕੀ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕਰਨਗੇ।

ਪ੍ਰਬੰਧਕਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਪ੍ਰੋਗਰਾਮ ਲਈ ਕੋਈ ਟਿਕਟ ਨਹੀਂ ਰੱਖੀ ਗਈ ਹੈ ਅਤੇ ਦਾਖ਼ਲਾ ਬਿਲਕੁਲ ਮੁਫ਼ਤ ਹੈ। ਗ਼ਜ਼ਲ ਮੰਚ ਸਰੀ ਨੇ ਸਮੂਹ ਸੰਗੀਤ ਪ੍ਰੇਮੀਆਂ ਨੂੰ ਇਸ ਸੁਰੀਲੀ ਸ਼ਾਮ ਦਾ ਹਿੱਸਾ ਬਣਨ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਵਧੇਰੇ ਜਾਣਕਾਰੀ ਲਈ ਚਾਹਵਾਨ ਸੱਜਣ ਦਵਿੰਦਰ ਗੌਤਮ ਨਾਲ ਫੋਨ ਨੰਬਰ 604) 825-6960 'ਤੇ ਸੰਪਰਕ ਕਰ ਸਕਦੇ ਹਨ।

# ਵੈਨਕੂਵਰ ਵਿੱਚ ਫੀਫਾ ਵਿਸ਼ਵ ਕੱਪ ਦੀਆਂ ਮਹਿੰਗੀਆਂ ਟਿਕਟਾਂ ਅਤੇ ਹੋਟਲਾਂ ਦੇ ਖਰਚੇ ਕਾਰਨ ਸੈਲਾਨੀ ਪਰੇਸ਼ਾਨ

## ਮਹਿੰਗੇ ਹੋਟਲਾਂ ਅਤੇ ਟਿਕਟਾਂ ਕਾਰਨ ਵੈਨਕੂਵਰ ਫੀਫਾ ਵਿਸ਼ਵ ਕੱਪ ਆਮ ਲੋਕਾਂ ਦੀ ਪਹੁੰਚ ਤੋਂ ਦੂਰ

ਸਰੀ, (ਏਕਜੋਤ ਸਿੰਘ): ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਵਿੱਚ 11 ਜੂਨ ਤੋਂ 19 ਜੁਲਾਈ ਤੱਕ ਹੋਣ ਵਾਲੇ ਫੀਫਾ (FIFA) ਵਿਸ਼ਵ ਕੱਪ ਨੂੰ ਲੈ ਕੇ ਫੁੱਟਬਾਲ ਪ੍ਰੇਮੀਆਂ ਵਿੱਚ ਭਾਰੀ ਉਤਸ਼ਾਹ ਹੈ, ਪਰ ਵੈਨਕੂਵਰ ਵਿੱਚ ਮੈਚਾਂ ਦੀਆਂ ਮਹਿੰਗੀਆਂ ਟਿਕਟਾਂ ਅਤੇ ਹੋਟਲਾਂ ਦੇ ਵਧੇ ਕਿਰਾਏ ਸੈਲਾਨੀਆਂ ਲਈ ਵੱਡੀ ਮੁਸ਼ਕਿਲ ਬਣ ਗਏ ਹਨ। ਲੰਡਨ ਤੋਂ ਵੈਨਕੂਵਰ ਮੈਚ ਦੇਖਣ ਦੀ ਤਿਆਰੀ ਕਰ ਰਹੇ ਕ੍ਰਿਸ ਵੈਨ ਬ੍ਰੋਕਹੋਵਨ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੇ ਗਰੁੱਪ ਨੂੰ ਟਿਕਟਾਂ ਖਰੀਦਣ ਦਾ ਮੌਕਾ ਮਿਲਿਆ, ਤਾਂ ਕੀਮਤਾਂ ਬਹੁਤ ਜ਼ਿਆਦਾ ਸਨ। ਰੀਸੇਲ ਪੇਜਾਂ 'ਤੇ ਇੱਕ ਟਿਕਟ ਦੀ ਕੀਮਤ 2,000 ਡਾਲਰ ਤੱਕ ਪਹੁੰਚ ਚੁੱਕੀ ਹੈ, ਜਿਸ ਕਾਰਨ ਉਹ ਹੁਣ ਆਪਣਾ ਪਲਾਨ ਬਦਲਣ ਲਈ ਮਜਬੂਰ ਹਨ।




ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਪ੍ਰੋਫੈਸਰ ਜੈਰੇਟ ਵੌਨ ਮੁਤਾਬਕ ਵੈਨਕੂਵਰ ਆਉਣ ਵਾਲੇ ਸੈਲਾਨੀਆਂ ਲਈ ਸਭ ਤੋਂ ਵੱਡੀ ਚੁਣੌਤੀ ਇੱਥੋਂ ਦਾ ਵਧਦਾ ਖਰਚਾ ਹੈ। ਖਾਸ ਕਰਕੇ ਹੋਟਲ ਇੰਡਸਟਰੀ ਨੇ ਮੰਗ ਵਧਣ ਕਾਰਨ ਕਮਰਿਆਂ ਦੇ ਰੇਟ ਬਹੁਤ ਜ਼ਿਆਦਾ ਵਧਾ ਦਿੱਤੇ ਹਨ। ਦੂਜੇ ਪਾਸੇ, ਵੈਨਕੂਵਰ ਵਿੱਚ ਏਅਰਬੀਐਨਬੀ (Airbnb) ਹੋਸਟ ਬਣਨ ਲਈ ਲਾਇਸੰਸ ਫੀਸ 1,200 ਡਾਲਰ ਸਾਲਾਨਾ ਹੈ ਅਤੇ ਨਿਯਮ ਬਹੁਤ ਸਖ਼ਤ ਹਨ, ਜਿਸ ਕਾਰਨ ਲੋਕ ਹੁਣ ਫੇਸਬੁੱਕ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਗੈਰ-ਕਾਨੂੰਨੀ ਤਰੀਕੇ ਨਾਲ ਆਪਣੇ ਘਰ ਕਿਰਾਏ 'ਤੇ ਦੇ ਰਹੇ ਹਨ।

ਪ੍ਰੋਫੈਸਰ ਵੌਨ ਦਾ ਮੰਨਣਾ ਹੈ ਕਿ ਸਥਾਨਕ ਸਰਕਾਰਾਂ ਨੂੰ ਅਜਿਹੇ ਮੌਕਿਆਂ 'ਤੇ ਨਿਯਮਾਂ ਵਿੱਚ ਢਿੱਲ ਦੇਣੀ ਚਾਹੀਦੀ ਹੈ ਤਾਂ ਜੋ ਆਰਥਿਕਤਾ ਖੁੱਲ੍ਹ ਸਕੇ। ਇਨ੍ਹਾਂ ਮਹਿੰਗੇ ਰੇਟਾਂ ਦੇ ਕਾਰਨ ਹੀ 'ਡੇਸਟੀਨੇਸ਼ਨ ਵੈਨਕੂਵਰ' ਮੁਤਾਬਕ 2025 ਦੇ ਮੁਕਾਬਲੇ ਇਸ ਸਾਲ ਜੂਨ ਮਹੀਨੇ ਦੀ ਹੋਟਲ ਬੁਕਿੰਗ ਵਿੱਚ 20 ਫੀਸਦੀ ਦੀ ਗਿਰਾਵਟ ਆਈ ਹੈ, ਹਾਲਾਂਕਿ ਹਵਾਈ ਯਾਤਰੀਆਂ ਦੀ ਗਿਣਤੀ ਵਿੱਚ 6 ਫੀਸਦੀ ਦਾ ਵਾਧਾ ਹੋਇਆ ਹੈ। ਵੈਨਕੂਵਰ ਦੀ ਰਹਿਣ ਵਾਲੀ ਇੱਕ ਮਾਂ ਸੁਸ਼ਨ ਵਰਦਾਨੀਅਨ ਨੇ ਵੀ ਦੱਸਿਆ ਕਿ ਉਹ ਆਪਣੇ 9 ਸਾਲ ਦੇ ਬੇਟੇ ਲਈ ਸਸਤੀ ਟਿਕਟ ਲੱਭ ਰਹੀ ਹੈ, ਪਰ ਕੀਮਤਾਂ ਬਹੁਤ ਜ਼ਿਆਦਾ ਹਨ। ਇਸ ਵਾਰ ਵਿਸ਼ਵ ਕੱਪ ਵਿੱਚ 48 ਟੀਮਾਂ ਹਿੱਸਾ ਲੈ ਰਹੀਆਂ ਹਨ ਅਤੇ ਕੁੱਲ 104 ਮੈਚ ਖੇਡੇ ਜਾਣਗੇ, ਜਿਨ੍ਹਾਂ ਵਿੱਚੋਂ 6 ਮੈਚ ਟੋਰਾਂਟੋ ਵਿੱਚ ਵੀ ਹੋਣਗੇ। This report was written by Ekjot Singh as part of the Local Journalism Initiative.

# ਬੀ.ਸੀ. ਦੀ ਮਹਿਲਾ ਅਧਿਆਪਕਾ 'ਤੇ ਬੱਚੇ ਨੂੰ ਵਰਗਲਾਉਣ ਦੇ ਦੋਸ਼, 15 ਸਾਲ ਲਈ ਲਾਇਸੰਸ ਰੱਦ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਇੱਕ ਸਾਬਕਾ ਹਾਈ ਸਕੂਲ ਅਧਿਆਪਕਾ ਕੇਲਸੀ ਮੈਕਰੇ ਬਲੇਕ ਨੂੰ ਇੱਕ ਨਾਬਾਲਗ ਵਿਦਿਆਰਥੀ ਨੂੰ ਇੰਟਰਨੈੱਟ ਰਾਹੀਂ ਵਰਗਲਾਉਣ (ਚਾਈਲਡ ਲੂਰਿੰਗ) ਦੇ ਮਾਮਲੇ ਵਿੱਚ ਦੋਸ਼ੀ ਪਾਏ ਜਾਣ ਤੋਂ ਬਾਅਦ ਅਗਲੇ 15 ਸਾਲਾਂ ਲਈ ਟੀਚਿੰਗ ਸਰਟੀਫਿਕੇਟ ਵਾਸਤੇ ਦੁਬਾਰਾ ਅਪਲਾਈ ਕਰਨ ਤੋਂ ਰੋਕ ਦਿੱਤਾ ਗਿਆ ਹੈ। ਸੂਬੇ ਦੇ ਅਧਿਆਪਕ ਰੈਗੂਲੇਟਰ 'ਬੀ.ਸੀ. ਕਮਿਸ਼ਨਰ ਫਾਰ ਟੀਚਰ ਰੈਗੂਲੇਸ਼ਨ' ਵੱਲੋਂ ਜਾਰੀ ਇੱਕ ਸਹਿਮਤੀ ਸਮਝੌਤੇ ਵਿੱਚ ਇਸ ਅਨੁਸ਼ਾਸਨੀ ਕਾਰਵਾਈ ਦਾ ਪੂਰਾ ਵੇਰਵਾ ਸਾਂਝਾ ਕੀਤਾ ਗਿਆ ਹੈ।

ਸਮਝੌਤੇ ਮੁਤਾਬਕ ਬਲੇਕ ਨੂੰ 18 ਸਾਲ ਤੋਂ ਘੱਟ ਉਮਰ ਦੇ ਇੱਕ ਹਾਈ ਸਕੂਲ ਵਿਦਿਆਰਥੀ ਨੂੰ ਸੋਸ਼ਲ ਮੀਡੀਆ ਜਾਂ ਫੋਨ ਰਾਹੀਂ ਅਸ਼ਲੀਲ ਵੀਡੀਓ ਭੇਜਣ ਅਤੇ ਉਸ ਨੂੰ ਆਪਣੇ ਜਾਲ ਵਿੱਚ ਫਸਾਉਣ ਦੇ ਦੋਸ਼ ਹੇਠ ਦੋਸ਼ੀ ਠਹਿਰਾਇਆ ਗਿਆ ਹੈ। ਅਦਾਲਤ ਦੇ ਹੁਕਮਾਂ ਅਨੁਸਾਰ ਪੀੜਤ ਵਿਦਿਆਰਥੀ ਦੀ ਪਛਾਣ ਨੂੰ ਗੁਪਤ ਰੱਖਿਆ ਗਿਆ ਹੈ। ਸਕੂਲ



ਡਿਸਟ੍ਰਿਕਟ ਨੇ ਸਭ ਤੋਂ ਪਹਿਲਾਂ 5 ਜਨਵਰੀ 2023 ਨੂੰ ਇਸ ਮਾਮਲੇ ਦੀ ਰਿਪੋਰਟ ਰੈਗੂਲੇਟਰ ਨੂੰ ਕੀਤੀ ਸੀ, ਜਿਸ ਤੋਂ ਬਾਅਦ ਨਵੰਬਰ 2023 ਵਿੱਚ ਹੀ ਬਲੇਕ ਦਾ ਅਧਿਆਪਨ ਲਾਇਸੰਸ ਰੱਦ ਕਰ ਦਿੱਤਾ ਗਿਆ ਸੀ।

ਬਾਅਦ ਵਿੱਚ ਅਪ੍ਰੈਲ 2025 ਵਿੱਚ ਅਦਾਲਤ ਨੇ ਉਸ ਨੂੰ ਇਸ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ, ਜਦੋਂ ਕਿ ਨਾਬਾਲਗ ਨਾਲ ਸਬੰਧਤ ਤਿੰਨ ਹੋਰ ਜਿਨਸੀ ਅਪਰਾਧਾਂ ਦੇ ਦੋਸ਼ਾਂ 'ਤੇ ਰੋਕ ਲਗਾ ਦਿੱਤੀ ਗਈ ਸੀ। 30 ਜੁਲਾਈ 2025 ਨੂੰ ਅਦਾਲਤ ਨੇ ਬਲੇਕ ਨੂੰ ਤਿੰਨ ਸਾਲ ਦੀ ਪ੍ਰੋਬੇਸ਼ਨ (ਨਿਗਰਾਨੀ) ਅਤੇ ਮੁਅੱਤਲ ਸਜ਼ਾ ਸੁਣਾਈ ਸੀ। ਹੁਣ ਰੈਗੂਲੇਟਰ ਦੇ ਨਵੇਂ ਫੈਸਲੇ ਅਨੁਸਾਰ ਉਹ ਅਗਲੇ 15 ਸਾਲਾਂ ਤੱਕ ਅਧਿਆਪਕ ਵਜੋਂ ਕੰਮ ਨਹੀਂ ਕਰ ਸਕੇਗੀ। ਬਲੇਕ ਨੇ ਵੀ ਮੰਨਿਆ ਹੈ ਕਿ ਉਸ ਦੇ ਇਸ ਅਪਰਾਧਿਕ ਵਿਵਹਾਰ ਨੇ ਅਧਿਆਪਨ ਦੇ ਪੇਸ਼ੇ ਅਤੇ ਅਧਿਆਪਕ-ਵਿਦਿਆਰਥੀ ਦੇ ਪਵਿੱਤਰ ਰਿਸ਼ਤੇ ਦੇ ਭਰੋਸੇ ਨੂੰ ਭਾਰੀ ਠੇਸ ਪਹੁੰਚਾਈ ਹੈ। This report was written by Ekjot Singh as part of the Local Journalism Initiative.

# ਗ੍ਰੈਂਡਵਿਊ ਕੱਟ ਦੀ ਖੱਡ ਵਿੱਚ ਹਾਦਸਿਆਂ ਦਾ ਸਿਲਸਿਲਾ ਜਾਰੀ, 10 ਲੋਕ ਜ਼ਖਮੀ ਅਤੇ 5 ਦੀ ਗਈ ਜਾਨ

## ਕਮਰਸ਼ੀਅਲ-ਬ੍ਰਾਡਵੇਅ ਸਕਾਈਟ੍ਰੇਨ ਸਟੇਸ਼ਨ ਨੇੜੇ ਬਣੇ ਜਾਨਲੇਵਾ ਹਿੱਸੇ 'ਤੇ ਸਖ਼ਤ ਵਾੜ ਲਗਾਉਣ ਦੀ ਮੰਗ

ਸਰੀ, (ਏਕਜੋਤ ਸਿੰਘ): ਵੈਨਕੂਵਰ ਫਾਇਰ ਰੈਸਕਿਊ ਸਰਵਿਸਿਜ਼ ਵੱਲੋਂ ਜਾਰੀ ਕੀਤੇ ਗਏ ਨਵੇਂ ਅਤੇ ਹੈਰਾਨੀਜਨਕ ਅੰਕੜਿਆਂ ਮੁਤਾਬਕ, ਈਸਟ ਵੈਨਕੂਵਰ ਵਿੱਚ ਸਥਿਤ ਇੱਕ ਖ਼ਤਰਨਾਕ ਅਤੇ ਡੂੰਘੀ ਖੱਡ (ਐਮਬੈਂਕਮੈਂਟ) ਵਿੱਚ ਡਿੱਗਣ ਕਾਰਨ ਪਿਛਲੇ 10 ਸਾਲਾਂ ਦੌਰਾਨ 5 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ 10 ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ। ਇਹ ਸਾਰੇ ਹਾਦਸੇ 'ਗ੍ਰੈਂਡਵਿਊ ਕੱਟ' (Grandview Cut) ਦੇ ਇੱਕ ਹਿੱਸੇ ਵਿੱਚ ਵਾਪਰੇ ਹਨ, ਜੋ ਰੇਲ ਦੀਆਂ ਪਟੜੀਆਂ ਲੰਘਾਉਣ ਲਈ ਬਣਾਇਆ ਗਿਆ ਇੱਕ ਮਨੁੱਖੀ ਨਿਰਮਿਤ ਖੱਡ ਵਾਲਾ ਖੇਤਰ ਹੈ। ਇਹ ਸਥਾਨ ਕਮਰਸ਼ੀਅਲ-ਬ੍ਰਾਡਵੇਅ ਸਕਾਈਟ੍ਰੇਨ ਸਟੇਸ਼ਨ ਦੇ ਬਿਲਕੁਲ ਨੇੜੇ ਸਥਿਤ ਹੈ ਅਤੇ ਇਸ ਦੇ ਆਲੇ-ਦੁਆਲੇ ਲੋਹੇ ਦੀ ਜਾਲੀ ਵਾਲੀ ਵਾੜ ਲਗਾਈ ਗਈ ਹੈ।

ਸਥਾਨਕ ਨਿਵਾਸੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਖ਼ਤਰਨਾਕ ਖੇਤਰ ਵਿੱਚ ਲੋਕਾਂ ਦੇ ਪ੍ਰਵੇਸ਼ ਨੂੰ ਰੋਕਣ ਅਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੋਰ ਸਖ਼ਤ ਕਦਮ ਚੁੱਕਣ ਦੀ ਤੁਰੰਤ ਲੋੜ ਹੈ। ਵੈਨਕੂਵਰ ਪਾਰਕ ਬੋਰਡ ਦੀ ਕਮਿਸ਼ਨਰ ਲੌਰਾ ਕ੍ਰਿਸਟਨਸਨ, ਜੋ ਖੁਦ ਇਸ ਇਲਾਕੇ ਵਿੱਚ ਲੰਬਾ ਸਮਾਂ ਰਹਿ ਚੁੱਕੀ ਹੈ, ਨੇ ਦੱਸਿਆ ਕਿ ਉਹ ਅਕਸਰ ਵਾੜ ਦੇ ਦੂਜੇ ਪਾਸੇ ਬਿਲਕੁਲ ਖੱਡ ਦੇ ਕਿਨਾਰੇ



ਲੋਕਾਂ ਨੂੰ ਟੈਂਟ ਲਗਾ ਕੇ ਰਹਿੰਦੇ ਜਾਂ ਆਪਣਾ ਸਾਮਾਨ ਸਟੋਰ ਕਰਦੇ ਦੇਖਦੀ ਸੀ। ਇੰਨੀ ਡੂੰਘੀ ਖੱਡ ਦੇ ਕਿਨਾਰੇ ਲੋਕਾਂ ਨੂੰ ਬੈਠੇ ਦੇਖਣਾ ਹਮੇਸ਼ਾ ਚਿੰਤਾਜਨਕ ਅਤੇ ਡਰਾਉਣਾ ਹੁੰਦਾ ਸੀ।

ਉਨ੍ਹਾਂ ਦੱਸਿਆ ਕਿ ਕਈ ਵਾਰ ਲੋਕਾਂ ਨੂੰ ਬਚਾਉਣ ਲਈ ਐਮਰਜੈਂਸੀ ਟੀਮਾਂ ਨੂੰ ਮੁਸ਼ਕਿਲ ਰੈਸਕਿਊ ਆਪ੍ਰੇਸ਼ਨ ਚਲਾਉਣੇ ਪੈਂਦੇ ਸਨ। ਨੇੜੇ ਹੀ ਕੰਮ ਕਰਨ ਵਾਲੀ ਰਾਸ਼ੇਲ ਫੌਕਸ ਨੇ ਵੀ ਕਿਹਾ ਕਿ ਇਹ ਖੇਤਰ ਅਕਸਰ ਬੇਘਰ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਦੇ ਇਕੱਠੇ ਹੋਣ ਦਾ ਕੇਂਦਰ ਬਣ ਗਿਆ ਹੈ, ਜੋ ਕਈ ਵਾਰ ਮਾਨਸਿਕ ਤੌਰ 'ਤੇ ਅਜਿਹੀਆਂ ਖ਼ਤਰਨਾਕ ਥਾਵਾਂ ਦੇ ਨੇੜੇ ਰਹਿਣ ਲਈ ਸੁਚੇਤ ਨਹੀਂ ਹੁੰਦੇ। ਲੰਘੀ ਗਰਮੀਆਂ ਵਿੱਚ ਵੀ ਇੱਥੇ ਇੱਕ ਵਿਅਕਤੀ ਦੀ ਡਿੱਗਣ ਕਾਰਨ ਮੌਤ ਹੋ ਗਈ ਸੀ, ਜਦੋਂ ਕਿ ਦੂਜੇ ਨੂੰ ਸੁਰੱਖਿਅਤ ਬਚਾਇਆ ਗਿਆ ਸੀ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਸੁਰੱਖਿਆ ਲਈ ਲਗਾਈ ਗਈ ਜਾਲੀਦਾਰ ਵਾੜ ਵਿੱਚ ਅਕਸਰ ਲੋਕਾਂ ਦੁਆਰਾ ਮੋਰੀਆਂ ਕਰ ਦਿੱਤੀਆਂ ਜਾਂਦੀਆਂ ਹਨ, ਜਿਸ ਕਾਰਨ ਬੱਚਿਆਂ ਦੇ ਉੱਥੇ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਇਸ ਇਲਾਕੇ ਦੀ ਜ਼ਿੰਮੇਵਾਰੀ ਨੂੰ ਲੈ ਕੇ ਕਈ ਵਿਭਾਗਾਂ ਵਿੱਚ ਭੰਬਲਭੂਸਾ ਬਣਿਆ ਹੋਇਆ ਹੈ। ਇਹ ਖੱਡ 1912 ਵਿੱਚ ਗ੍ਰੇਟ ਨੌਰਦਰਨ ਰੇਲਵੇ ਦੁਆਰਾ ਬਣਾਈ ਗਈ ਸੀ। 'ਬਰਲਿੰਗਟਨ ਨੌਰਦਰਨ ਸਾਂਤਾ ਫੇ ਰੇਲਵੇ' (BNSF) ਨੇ ਪੁਸ਼ਟੀ ਕੀਤੀ ਹੈ ਕਿ ਉਹ ਸਿਰਫ਼ ਰੇਲ ਪਟੜੀਆਂ ਅਤੇ ਉਸ ਦੇ ਆਲੇ-ਦੁਆਲੇ ਦੇ 25 ਫੁੱਟ ਹਿੱਸੇ ਦੇ ਮਾਲਕ ਹਨ, ਜਦੋਂ ਕਿ ਖੱਡ ਦੀਆਂ ਉੱਪਰਲੀਆਂ ਕੰਧਾਂ ਵੈਨਕੂਵਰ ਸ਼ਹਿਰ ਦੇ ਅਧੀਨ ਆਉਂਦੀਆਂ ਹਨ। ਟ੍ਰਾਂਸਲਿੰਕ ਸੰਸਥਾ ਸਕਾਈਟ੍ਰੇਨ ਨਾਲ ਸਬੰਧਤ ਹਿੱਸੇ ਦੀ ਦੇਖਭਾਲ ਕਰਦੀ ਹੈ। ਰੇਲਵੇ ਕਾਨੂੰਨ ਮੁਤਾਬਕ ਰੇਲਵੇ ਲਾਈਨਾਂ ਦੇ ਨੇੜੇ ਗੈਰ-ਕਾਨੂੰਨੀ ਪ੍ਰਵੇਸ਼ ਕਰਨ 'ਤੇ 500 ਡਾਲਰ ਜੁਰਮਾਨਾ ਹੋ ਸਕਦਾ ਹੈ। ਸ਼ਹਿਰ ਦੇ ਪ੍ਰਸ਼ਾਸਨ ਨੇ ਲੋਕਾਂ ਨੂੰ ਅਜਿਹੇ ਸ਼ੱਕੀ ਵਿਅਕਤੀਆਂ ਨੂੰ ਦੇਖਣ 'ਤੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ ਲਈ ਕਿਹਾ ਹੈ। This report was written by Ekjot Singh as part of the Local Journalism Initiative.

# ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ 58ਵਾਂ ਖੇਡ ਮੇਲਾ ਗਦਰੀ ਬਾਬਿਆਂ ਅਤੇ ਅਕਾਲੀ ਬੱਬਰਾਂ ਨੂੰ ਸਮਰਪਿਤ ਯਾਦਗਾਰ ਹੋ ਨਿਬੜਿਆ



ਵੈਨਕੂਵਰ, (ਜੋਗਿੰਦਰ ਸਿੰਘ ਸੁੰਨੜ): ਖਾਲਸਾ ਦੀਵਾਨ ਸੁਸਾਇਟੀ ਸਿੱਖਾਂ ਦੀ ਪਹਿਲੀ ਅਤੇ ਸਿਰਮੌਰ ਸੰਸਥਾ ਵੱਲੋਂ ਹਰ ਸਾਲ ਗਦਰੀ ਬਾਬਿਆਂ ਤੇ ਅਕਾਲੀ ਬੱਬਰਾਂ ਦੀ ਯਾਦ ਵਿੱਚ ਖੇਡ ਮੇਲਾ ਕਰਵਾਇਆ ਜਾਂਦਾ ਹੈ।

2026 ਦਾ 58ਵਾਂ ਖੇਡ ਮੇਲਾ ਯਾਦਗਾਰੀ ਹੋ ਨਿਬੜਿਆ। ਬਹੁਤ ਹੀ ਅਨੁਸ਼ਾਸਨ ਸ਼ਾਂਤਮਈ ਤੇ ਆਨੰਦਮਈ ਮਾਹੌਲ ਵਿੱਚ ਦਰਸ਼ਕਾਂ ਨੇ ਆਨੰਦ ਮਾਣਿਆ। ਜਿਸ ਵਿੱਚ ਕਬੱਡੀ, ਸੋਕਰ, ਘੋਲ, ਦੌੜਾਂ ਅਤੇ ਰੱਸਾ ਕੱਸੀ ਦੇ ਮੁਕਾਬਲੇ ਕਰਾਏ ਗਏ। ਸਭ ਤੋਂ ਵੱਧ ਕਬੱਡੀ ਦੇ ਮੈਚ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੇ। ਜਿਸ ਵਿੱਚ ਨੀਟੂ ਕੰਗ ਪ੍ਰਧਾਨ ਨੈਸ਼ਨਲ ਕਬੱਡੀ ਐਸੋਸੀਏਸ਼ਨ ਨੇ ਛੇ ਟੀਮਾਂ ਦੇ ਮੁਕਾਬਲੇ ਕਰਾਏ। ਕੈਨੇਡਾ ਦੇ ਜੰਮਪਲ ਚਾਰ ਟੀਮਾਂ ਦੇ ਮੁਕਾਬਲੇ ਵੀ ਕਰਾਏ ਗਏ। ਓਪਨ ਕਬੱਡੀ ਵਿੱਚ ਖਿਡਾਰੀ ਇੰਡੀਆ ਪਾਕਿਸਤਾਨ ਟੋਰਾਂਟੋ ਅਤੇ ਅਮਰੀਕਾ ਤੋਂ ਉਚੇਚੇ ਤੌਰ ਤੇ ਪਹੁੰਚੇ। ਅਮਰੀਕਾ ਤੋਂ ਸੱਬਾ ਥਿਆੜਾ ਟੀਮਾਂ ਲੈ ਕੇ ਪਹੁੰਚਿਆ। ਕਬੱਡੀ ਦੇ ਫਾਈਨਲ ਮੁਕਾਬਲਿਆਂ ਵਿੱਚ ਨੈਸ਼ਨਲ ਕਬੱਡੀ ਆਫ ਐਸੋਸੀਏਸ਼ਨ ਦਾ ਮੈਟਰੋ ਸਾਂਝਾ ਪੰਜਾਬ ਤੇ ਚੜਦੀ ਕਲਾ ਨਾਲ ਮੁਕਾਬਲਾ ਹੋਇਆ। ਜਿਸ ਵਿੱਚ ਮੈਟਰੋ ਸਾਂਝਾ ਪੰਜਾਬ ਜੇਤੂ ਰਹੀ। ਵਧੀਆ ਰੇਡਰ ਜੇਸਨ ਆਲਮ ਗੀਰੀਆ ਅਤੇ ਵਧੀਆ ਜਾਫੀ ਗੁਰ ਕੀਰਤ ਸਿੰਘ ਕਿਸਨ ਗੜੀਆ ਨੂੰ ਐਲਾਨਿਆ ਗਿਆ। ਕੈਨੇਡਾ ਦੇ ਜੰਮਪਲਾਂ ਵਿੱਚੋਂ ਜਮਸ਼ੇਰ ਖਾਸ ਤੇ ਖੇੜਾ ਜੇਤੂ ਰਹੀ। ਜੇਤੂਆਂ ਨੂੰ ਨਗਦ ਇਨਾਮ ਤੇ ਸੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ। ਕਬੱਡੀ ਦੇ ਅੱਧੇ ਵਕਤ ਤੇ ਖਾਲਸਾ ਦੀਵਾਨ ਸੁਸਾਇਟੀ ਦੇ ਸਾਬਕਾ ਪ੍ਰਧਾਨ ਸਵ: ਕੁਲਦੀਪ ਸਿੰਘ ਥਾਂਦੀ ਨੂੰ ਯਾਦ ਕੀਤਾ ਗਿਆ। ਇਕ ਮਿੰਟ ਦਾ ਮੋਨ ਧਾਰਨ ਕੀਤਾ ਗਿਆ। ਸੁਨੀਤਾ ਧੀਰ ਐਮ.ਐਲ.ਏ. ਵਲੋਂ ਥਾਂਦੀ ਪਰਿਵਾਰ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਕਬੱਡੀ ਅਨਾਉਸਰ ਅਤੇ ਰੈਫਰੀਆਂ ਵਲੋਂ ਵਧੀਆ ਸੇਵਾਵਾਂ ਨਿਭਾਈਆਂ ਗਈਆਂ। ਗੁਰਬਖਸ਼ ਸਿੰਘ (ਬਾਗੀ) ਸੰਘੇੜਾ ਨੇ ਵਧੀਆ ਜਿੰਮੇਵਾਰੀਆਂ ਨਿਭਾਉਂਦੇ ਹੋਏ ਖਿਡਾਰੀਆਂ ਨੇ ਸਮੇਂ ਸਿਰ ਗਰਾਊਂਡ ਵਿੱਚ ਪਹੁੰਚ ਕੇ ਟੂਰਨਾਮੈਂਟ ਨੂੰ ਸਫਲ ਬਣਾਇਆ। ਸੋਕਰ ਓਪਨ ਦੀਆਂ 13 ਟੀਮਾਂ ਨੇ ਭਾਗ ਲਿਆ। ਇਸ ਸਾਲ ਛੇ ਤੋਂ 12 ਸਾਲ ਦੇ ਬੱਚਿਆਂ ਨੇ 60 ਟੀਮਾਂ ਬਣਾਈਆਂ। ਉਨਾਂ ਦੇ ਪਰਿਵਾਰ ਵੀ ਪਹੁੰਚੇ ਬਰਨਬੀ ਵਿਖੇ ਸੇਵਾਦਾਰਾਂ ਨੇ ਲੰਗਰ ਪਹੁੰਚਾਇਆ। ਬੱਚਿਆਂ ਤੇ ਪਰਿਵਾਰਾਂ ਵਿੱਚ ਉਤਸ਼ਾਹ ਪਾਇਆ ਗਿਆ। ਸੋਕਰ ਦੇ ਸੈਮੀ ਫਾਈਨਲ ਵਿੱਚ ਖਾਲਸਾ ਸਪੋਰਟਿੰਗ ਕਲੱਬ ਦਾ ARES AFA ਨਾਲ ਮੁਕਾਬਲਾ ਹੋਇਆ ਦੂਸਰੇ ਸੈਮੀਫਾਈਨਲ ਵਿੱਚ ਟੈਂਪਲ ਯੂਨਾਈਟਡ ਬਨਾਮ ਸੁਪਰਾ ਅਕੈਡਮੀ ਨਾਲ ਫਾਈਨਲ ਮੁਕਾਬਲਾ ARES AFA ਬਨਾਮ ਸੁਪਰਾ ਨਾਲ ਹੋਇਆ। ARES AFA 4-2 ਨਾਲ ਜੇਤੂ ਰਹੀ 52 ਸਾਲ ਤੋਂ ਓਪਨ ਵੈਨਕੂਵਰ ਯੂਨਾਈਟਡ ਬਨਾਮ ਇੰਡੀਆ ਨੈਸ਼ਨਲ ਨੂੰ ਹਰਾਇਆ।

ਰੈਸਲਿੰਗ ਦੇ ਮੁਕਾਬਲੇ ਸ਼ਨੀਵਾਰ ਸਾਰਾ ਦਿਨ ਚਲਦੇ ਰਹੇ। 250 ਤੋਂ ਵੱਧ ਪਹਿਲਵਾਨਾਂ ਨੇ ਭਾਗ ਲਿਆ। ਲੜਕੀਆਂ ਦੇ ਮੁਕਾਬਲਿਆਂ 'ਚ ਅੰਡਰ 16 ਵਿੱਚ ਬਾਲ ਕੇਸਰੀ ਅੰਬਕਾ ਸਹਿਰਾਵਤ ਬਨਾਮ ਜਸਕੀਰਤ ਨਿਰਵਾਰਨ 'ਚੋਂ ਅੰਬਕਾ ਜੇਤੂ ਰਹੀ।

ਓਪਨ ਦੇ ਮੁਕਾਬਲਿਆਂ 'ਚੋਂ ਪਿਛਲੇ ਸਾਲ ਦੀ ਤਰ੍ਹਾਂ ਰੁਪਿੰਦਰ ਜੌਹਲ ਨੇ ਅੰਬਕਾ ਸਹਿਰਾਵਤ ਨੂੰ ਹਰਾਇਆ।

ਪਟਕੇ ਦੇ ਮੁਕਾਲਿਆਂ ਵਿਚੋਂ ਜ਼ੋਹਰਾ ਸਿੰਘ ਢੀਂਡਸਾ ਨੇ ਵਰਿੰਦਰ ਨੂੰ ਹਰਾ ਕੇ ਪਟਕਾ ਜਿੱਤਿਆ। ਇਸ ਸਾਲ ਦੇ ਗੋਲਡ ਮੈਡਲ ਅਤੇ ਪੈਨ ਅਮਰੀਕਾ ਦੇ ਬਰਾਊਨ ਅਤੇ ਸਿਲਵਰ ਜੇਤੂ ਪਹਿਲਵਾਨਾਂ ਨੇ ਹਿੱਸਾ ਲਿਆ। ਪਹਿਲਵਾਨਾਂ 'ਚ ਸ਼ੀਰੀ ਪਹਿਲਵਾਨ ਹਰਜੀਤ ਘੱਗ, ਬਲਵੀਰ ਵੀਸਲਾ, ਸਰਦਾਰਾ ਪਹਿਲਵਾਨ ਤੇ ਮੇਜਰ ਸਿੱਧੂ ਨੇ ਵਧੀਆ ਸੇਵਾਵਾਂ ਨਿਭਾਈਆਂ। ਪਹਿਲਵਾਨਾਂ ਨੂੰ ਮੈਡਲ ਅਤੇ ਨਗਦ ਇਨਾਮ ਦਿੱਤੇ ਗਏ। ਬੱਚਿਆਂ ਦੀਆਂ ਦੌੜਾਂ ਦੀ ਜਿੰਮੇਵਾਰੀ ਵਾਰਿਸ ਸਿੰਘ ਨੇ ਬਾਖੂਬੀ ਨਿਭਾਈ। ਰਸਾ-ਕਸੀ ਦੇ ਮੁਕਾਬਲੇ ਵੀ ਕਰਵਾਏ ਗਏ। ਗੁਰੂ ਘਰ ਦੀ ਲੰਗਰ ਕਮੇਟੀ ਵਲੋਂ ਗੁਰੂ ਜਾ ਲੰਗਰ ਅਤੁੱਟ ਛਕਾਇਆ ਗਿਆ। ਪ੍ਰਧਬੰਕ ਕਮੇਟੀ ਨੇ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ। ਕੱਬਡੀ ਦੇ ਨਾਮਵਰ ਖਿਡਾਰੀ ਸਾਧੂ ਸਿੰਘ ਉਪਲ ਅਤੇ ਮੱਖਣ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਕਬੱਡੀ ਪ੍ਰਮੋਟਰ ਅਮਰੀਕਾ ਤੋਂ ਸਭਾ ਥਿਆੜਾ, ਗੁਰਨਾਮ ਹੁੰਦਲ ਵੇਟ ਲਿਫਟਰ 551 ਪੌਂਡ ਜੈਕ ਲਗਾ ਕੇ ਰਿਕਾਰਡ ਕਾਇਮ ਕੀਤਾ, ਉਸ ਨੂੰ ਵੀ ਸਨਮਾਨਿਤ ਕੀਤਾ। ਲੱਕੀ ਕਰਾਰੀ ਵਲੋਂ ਸਾਰਾ ਟੂਰਨਾਮੈਂਟ ਲਾਈਵ ਦਿਖਾਇਆ ਗਿਆ। ਦੇਸੀ ਘਿਓ ਦੀਆਂ ਜਲੇਬੀਆਂ ਅਤੇ ਬਦਾਮਾਂ ਵਾਲੀ ਖੀਰ ਦੀ ਸੇਵਾ ਲੈਬਰ, ਜਸਵਿੰਦਰ ਅਤੇ ਉਨ੍ਹਾਂ ਦੇ ਸੈਕਟਰੀਆਂ ਵਲੋਂ ਕੀਤੀ ਗਈ। ਵੈਨਕੂਵਰ ਪੁਲਿਸ ਦੀ ਸੇਵਾ ਕਾਬਿਲ-ਏ-ਤਾਰੀਫ ਸੀ। ਐਲ ਟੈਨ ਸਕਿਊਰਟੀ ਵਾਲਿਆਂ ਦਾ ਪ੍ਰਬੰਧ ਵੀ ਵਧੀਆ ਸੀ। ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਣਜੀਤ ਸਿੰਘ ਹੇਅਰ, ਸਰਪਰੱਸਤ ਸੁਰਿੰਦਰ ਸਿੰਘ ਗਿੱਲ (ਰਾਣਾ) ਵਲੋਂ ਅਤੇ ਕਸ਼ਮੀਰ ਸਿੰਘ ਧਾਲੀਵਾਲ ਜਨਰਲ ਸਕੱਤਰ ਅਤੇ ਪੂਰੀ ਪ੍ਰਬੰਧਕ ਕਮੇਟੀ ਵਲੋਂ ਦਰਸ਼ਕਾਂ ਦਾ ਅਤੀ ਧੰਨਵਾਦ ਕੀਤਾ ਗਿਆ। ਵੈਨਕੂਵਰ ਦੇ ਇਸ ਖੇਡ ਮੇਲੇ ਦੀਆਂ ਲੰਬੇ ਤੱਕ ਗੱਲਾਂ ਹੁੰਦੀਆਂ ਰਹਿਣਗੀਆਂ ਅਤੇ ਅਗਲੇ ਸਾਲ ਇਸ ਖੇਡ ਮੇਲੇ ਦੀ ਉਡੀਕ ਰਹੇਗੀ।

ਦਾਨੀ ਸੱਜਣਾਂ ਨੇ ਜਿਨਾਂ ਦੇ ਖੇਡ ਮੇਲੇ ਨੂੰ ਕਾਮਯਾਬ ਕਰਨ ਵਿੱਚ ਬੇਅੰਤ ਮਾਇਆ ਭੇਂਟ ਕੀਤੀ। ਅਤੇ ਗੁਰੂ ਘਰ ਅਕਾਲੀ ਸਿੰਘ, ਮਿਸ਼ਨ ਗੁਰੂ ਘਰ, ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ, ਡੀਅਰ ਕਰੀਕ ਗੁਰੂ ਘਰ ਵੀ ਬਹੁਤ ਬਹੁਤ ਧੰਨਵਾਦ ਕੀਤਾ ਗਿਆ। ਇਸ ਦੇ ਨਾਲ-ਨਾਲ ਸੰਗਤਾਂ ਤੇ ਸਪੋਟਰਾਂ ਦੀ ਬੇਅੰਤ ਮਾਇਆ ਨਾਲ ਟੂਰਨਾਮੈਂਟ ਕਾਮਯਾਬ ਹੋਣ ਨਿਬੜਿਆ।

# ਸੁਪਰਮਾਰਕੀਟ ਤੋਂ ਲਿਆਂਦੇ ਸਲਾਦ ਦੇ ਪੈਕੇਟ ਵਿੱਚੋਂ ਨਿਕਲਿਆ ਜ਼ਿੰਦਾ ਡੱਡੂ



ਸਿਡਨੀ : ਆਸਟ੍ਰੇਲੀਆ ਵਿੱਚ ਐਸਪੇਰੈਂਸ ਦੇ ਰਹਿਣ ਵਾਲੇ ਇੱਕ ਕਿਸਾਨ ਰਾਈਸ ਸਮੋਕਰ ਨੂੰ ਸੁਪਰਮਾਰਕੀਟ ਤੋਂ ਲਿਆਂਦੇ ਸਲਾਦ ਦੇ ਇੱਕ ਬੰਦ ਪੈਕੇਟ ਵਿੱਚੋਂ ਜ਼ਿੰਦਾ ਡੱਡੂ ਮਿਲਿਆ। ਜਦੋਂ ਉਸਨੇ ਆਪਣੇ ਨਾਲ ਰਹਿੰਦੇ ਦੋਸਤਾਂ ਨੂੰ ਇਸ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਪਹਿਲਾਂ ਉਸ ਦੀ ਗੱਲ 'ਤੇ ਯਕੀਨ ਨਹੀਂ ਕੀਤਾ ਅਤੇ ਇਸਨੂੰ ਮਜ਼ਾਕ ਸਮਝਿਆ। ਇਹ ਘਟਨਾ ਸ਼ਨੀਵਾਰ ਦੀ ਹੈ ਜਦੋਂ ਰਾਈਸ ਸਮੋਕਰ ਆਪਣੇ ਘਰ ਦੇ 3 ਮੈਂਬਰਾਂ ਲਈ ਸਲਾਦ ਅਤੇ ਸਟੀਕ ਬਣਾਉਣ ਦੀ ਤਿਆਰੀ ਕਰ ਰਿਹਾ ਸੀ। ਉਸਦੀ ਹਾਊਸਮੇਟ ਲੌਰਾ ਜੋਨਸ ਨੇ ਦੱਸਿਆ ਕਿ ਜਦੋਂ ਰਾਈਸ ਨੇ ਪੈਕੇਟ ਵਿੱਚ ਡੱਡੂ ਹੋਣ ਦੀ ਗੱਲ ਕਹੀ ਤਾਂ ਉਨ੍ਹਾਂ ਨੂੰ ਲੱਗਿਆ ਕਿ ਉਹ ਉਨ੍ਹਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਜਦੋਂ ਰਾਈਸ ਨੇ ਲੌਂਜ ਰੂਮ ਵਿੱਚ ਆ ਕੇ ਪੈਕੇਟ ਦਿਖਾਇਆ ਤਾਂ ਸੱਚਮੁੱਚ ਉਸ ਵਿੱਚ ਪੱਤਿਆਂ ਵਿਚਕਾਰ ਇੱਕ ਜ਼ਿੰਦਾ ਡੱਡੂ ਬੈਠਾ ਸੀ। ਸਾਰੇ ਦੋਸਤ ਇਸ ਅਜੀਬ ਘਟਨਾ ਨੂੰ ਦੇਖ ਕੇ ਹੈਰਾਨ ਰਹਿ ਗਏ ਅਤੇ ਕਾਫੀ ਹੱਸੇ। ਲੌਰਾ ਦੇ ਸਾਥੀ ਬਿਲੀ ਲੇ ਪਾਈਨ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਡੱਡੂ ਦਾ ਨਾਮ ਪਿਆਰ ਨਾਲ ਗ੍ਰੇਗ ਰੱਖਿਆ। ਇਸ ਤੋਂ ਬਾਅਦ ਉਨ੍ਹਾਂ ਨੇ ਉਸ ਡੱਡੂ ਨੂੰ ਪੈਕੇਟ ਵਿੱਚੋਂ ਕੱਢ ਕੇ ਸੁਰੱਖਿਅਤ ਢੰਗ ਨਾਲ ਘਰ ਦੇ ਨੇੜੇ ਬਣੇ ਇੱਕ ਤਲਾਬ ਵਿੱਚ ਛੱਡ ਦਿੱਤਾ।

# ਮਾਲਦੀਵ ਦੀ ਪਾਣੀ ਵਾਲੀ ਗੁਫਾ 'ਚੋਂ 2 ਫਿਨਲੈਂਡ ਗੋਤਾਖੋਰਾਂ ਦੀਆਂ ਲਾਸ਼ਾਂ ਬਰਾਮਦ

ਮਾਲਦੀਵ : ਮਾਲਦੀਵ ਦੇ ਵਾਵੂ ਅਟੋਲ ਵਿਖੇ ਸਮੁੰਦਰ ਦੇ ਅੰਦਰ ਇੱਕ ਗੁਫਾ ਵਿੱਚ ਪਿਛਲੇ ਹਫ਼ਤੇ ਲਾਪਤਾ ਹੋਏ 5 ਇਤਾਲਵੀ ਗੋਤਾਖੋਰਾਂ ਦੇ ਮਾਮਲੇ ਵਿੱਚ ਮੰਗਲਵਾਰ ਨੂੰ 2 ਹੋਰ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਇੱਕ ਸਰਕਾਰੀ ਬੁਲਾਰੇ ਅਨੁਸਾਰ ਪਾਣੀ ਦੇ ਅੰਦਰ ਹਾਲਾਤ ਕਾਫੀ ਚੁਣੌਤੀਪੂਰਨ ਸਨ ਕਿਉਂਕਿ ਉੱਥੇ ਪਾਣੀ ਦਾ ਵਹਾਅ ਬਹੁਤ ਤੇਜ਼ ਸੀ ਅਤੇ ਕੁਝ ਵੀ ਸਾਫ ਦਿਖਾਈ ਨਹੀਂ ਦੇ ਰਿਹਾ ਸੀ। ਗੁਫਾ ਦੇ ਬਾਹਰੋਂ ਇਤਾਲਵੀ ਗੋਤਾਖੋਰਾਂ ਦੇ ਇੰਸਟ੍ਰਕਟਰ ਦੀ ਲਾਸ਼ ਪਹਿਲਾਂ ਹੀ ਬਰਾਮਦ ਕਰ ਲਈ ਗਈ ਸੀ ਅਤੇ ਹੁਣ ਬਾਕੀ ਬਚੀਆਂ 2 ਲਾਸ਼ਾਂ ਬੁੱਧਵਾਰ ਨੂੰ ਕੱਢੇ ਜਾਣ ਦੀ ਉਮੀਦ ਹੈ।

ਇਨ੍ਹਾਂ ਲਾਸ਼ਾਂ ਦੀ ਭਾਲ ਸੋਮਵਾਰ ਨੂੰ ਦੁਬਾਰਾ ਸ਼ੁਰੂ ਕੀਤੀ ਗਈ ਸੀ। ਇਸ ਤੋਂ ਪਹਿਲਾਂ ਬਚਾਅ ਕਾਰਜਾਂ ਦੌਰਾਨ ਇੱਕ ਸਥਾਨਕ ਫੌਜੀ ਗੋਤਾਖੋਰ ਦੀ ਮੌਤ ਹੋ ਜਾਣ ਕਾਰਨ ਤਲਾਸ਼ੀ ਮੁਹਿੰਮ ਰੋਕ ਦਿੱਤੀ ਗਈ ਸੀ। ਫੌਜੀ ਗੋਤਾਖੋਰ ਦੀ ਮੌਤ ਦੇ ਅਸਲ ਕਾਰਨਾਂ ਦੀ ਜਾਂਚ ਲਗਾਤਾਰ ਜਾਰੀ ਹੈ, ਪਰ ਸਾਥੀਆਂ ਦਾ ਮੰਨਣਾ ਹੈ ਕਿ ਇਹ ਮੌਤ ਨਾਈਟ੍ਰੋਜਨ ਨਾਰਕੋਸਿਸ ਜਾਂ ਡੀਕੰਪ੍ਰੈਸ਼ਨ ਕਾਰਨ ਹੋ ਸਕਦੀ ਹੈ। ਇਹ ਲਾਸ਼ਾਂ ਲਗਭਗ 60 ਮੀਟਰ ਯਾਨੀ 200 ਫੁੱਟ ਦੀ ਡੂੰਘਾਈ 'ਤੇ ਮਿਲੀਆਂ ਹਨ ਜੋ ਕਿ ਮਾਲਦੀਵ ਵਿੱਚ ਮਨੋਰੰਜਨ ਲਈ ਕੀਤੀ ਜਾਣ ਵਾਲੀ ਗੋਤਾਖੋਰੀ ਦੀ ਕਾਨੂੰਨੀ ਸੀਮਾ ਤੋਂ ਦੁੱਗਣੀ ਡੂੰਘਾਈ ਹੈ।



ਮਾਲਦੀਵ ਸਰਕਾਰ ਦੇ ਬੁਲਾਰੇ ਅਹਿਮਦ ਸ਼ਾਮ ਨੇ ਦੱਸਿਆ ਕਿ ਬਚਾਅ ਕਾਰਜ ਕਰ ਰਹੇ ਫਿਨਲੈਂਡ ਦੇ ਗੋਤਾਖੋਰਾਂ ਨੇ ਗੁਫਾ ਦੇ ਸਭ ਤੋਂ ਅੰਦਰੂਨੀ ਹਿੱਸੇ ਵਿੱਚ 4 ਲਾਸ਼ਾਂ ਨੂੰ ਇਕੱਠੇ ਦੇਖਿਆ ਸੀ। ਰਾਸ਼ਟਰਪਤੀ ਦੇ ਬੁਲਾਰੇ ਮੁਹੰਮਦ ਹੁਸੈਨ ਸ਼ਰੀਫ ਨੇ ਦੱਸਿਆ ਕਿ ਗੋਤਾਖੋਰਾਂ ਕੋਲ ਪਰਮਿਟ ਤਾਂ ਸੀ ਪਰ ਅਧਿਕਾਰੀਆਂ ਨੂੰ ਇਹ ਨਹੀਂ ਪਤਾ ਸੀ ਕਿ ਉਹ ਅਸਲ ਵਿੱਚ ਕਿਸ ਗੁਫਾ ਵਿੱਚ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮਾਰੇ ਗਏ ਲੋਕਾਂ ਵਿੱਚੋਂ 2 ਦੇ ਨਾਮ ਜਮ੍ਹਾਂ ਕਰਵਾਈ ਗਈ ਖੋਜਕਰਤਾਵਾਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਸਨ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਮੁਹਿੰਮ ਵਿੱਚ ਸ਼ਾਮਲ ਹੋਣ ਬਾਰੇ ਜਾਣਕਾਰੀ ਨਹੀਂ ਸੀ।

ਮੌਸਮ ਕਾਫੀ ਖਰਾਬ ਸੀ ਅਤੇ ਅਧਿਕਾਰੀਆਂ ਵੱਲੋਂ ਅਲਰਟ ਵੀ ਜਾਰੀ ਕੀਤਾ ਗਿਆ ਸੀ। ਡਾਇਵਰਜ਼ ਅਲਰਟ ਨੈੱਟਵਰਕ ਯੂਰਪ ਵੱਲੋਂ ਭੇਜੇ ਗਏ ਫਿਨਲੈਂਡ ਦੇ ਗੋਤਾਖੋਰ ਤਕਨੀਕੀ ਮਾਹਰ ਹਨ ਅਤੇ ਉਹ ਕਲੋਜ਼ਡ ਸਰਕਟ ਰੀਬ੍ਰੀਦਰਜ਼ ਦੀ ਵਰਤੋਂ ਕਰ ਰਹੇ ਹਨ। ਇਹ ਸਿਸਟਮ ਸਾਹ ਰਾਹੀਂ ਬਾਹਰ ਕੱਢੀ ਗੈਸ ਨੂੰ ਰੀਸਾਈਕਲ ਕਰਦਾ ਹੈ ਜਿਸ ਨਾਲ ਗੋਤਾਖੋਰਾਂ ਨੂੰ ਪਾਣੀ ਦੇ ਅੰਦਰ ਲੰਬਾ ਸਮਾਂ ਬਿਤਾਉਣ ਵਿੱਚ ਮਦਦ ਮਿਲਦੀ ਹੈ।

# ਮਾਂਟਰੀਅਲ ਵਿੱਚ 5 ਨਵੇਂ ਮੈਟਰੋ ਸਟੇਸ਼ਨ ਬਣਾਉਣ ਲਈ 2000 ਟਨ ਦੀ ਮਸ਼ੀਨ ਨੇ ਸ਼ੁਰੂ ਕੀਤੀ ਖੁਦਾਈ

ਸਰੀ, (ਏਕਜੋਤ ਸਿੰਘ): ਮਾਂਟਰੀਅਲ ਮੈਟਰੋ ਦੀ ਬਲੂ ਲਾਈਨ ਨੂੰ ਪੂਰਬ ਵਿੱਚ ਅੰਜੂ ਤੱਕ ਵਧਾਉਣ ਲਈ ਇੱਕ ਅਹਿਮ ਕਦਮ ਚੁੱਕਿਆ ਗਿਆ ਹੈ ਜਿਸ ਤਹਿਤ ਖੁਦਾਈ ਦਾ ਕੰਮ ਅਧਿਕਾਰਤ ਤੌਰ 'ਤੇ ਸ਼ੁਰੂ ਹੋ ਗਿਆ ਹੈ। ਇੱਕ ਵਿਸ਼ਾਲ ਸੁਰੰਗ ਪੁੱਟਣ ਵਾਲੀ ਮਸ਼ੀਨ ਨੇ ਪੂਰਬ ਵੱਲ ਡ੍ਰਿਲਿੰਗ ਦਾ ਕੰਮ ਆਰੰਭ ਦਿੱਤਾ ਹੈ। ਇਹ ਕੰਮ 2 ਸਾਲਾਂ ਤੱਕ ਚੱਲੇਗਾ ਜਿਸ ਦੌਰਾਨ ਲਗਭਗ 5 ਕਿਲੋਮੀਟਰ ਲੰਬੀ ਸੁਰੰਗ ਬਣਾਈ ਜਾਵੇਗੀ ਅਤੇ 5 ਨਵੇਂ ਸਟੇਸ਼ਨਾਂ ਲਈ ਰਸਤਾ ਤਿਆਰ ਕੀਤਾ ਜਾਵੇਗਾ। ਇਹ ਮਸ਼ੀਨ ਇੰਜੀਨੀਅਰਿੰਗ ਦਾ ਇੱਕ ਸ਼ਾਨਦਾਰ ਨਮੂਨਾ ਹੈ ਜਿਸ ਦਾ ਘੇਰਾ 3 ਮੰਜ਼ਿਲਾਂ ਜਿੰਨਾ ਹੈ ਅਤੇ ਇਸ ਦਾ ਵਜ਼ਨ ਲਗਭਗ 2000 ਟਨ ਹੈ।



ਫਰਵਰੀ ਵਿੱਚ ਇੱਥੇ ਪਹੁੰਚਣ ਤੋਂ ਬਾਅਦ ਪਿਛਲੇ 3 ਮਹੀਨਿਆਂ ਦੌਰਾਨ ਇਸ ਮਸ਼ੀਨ ਨੂੰ ਮਾਂਟਰੀਅਲ ਵਿੱਚ ਹੀ ਤਿਆਰ ਕੀਤਾ ਗਿਆ ਹੈ। ਜਰਮਨੀ ਵਿੱਚ ਬਣੀ ਇਹ ਡਰਿੱਲ ਚਟਾਨਾਂ ਅਤੇ ਮਲਬੇ ਨੂੰ ਤੋੜਨ ਦੇ ਨਾਲ ਨਾਲ ਸੁਰੰਗ ਦੀ ਲਾਈਨਿੰਗ ਵੀ ਕਰਦੀ ਜਾਵੇਗੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਪ੍ਰੋਜੈਕਟ ਕਈ ਦਹਾਕਿਆਂ ਤੋਂ ਉਡੀਕਿਆ ਜਾ ਰਿਹਾ ਸੀ। ਪੋਇੰਟ ਔਕਸ ਟ੍ਰੈਂਬਲਜ਼ ਲਈ ਐਮਐਨਏ ਚੈਂਟਲ ਰੌਲੇਓ ਨੇ ਕਿਹਾ ਕਿ ਇਹ ਮਾਂਟਰੀਅਲ ਦੇ ਪੂਰਬੀ ਹਿੱਸੇ ਲਈ ਇੱਕ ਬਹੁਤ ਹੀ ਖੁਸ਼ੀ ਵਾਲਾ ਦਿਨ ਹੈ। ਪ੍ਰੋਜੈਕਟ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮਸ਼ੀਨ ਕਰਮਚਾਰੀਆਂ ਨੂੰ ਲਗਾਤਾਰ ਇੱਕੋ ਪ੍ਰਕਿਰਿਆ ਵਿੱਚ ਸੁਰੰਗ ਦੀ ਖੁਦਾਈ ਅਤੇ ਉਸ ਨੂੰ ਮੁਕੰਮਲ ਕਰਨ ਦੀ ਸਹੂਲਤ ਦੇਵੇਗੀ।

ਇਸ ਮਸ਼ੀਨ ਦਾ ਨਾਮ ਲਿਸੇਟ ਸੇਂਟ ਓਂਗੇ ਦੇ ਨਾਮ 'ਤੇ ਰੱਖਿਆ ਗਿਆ ਹੈ ਜੋ 1981 ਵਿੱਚ ਮਾਂਟਰੀਅਲ ਦੀ ਪਹਿਲੀ ਮਹਿਲਾ ਮੈਟਰੋ ਆਪਰੇਟਰ ਬਣੀ ਸੀ। ਇਹ ਨਾਮ ਜਨਤਕ ਵੋਟਿੰਗ ਰਾਹੀਂ ਚੁਣਿਆ ਗਿਆ ਹੈ। ਲਿਸੇਟ ਨੇ ਸਮਾਗਮ ਦੌਰਾਨ ਆਪਣੀ ਖੁਸ਼ੀ ਅਤੇ ਘਬਰਾਹਟ ਦਾ ਪ੍ਰਗਟਾਵਾ ਕੀਤਾ। ਮਾਂਟਰੀਅਲ ਦੀ ਮੇਅਰ ਸੋਰਾਇਆ ਮਾਰਟੀਨੇਜ਼ ਫੇਰਾਡਾ ਨੇ ਕਿਹਾ ਕਿ ਸ਼ਹਿਰ ਦੇ ਪੂਰਬੀ ਹਿੱਸੇ ਵਿੱਚ ਭਵਿੱਖ ਦੇ ਵਿਕਾਸ ਲਈ ਇਹ ਪ੍ਰੋਜੈਕਟ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹੋਰ ਪ੍ਰੋਜੈਕਟਾਂ ਲਈ ਵੀ ਇਸ ਮਸ਼ੀਨ ਦੀ ਲੋੜ ਪਵੇਗੀ। ਖੁਦਾਈ ਦਾ ਕੰਮ 2028 ਤੱਕ ਜਾਰੀ ਰਹਿਣ ਦੀ ਉਮੀਦ ਹੈ। ਅਧਿਕਾਰੀਆਂ ਮੁਤਾਬਕ ਇਹ ਪ੍ਰੋਜੈਕਟ ਆਪਣੇ ਤੈਅ ਸਮੇਂ ਅਤੇ ਬਜਟ ਅਨੁਸਾਰ ਚੱਲ ਰਿਹਾ ਹੈ। ਇਸ ਦੇ 2031 ਵਿੱਚ ਮੁਕੰਮਲ ਹੋਣ ਦਾ ਟੀਚਾ ਮਿੱਥਿਆ ਗਿਆ ਹੈ। ਇਹ 5 ਨਵੇਂ ਸਟੇਸ਼ਨ ਬਣਨ ਤੋਂ ਬਾਅਦ ਹਜ਼ਾਰਾਂ ਨਵੇਂ ਯਾਤਰੀ ਮੈਟਰੋ ਨੈੱਟਵਰਕ ਨਾਲ ਜੁੜ ਸਕਣਗੇ। ਮਾਂਟਰੀਅਲ ਮੈਟਰੋ ਦੀ ਬਲੂ ਲਾਈਨ ਦੇ ਇਸ ਵਿਸਥਾਰ ਨਾਲ ਸ਼ਹਿਰ ਦੇ ਪੂਰਬੀ ਹਿੱਸੇ ਦੇ ਵਸਨੀਕਾਂ ਨੂੰ ਆਵਾਜਾਈ ਦੀ ਇੱਕ ਬਿਹਤਰ ਅਤੇ ਤੇਜ਼ ਸਹੂਲਤ ਮਿਲੇਗੀ ਜਿਸ ਨਾਲ ਸੜਕਾਂ 'ਤੇ ਟ੍ਰੈਫਿਕ ਜਾਮ ਦੀ ਸਮੱਸਿਆ ਕਾਫੀ ਹੱਦ ਤੱਕ ਘੱਟ ਜਾਵੇਗੀ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਸੇਂਟ ਲਿਓਨਾਰਡ ਅਤੇ ਅੰਜੂ ਵਰਗੇ ਇਲਾਕਿਆਂ ਦਾ ਸਿੱਧਾ ਸੰਪਰਕ ਸ਼ਹਿਰ ਦੇ ਮੁੱਖ ਕੇਂਦਰ ਨਾਲ ਜੁੜ ਜਾਵੇਗਾ ਜੋ ਕਿ ਸਥਾਨਕ ਕਾਰੋਬਾਰਾਂ ਲਈ ਵੀ ਲਾਹੇਵੰਦ ਸਾਬਤ ਹੋਵੇਗਾ। ਫੈਡਰਲ ਅਤੇ ਸੂਬਾਈ ਸਰਕਾਰਾਂ ਦੇ ਸਾਂਝੇ ਫੰਡਾਂ ਨਾਲ ਤਿਆਰ ਹੋ ਰਹੇ ਇਸ ਪ੍ਰੋਜੈਕਟ ਨੂੰ ਵਾਤਾਵਰਣ ਪੱਖੋਂ ਵੀ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਨਿੱਜੀ ਵਾਹਨਾਂ ਦੀ ਵਰਤੋਂ ਘਟਣ ਨਾਲ ਕਾਰਬਨ ਨਿਕਾਸੀ ਵਿੱਚ ਭਾਰੀ ਕਮੀ ਆਵੇਗੀ ਅਤੇ ਰੋਜ਼ਾਨਾ ਸਫਰ ਕਰਨ ਵਾਲੇ ਹਜ਼ਾਰਾਂ ਲੋਕਾਂ ਦਾ ਕੀਮਤੀ ਸਮਾਂ ਵੀ ਬਚੇਗਾ। This report was written by □□ as part of the Local Journalism Initiative.

## ਸਫ਼ਾ 1 ਦਾ ਬਾਕੀ

### ਗੁਰਮੋਹ ਦੇ ਪਰਿਵਾਰ ਵਲੋਂ ਵੈਨਕੂਵਰ

ਬੀਸੀ ਲਜਿਸਲੇਚਰ ਤੱਕ 120 ਕਿਲੋਮੀਟਰ ਦੀ ਪੈਦਲ ਯਾਤਰਾ ਸ਼ੁਰੂ ਕੀਤੀ ਗਈ ਹੈ। ਇਹ ਪੈਦਲ ਯਾਤਰਾ 5 ਦਿਨਾਂ ਵਿੱਚ ਪੂਰੀ ਹੋਣੀ ਮਿੱਥੀ ਗਈ ਹੈ ਜਿਸ ਦਾ ਮਕਸਦ ਸਿਰਫ ਆਪਣੇ ਬੱਚੇ ਲਈ ਫੰਡ ਇਕੱਠਾ ਕਰਨਾ ਹੀ ਨਹੀਂ ਸਗੋਂ ਹੋਰਨਾਂ ਅਜਿਹੇ ਪਰਿਵਾਰਾਂ ਲਈ ਵੀ ਆਵਾਜ਼ ਉਠਾਉਣਾ ਹੈ।

ਗੁਰਮੋਹ ਦੇ ਪਿਤਾ ਡਾਕਟਰ ਸਟਾਲਿਨ ਗਿੱਲ ਅਤੇ ਮਾਤਾ ਡਾਕਟਰ ਨਵਪ੍ਰੀਤ ਗਿੱਲ ਵੱਲੋਂ ਆਪਣੇ ਪੁੱਤਰ ਦੀ ਖਾਤਰ ਵੈਨਕੂਵਰ ਸਥਿਤ ਕੈਨੇਡਾ ਪਲੇਸ ਤੋਂ ਇਸ ਮੁਸ਼ਕਿਲ ਯਾਤਰਾ ਦੀ ਸ਼ੁਰੂਆਤ ਕੀਤੀ ਗਈ ਹੈ। ਤੈਅ ਕੀਤੇ ਗਏ ਪ੍ਰੋਗਰਾਮ ਅਨੁਸਾਰ 21 ਮਈ ਨੂੰ ਸਟਾਲਿਨ ਅਤੇ ਨਵਪ੍ਰੀਤ ਕੈਨੇਡਾ ਪਲੇਸ ਵੈਨਕੂਵਰ ਤੋਂ ਤੁਰ ਕੇ ਗੁਰਦੁਆਰਾ ਸੁਖ ਸਾਗਰ ਨਿਊ ਵੈਸਟਮਿੰਸਟਰ ਤੱਕ ਆਪਣੀ ਯਾਤਰਾ ਕਰ ਰਹੇ ਹਨ। ਇਸ ਤੋਂ ਬਾਅਦ ਯਾਤਰਾ ਦੇ ਦੂਜੇ ਦਿਨ ਇਹ ਪਰਿਵਾਰ ਸਵਾਸਨ ਮਿੱਲਜ਼ ਵਿਖੇ ਰੁਕੇਗਾ ਅਤੇ ਆਰਾਮ ਕਰਨ ਤੋਂ ਬਾਅਦ ਅਗਲੇ ਪੜਾਅ ਵੱਲ ਵਧੇਗਾ। ਆਪਣੀ ਯਾਤਰਾ ਦੇ ਤੀਜੇ ਦਿਨ ਇਹ ਪਰਿਵਾਰ ਸਿਡਨੀ ਮਿਊਜ਼ੀਅਮ ਵਿਖੇ ਪਹੁੰਚੇਗਾ ਅਤੇ ਲੋਕਾਂ ਨੂੰ ਆਪਣੀ ਮੁਹਿੰਮ ਬਾਰੇ ਜਾਣਕਾਰੀ ਦੇਵੇਗਾ। ਚੌਥੇ ਦਿਨ ਦੀ ਯਾਤਰਾ ਦੀ ਸਮਾਪਤੀ ਵਿਕਟੋਰੀਆ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਹੋਵੇਗੀ ਜਿੱਥੇ ਸੰਗਤਾਂ ਨੂੰ ਇਸ ਗੰਭੀਰ ਮਸਲੇ ਬਾਰੇ ਦੱਸਿਆ ਜਾਵੇਗਾ।

ਇਸ ਪੈਦਲ ਯਾਤਰਾ ਦੇ ਅਖੀਰਲੇ ਅਤੇ 5 ਵੇਂ ਦਿਨ ਇਹ ਪਰਿਵਾਰ ਆਪਣੀ ਮੰਜ਼ਿਲ ਬੀਸੀ ਲਜਿਸਲੇਚਰ ਵਿਖੇ ਪਹੁੰਚੇਗਾ। ਲਜਿਸਲੇਚਰ ਪਹੁੰਚਣ ਤੋਂ ਬਾਅਦ ਇਹ ਮੁਹਿੰਮ ਇੱਥੇ ਹੀ ਖਤਮ ਨਹੀਂ ਹੋਵੇਗੀ ਸਗੋਂ ਪਰਿਵਾਰ ਵੱਲੋਂ ਅਗਲੇ 2 ਦਿਨਾਂ ਲਈ ਲਜਿਸਲੇਚਰ ਦੇ ਬਿਲਕੁਲ ਅੱਗੇ ਇੱਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਇਸ ਮੁਹਿੰਮ ਦੌਰਾਨ ਗੁਰਮੋਹ ਦੇ ਇਲਾਜ ਲਈ ਫੰਡ ਇਕੱਤਰ ਕਰਨ ਦਾ ਕਾਰਜ ਵੀ ਕੀਤਾ ਜਾਵੇਗਾ। ਇਸ ਦੇ ਨਾਲ ਹੀ ਬੀਸੀ ਸੂਬੇ ਵਿੱਚ ਦੁਰਲੱਭ ਬਿਮਾਰੀਆਂ ਨਾਲ ਜੂਝ ਰਹੇ ਤਮਾਮ ਪਰਿਵਾਰਾਂ ਲਈ ਸਰਕਾਰ ਪਾਸੋਂ ਵਧੇਰੇ ਡਾਕਟਰੀ ਸਹਾਇਤਾ ਅਤੇ ਮਜ਼ਬੂਤ ਬੁਨਿਆਦੀ ਢਾਂਚੇ ਦੀ ਪੁਰਜ਼ੋਰ ਮੰਗ ਕੀਤੀ ਜਾਵੇਗੀ ਤਾਂ ਜੋ ਕਿਸੇ ਵੀ ਮਾਪੇ ਨੂੰ ਆਪਣੇ ਬੱਚੇ ਦੇ ਇਲਾਜ ਲਈ ਇੰਝ ਦਰ ਦਰ ਦੀਆਂ ਠੋਕਰਾਂ ਨਾ ਖਾਣੀਆਂ ਪੈਣ।

ਗੁਰਮੋਹ ਦੀ ਮੌਜੂਦਾ ਸਿਹਤ ਸਥਿਤੀ ਬਾਰੇ ਗੱਲ ਕਰਦਿਆਂ ਪਰਿਵਾਰ ਨੇ ਦੱਸਿਆ ਕਿ ਉਹ ਸਪੈਸਟਿਕ ਪੈਰਾਪਲੇਜੀਆ ਟਾਈਪ 4 ਨਾਮ ਦੀ ਇੱਕ ਬਹੁਤ ਹੀ ਦੁਰਲੱਭ ਬੀਮਾਰੀ ਤੋਂ ਪੀੜਤ ਹੈ। ਇਸ ਭਿਆਨਕ ਬੀਮਾਰੀ ਦੇ ਕਾਰਨ ਉਹ ਠੀਕ ਤਰੀਕੇ ਨਾਲ ਤੁਰਨ ਫਿਰਨ ਤੋਂ ਅਸਮਰੱਥ ਹੋ ਚੁੱਕਾ ਹੈ। ਪਿਤਾ ਸਟਾਲਿਨ ਗਿੱਲ ਅਨੁਸਾਰ ਸਪੈਸਟਿਕ ਪੈਰਾਪਲੇਜੀਆ ਟਾਈਪ 4 ਬੀਮਾਰੀ ਕਾਰਨ ਗੁਰਮੋਹ ਦਾ ਡੀਐਨਏ ਸਰੀਰ ਲਈ ਜ਼ਰੂਰੀ ਵਧੀਆ ਪ੍ਰੋਟੀਨ ਬਣਾਉਣ ਦੀ ਥਾਂ ਇੱਕ ਕਿਸਮ ਦਾ ਜ਼ਹਿਰੀਲਾ ਪ੍ਰੋਟੀਨ ਪੈਦਾ ਕਰ ਰਿਹਾ ਹੈ। ਇਸ ਜ਼ਹਿਰੀਲੇ ਪ੍ਰੋਟੀਨ ਦੇ ਬਣਨ ਨਾਲ ਉਸਦੀਆਂ ਲੱਤਾਂ ਦੀਆਂ ਨਾੜੀਆਂ ਲਗਾਤਾਰ ਕਮਜ਼ੋਰ ਹੋ ਰਹੀਆਂ ਹਨ ਅਤੇ ਉਸਦਾ ਸਰੀਰਕ ਵਿਕਾਸ ਰੁਕ ਰਿਹਾ ਹੈ। ਮੈਕਗਿੱਲ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਬਣੀ ਹੋਈ ਇੱਕ ਵਿਸ਼ੇਸ਼ ਰਜਿਸਟਰੀ ਦੇ ਅੰਕੜਿਆਂ ਮੁਤਾਬਕ 60 ਤੋਂ ਜ਼ਿਆਦਾ ਮਰੀਜ਼ ਐਸਪੀਜੀ 4 ਤੋਂ ਪੀੜਤ ਹਨ ਜਿਨ੍ਹਾਂ ਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ।

ਇਸ ਬੀਮਾਰੀ ਦਾ ਇਲਾਜ ਬਹੁਤ ਗੁੰਝਲਦਾਰ ਅਤੇ ਮਹਿੰਗਾ ਹੈ ਜਿਸ ਬਾਰੇ ਮੈਕਗਿੱਲ ਯੂਨੀਵਰਸਿਟੀ ਵੱਲੋਂ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ ਹੈ। ਯੂਨੀਵਰਸਿਟੀ ਵੱਲੋਂ ਇਸ ਬੀਮਾਰੀ ਦੇ ਇਲਾਜ ਦੀ ਪ੍ਰਕਿਰਿਆ ਨੂੰ 4 ਵੱਖ ਵੱਖ ਪੜਾਵਾਂ ਵਿੱਚ ਵੰਡਿਆ ਗਿਆ ਹੈ। ਇਹਨਾਂ ਪੜਾਵਾਂ ਵਿੱਚ ਨਵੀਂ ਦਵਾਈ ਦੀ ਖੋਜ ਅਤੇ ਡਿਜ਼ਾਈਨ, ਕਲੀਨਿਕਲ ਟ੍ਰਾਇਲ ਡਿਜ਼ਾਈਨ ਅਤੇ ਦਵਾਈ ਦਾ ਪੂਰਨ ਵਿਕਾਸ ਆਦਿ ਕਾਰਜ ਸ਼ਾਮਿਲ ਕੀਤੇ ਗਏ ਹਨ। ਪਰਿਵਾਰ ਦਾ ਕਹਿਣਾ ਹੈ ਕਿ ਇਸ ਬੀਮਾਰੀ ਲਈ ਮੌਜੂਦਾ ਸਮੇਂ ਕੈਨੇਡਾ ਵਿੱਚ ਫਿਲਹਾਲ ਕੋਈ ਵੀ ਪੱਕੀ ਦਵਾਈ ਉਪਲਬਧ ਨਹੀਂ ਹੈ। ਡਾਕਟਰ ਸਟਾਲਿਨ ਮੁਤਾਬਿਕ ਇਹ ਕੋਈ ਆਮ ਦਵਾਈ ਨਹੀਂ ਹੈ ਬਲਕਿ ਇਹ ਇਲਾਜ ਹਰ ਪੀੜਤ ਮਰੀਜ਼ ਦੇ ਜੈਨੇਟਿਕ ਢਾਂਚੇ ਦੇ ਹਿਸਾਬ ਨਾਲ ਵੱਖਰੇ ਤੌਰ ਤੇ ਬਣਾਇਆ ਜਾਂਦਾ ਹੈ ਜਿਸ ਕਾਰਨ ਇਸ ਉੱਪਰ ਭਾਰੀ ਖਰਚਾ ਆਉਂਦਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮੌਂਟਰੀਅਲ ਅਧਾਰਿਤ ਮੈਕਗਿੱਲ ਯੂਨੀਵਰਸਿਟੀ ਇਸ ਨਵੇਂ ਅਤੇ ਆਧੁਨਿਕ ਇਲਾਜ ਲਈ ਲਗਾਤਾਰ ਕੰਮ ਕਰ ਰਹੀ ਹੈ। ਯੂਨੀਵਰਸਿਟੀ ਵੱਲੋਂ ਇਸ ਪੂਰੀ ਪ੍ਰਕਿਰਿਆ ਉੱਪਰ 8 ਮਿਲੀਅਨ ਡਾਲਰ ਦਾ ਖਰਚਾ ਹੋਣ ਦੀ ਗੱਲ ਆਖੀ ਗਈ ਹੈ ਜੋ ਕਿ ਕਿਸੇ ਵੀ ਆਮ ਪਰਿਵਾਰ ਦੀ ਪਹੁੰਚ ਤੋਂ ਬਾਹਰ ਹੈ। ਇਸ ਮੁਸ਼ਕਿਲ ਘੜੀ ਵਿੱਚ ਮੈਕਗਿੱਲ ਯੂਨੀਵਰਸਿਟੀ ਤੋਂ ਇਲਾਵਾ ਕੈਲੀਫੋਰਨੀਆ ਦੀ ਯੂਨੀਵਰਸਿਟੀ ਆਫ ਬਰਕਲੇ ਨੇ ਵੀ ਮਦਦ ਦਾ ਹੱਥ ਵਧਾਇਆ ਹੈ। ਯੂਨੀਵਰਸਿਟੀ ਆਫ ਬਰਕਲੇ ਵੱਲੋਂ ਇਸ ਇਲਾਜ ਲਈ ਸ਼ੁਰੂਆਤੀ ਕਰੀਬ 10 ਫੀਸਦੀ ਕੰਮ ਬਿਲਕੁਲ ਮੁਫਤ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਯੂਨੀਵਰਸਿਟੀ ਆਫ ਬਰਕਲੇ ਸ਼ੁਰੂਆਤੀ ਖੋਜ ਦਾ ਕੰਮ ਮੁਕੰਮਲ ਕਰਕੇ ਮੈਕਗਿੱਲ ਯੂਨੀਵਰਸਿਟੀ ਨੂੰ ਸੌਂਪ ਦੇਵੇਗੀ ਅਤੇ ਯੂਨੀਵਰਸਿਟੀ ਅਗਲੀ ਖੋਜ ਕਰੇਗੀ। ਸਟਾਲਿਨ ਗਿੱਲ ਦਾ ਕਹਿਣਾ ਹੈ ਕਿ ਇਸ ਖੋਜ ਦੇ ਸਫਲ ਹੋਣ ਅਤੇ ਇਲਾਜ ਬਣਨ ਨਾਲ ਸਿਰਫ ਗੁਰਮੋਹ ਹੀ ਠੀਕ ਨਹੀਂ ਹੋਵੇਗਾ ਸਗੋਂ ਭਵਿੱਖ ਵਿੱਚ ਜੇਕਰ ਕਿਸੇ ਹੋਰ ਬੱਚੇ ਨੂੰ ਅਜਿਹੀ ਕੋਈ ਭਿਆਨਕ ਬੀਮਾਰੀ ਹੋਵੇਗੀ ਤਾਂ ਉਨ੍ਹਾਂ ਲਈ ਵੀ ਇਲਾਜ ਦਾ ਰਾਹ ਹਮੇਸ਼ਾ ਲਈ ਪੱਧਰਾ ਹੋ ਜਾਵੇਗਾ।

ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਇੰਨੀ ਗੰਭੀਰ ਸਥਿਤੀ ਦੇ ਬਾਵਜੂਦ ਸਰਕਾਰੀ ਤੰਤਰ ਪੂਰੀ ਤਰ੍ਹਾਂ ਚੁੱਪ ਹੈ। ਗੁਰਮੋਹ ਦੇ ਪਰਿਵਾਰ ਦਾ ਸਪੱਸ਼ਟ ਕਹਿਣਾ ਹੈ ਕਿ ਉਨ੍ਹਾਂ ਨੂੰ ਪ੍ਰੋਵਿੰਸ਼ੀਅਲ ਅਤੇ ਫੈਡਰਲ ਪੱਧਰ ਉੱਤੇ ਸਰਕਾਰ ਵੱਲੋਂ ਹੁਣ ਤੱਕ ਕੋਈ ਵੀ ਵਿੱਤੀ ਇਮਦਾਦ ਨਹੀਂ ਮਿਲੀ ਹੈ। ਸਰਕਾਰੀ ਨਾਕਾਮੀ ਦੇ ਚਲਦਿਆਂ ਪਰਿਵਾਰ ਵੱਲੋਂ ਖੁਦ ਹੀ ਫੰਡ ਇਕੱਠਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਪਰਿਵਾਰ ਵੱਲੋਂ ਵਿਸਾਖੀ ਦੇ ਨਗਰ ਕੀਰਤਨ ਉੱਪਰ ਫੰਡਰੇਜ਼ਿੰਗ ਵੀ ਕੀਤੀ ਗਈ ਸੀ ਜਿੱਥੇ ਸੰਗਤਾਂ ਨੇ ਆਪਣਾ ਯੋਗਦਾਨ ਪਾਇਆ। ਇਸ ਮਹੀਨੇ ਦੀ ਸ਼ੁਰੂਆਤ ਵਿੱਚ ਕਮਿਊਨਿਟੀ ਨੂੰ ਲਾਮਬੰਦ ਕਰਨ ਲਈ ਸਰੀ ਦੇ ਵੱਖ ਵੱਖ ਪੰਜਾਬੀ ਮੀਡੀਆ ਅਦਾਰਿਆਂ ਵੱਲੋਂ ਵੀ ਵਿਸ਼ੇਸ਼ ਉਪਰਾਲੇ ਕੀਤੇ ਗਏ। ਇਨ੍ਹਾਂ ਵਿੱਚ ਰੈੱਡ ਐਫ ਐਮ, ਕਨੈਕਟ, ਸਵਿਫਟ ਰੇਡੀਓਜ਼ ਤੋਂ ਇਲਾਵਾ ਸਾਂਝਾ ਟੀਵੀ ਵਰਗੇ ਅਦਾਰੇ ਸ਼ਾਮਿਲ ਹਨ ਜਿਨ੍ਹਾਂ ਵੱਲੋਂ ਲੰਘੇ ਕੱਲ ਇੱਕ ਵਿਸ਼ੇਸ਼ ਰੇਡੀਓਥੋਨ ਦਾ ਆਯੋਜਨ ਕੀਤਾ ਗਿਆ ਤਾਂ ਜੋ ਇਸ ਮਹਿੰਗੇ ਇਲਾਜ ਲਈ ਲੋੜੀਂਦੀ ਰਕਮ ਇਕੱਠੀ ਕੀਤੀ ਜਾ ਸਕੇ। ਪਰਿਵਾਰ ਨੂੰ ਆਸ ਹੈ ਕਿ ਭਾਈਚਾਰੇ ਦੇ ਸਹਿਯੋਗ ਅਤੇ ਇਸ ਪੈਦਲ ਯਾਤਰਾ ਰਾਹੀਂ ਉਹ ਆਪਣੇ ਮਕਸਦ ਵਿੱਚ ਜ਼ਰੂਰ ਕਾਮਯਾਬ ਹੋਣਗੇ।

fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ



Rajan & Indian mangoes available at all Fruiticana locations

WHOLESALE PRICES AT RETAIL STORE

UNBEATABLE SUPER SUPER SPECIAL
Red Onions 25 lb
ਲਾਲ ਗੰਢੇ
$16.98 bag

SUPER SPECIAL
Cilantro
ਧਣੀਆ
2 bunches for / $1.25

SUPER SPECIAL
Indian Style Carrots
ਇੰਡੀਅਨ ਗਾਜਰਾਂ
88¢ lb

Indican Punjabi Biscuits 2.2 lb
ਇੰਡੀਕੇਨ ਪੰਜਾਬੀ ਕੁਕੀਜ਼
$5.98 pkg.

UNBEATABLE BOX SALE SPECIAL

Indian Style Red Carrots 22 lb
ਇੰਡੀਅਨ ਗਾਜਰਾਂ
$18.99 box

Fresh Ginger 30 lb
ਤਾਜ਼ਾ ਅਦੱਰਕ
$27.99 box

Indican Basmati Rice 8 lb
ਇੰਡੀਕੇਨ ਬਾਸਮਤੀ ਚੌਲ
$7.99 bag

Fine Cane Sugar (Indican) 8 lb
ਗੰਨੇ ਦੀ ਖੰਡ 8lb ਇੰਡੀਕੇਨ
$5.99 bag

SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ
$2.98 ea.

SUPER SPECIAL
Fresh ginger & Fresh Garlic
ਤਾਜ਼ਾ ਲਸਣ ਤਾਜ਼ਾ ਅਦੱਰਕ
98¢ lb

SUPER SPECIAL
Fresh Reg. Okra
ਭਿੰਡੀ
$2.99 lb

Roasted Peanuts in Shell 800 g reg.
ਭੁੱਜੀ ਮੂੰਗਫਲੀ
$3.88 pkg.

Raw Almonds #1 Large Size
ਵੱਡੇ ਬਦਾਮ
$5.98 lb

SUPER SPECIAL
Spinach
ਪਾਲਕ
$1.49 bunch

BC Hot House Tomatoes
ਬੀਸੀ ਹੌਟ ਹਾਊਸ ਟਮਾਟਰ
$1.49 lb

Red Lentil Whole, Split & Chickpeas 4 lb Indican
$3.98 bag

Brittania Cake Rusk 550 g
ਬ੍ਰਿਟਾਨੀਆ ਕੇਕ ਰਸਕ 550
$3.99 pkg.

English Cucumbers
ਇੰਗਲਿਸ਼ ਖੀਰੇ
2 for / $1.50

Russet Potatoes Snoboy 10 lb
ਆਲੂ ਰਸਟ ਸਨੋਬੁਆਏ
$3.88 bag

Tomatoes Round USA
ਗੋਲ ਟਮਾਟਰ ਯੂ.ਐਸ.
$1.78 lb

Roasted Peanuts in Shell Reg.
ਭੁੱਜੀ ਮੂੰਗਫਲੀ
$1.99 lb

Oranges Seedless
ਸੰਗਤਰੇ (ਬਿਨਾ ਬੀਜ ਤੋਂ)
99¢ lb

Moroccan Clementines
ਮੋਰੱਕੋ ਮੰਡਰੀਨ
$1.49 lb

Fresh Cherries
ਚੈਰੀਆਂ
$3.99 lb

Zucchini Squash
ਜ਼ੁਕੀਨੀ ਸਕੁਐਸ਼
99¢ lb

Tiger Cookies 600 g
ਟਾਈਗਰ ਕੁਕੀਜ਼
$1.99 pkg.

Ahmed Mix or Mango Pickle (Achar) 1 kg
ਅਹਿਮਦ ਮਿਕਸ ਜਾਂ ਆਮ ਦਾ ਅਚਾਰ
$3.98 ea.

Daikon (Moli)
ਮੂਲੀ
99¢ lb

Plain Gur 2 lb
ਸਾਦਾ ਗੁੜ
$2.98 shell

Pakistani Roohafza 850 ml
ਪਾਕਿਸਤਾਨ ਤੋਂ ਹਮਦਰਦ ਰੂਹ ਅਫ਼ਜ਼ਾ
$3.99 bottle

Indian Tea 216's
ਇੰਡੀਕੇਨ ਚਾਹ
$5.99 pkg.

Milk Bikis 100 g
ਮਿਲਕ ਬਿਕਿਸ
2 for / $1.50

Product images may differ from the actual produc..

Fri May 22, 2026 - Wed May 27, 2026
We reserve the right to limit the quantities while they last
Specials valid for Lower Mainland only

25 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 9 PM 7 DAYS A WEEK

Disclaimer: We reserve the right to add restrictions on products with a minimum purchase

FRUITICANA KING GEORGE LOCATION NOW OPEN #101-10241 KING GEORGE BLVD, SURREY. 604-503-1149

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 10241 King George Blvd | 604-503-1149 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |